ਸੱਚ ਦੀ ਆਵਾਜ਼ ਹੱਕ ਦੀ ਆਵਾਜ਼

# ਜ਼ਿਕਰ ਪੰਜਾਬ

ਕੁਲ ਪੰਨੇ : 8 ਮੁੱਲ : 3/- ਰੁਪਏ
ਲੁਧਿਆਣਾ : ਸੋਮਵਾਰ, 20 ਜੁਲਾਈ ਤੋਂ ਐਤਵਾਰ, 26 ਜੁਲਾਈ, 2026

WEEKLY ZIKAR PUNJAB
ਮੁੱਖ ਸੰਪਾਦਕ : ਅਸ਼ਵਨੀ ਜੇਤਲੀ/ਸਹਿ-ਸੰਪਾਦਕ : ਬਲਵਿੰਦਰ ਕੁਮਾਰ

ਹਫਤਾਵਾਰੀ ਅਖ਼ਬਾਰ
Ludhiana : Monday, 20 July to Sunday, 26 July 2026

E-mail : zikarpunjab44@gmail.com | RNI-PUNPUN/2017/75418 | ਮੋਬਾਈਲ ਨੰ. : 9815024577 | ਸਾਲ : 10 ਅੰਕ : 29 | Website : www.zikarpunjab.com



## ਸਾਡੀ ਸਰਕਾਰ ਵਿਸ਼ਵ ਪੱਧਰੀ ਖੇਡ ਬੁਨਿਆਦੀ ਢਾਂਚਾ ਤਿਆਰ ਕਰਨ ਅਤੇ ਨੌਜਵਾਨ ਪ੍ਰਤਿਭਾ ਨੂੰ ਨਿਖਾਰਨ ਲਈ ਵਚਨਬੱਧ : ਮਾਨ

**ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਜਲੰਧਰ ਵਿੱਚ ਹੋਣ ਵਾਲੀ ਨੈਸ਼ਨਲ ਬੈਡਮਿੰਟਨ ਚੈਂਪੀਅਨਸ਼ਿਪ ਦੀਆਂ ਤਿਆਰੀਆਂ ਦਾ ਜਾਇਜ਼ਾ ਲਿਆ**

ਜ਼ਿਕਰ ਪੰਜਾਬ

**ਜਲੰਧਰ/ਬਲਵਿੰਦਰ ਕੁਮਾਰ**

ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਇਸ ਸਾਲ ਦਸੰਬਰ ਮਹੀਨੇ ਜਲੰਧਰ ਦੇ ਇਤਿਹਾਸਕ ਰਾਏਜ਼ਾਦਾ ਹੰਸਰਾਜ ਸਟੇਡੀਅਮ ਵਿਖੇ ਹੋਣ ਵਾਲੀ ਸਬ-ਜੂਨੀਅਰ ਨੈਸ਼ਨਲ ਬੈਡਮਿੰਟਨ ਚੈਂਪੀਅਨਸ਼ਿਪ ਦੀਆਂ ਤਿਆਰੀਆਂ ਦਾ ਜਾਇਜ਼ਾ ਲਿਆ। ਆਪਣੇ ਦੌਰੇ ਦੌਰਾਨ ਮੁੱਖ ਮੰਤਰੀ ਨੇ ਇੱਕ ਅਤਿ-ਆਧੁਨਿਕ ਇੰਡੋਰ ਬੈਡਮਿੰਟਨ ਹਾਲ ਦੇ ਨਿਰਮਾਣ ਲਈ 2.14 ਕਰੋੜ ਰੁਪਏ ਦੀ ਵਿਸ਼ੇਸ਼ ਗ੍ਰਾਂਟ ਦੇਣ ਦਾ ਐਲਾਨ ਕੀਤਾ, ਜਿਸ ਨਾਲ ਸੂਬੇ ਭਰ ਵਿੱਚ ਖੇਡ ਬੁਨਿਆਦੀ ਢਾਂਚੇ ਨੂੰ ਮਜ਼ਬੂਤ ਕਰਨ ਅਤੇ ਖੇਡਾਂ ਵਿੱਚ ਸਫ਼ਲਤਾ ਨੂੰ ਉਤਸ਼ਾਹਿਤ ਕਰਨ ਲਈ ਪੰਜਾਬ ਸਰਕਾਰ ਦੀ ਵਚਨਬੱਧਤਾ ਨੂੰ ਮੁੜ ਦੁਹਰਾਇਆ ਗਿਆ। ਇਸ ਦੌਰਾਨ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ ਕਿ ਕਰੀਬ 44 ਸਾਲਾਂ ਬਾਅਦ ਨੈਸ਼ਨਲ ਬੈਡਮਿੰਟਨ ਚੈਂਪੀਅਨਸ਼ਿਪ ਇਤਿਹਾਸਕ ਰਾਏਜ਼ਾਦਾ ਹੰਸਰਾਜ ਸਟੇਡੀਅਮ ਵਿੱਚ ਵਾਪਸ ਆ ਰਹੀ ਹੈ। ਉਨ੍ਹਾਂ ਕਿਹਾ, ਅੰਡਰ-13 ਕੈਟਾਗਰੀ ਦੀ ਇਹ ਚੈਂਪੀਅਨਸ਼ਿਪ ਪੰਜਾਬ ਵਿੱਚ ਬੈਡਮਿੰਟਨ ਨੂੰ ਵੱਡਾ ਹੁਲਾਰਾ ਦੇਵੇਗੀ ਅਤੇ ਸੂਬੇ ਵਿੱਚ ਖੇਡ ਸੱਭਿਆਚਾਰ ਨੂੰ ਹੋਰ ਮਜ਼ਬੂਤ ਕਰੇਗੀ। ਪੰਜਾਬ ਸਰਕਾਰ ਨੌਜਵਾਨਾਂ ਦੀ ਅਥਾਹ ਊਰਜਾ ਨੂੰ ਸਕਾਰਾਤਮਕ ਦਿਸ਼ਾ ਵਿੱਚ ਲਗਾਉਣ ਲਈ ਖੇਡਾਂ ਨੂੰ ਉਤਸ਼ਾਹਿਤ ਕਰਨ ਲਈ ਵਚਨਬੱਧ ਹੈ। ਮੁੱਖ ਮੰਤਰੀ ਨੇ ਨਵੇਂ ਇੰਡੋਰ ਬੈਡਮਿੰਟਨ ਹਾਲ ਦੇ ਨਿਰਮਾਣ ਲਈ ਡਿਪਟੀ ਕਮਿਸ਼ਨਰ ਜਲੰਧਰ ਵਰਜੀਤ ਸਿੰਘ ਵਾਲੀਆ ਅਤੇ ਪੰਜਾਬ ਬੈਡਮਿੰਟਨ ਐਸੋਸੀਏਸ਼ਨ ਦੇ ਸਕੱਤਰ ਰਿਤਿਨ ਖੰਨਾ ਨੂੰ 2.14 ਕਰੋੜ ਰੁਪਏ ਦਾ ਚੈੱਕ ਸੌਂਪਿਆ। ਉਨ੍ਹਾਂ ਜ਼ਿਕਰ ਕੀਤਾ, ਲਗਪਗ ਛੇ ਦਹਾਕਿਆਂ ਵਿੱਚ ਇਹ ਪਹਿਲੀ ਵਾਰ ਹੈ ਕਿ ਕਿਸੇ ਮੌਜੂਦਾ ਮੁੱਖ ਮੰਤਰੀ ਨੇ ਇਸ ਇਤਿਹਾਸਕ ਸਟੇਡੀਅਮ ਦਾ ਦੌਰਾ ਕੀਤਾ ਹੈ, ਜਿਸ ਨੇ ਕਈ ਸ਼ਾਨਦਾਰ ਬੈਡਮਿੰਟਨ ਖਿਡਾਰੀ ਪੈਦਾ ਕੀਤੇ ਹਨ। ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਦੱਸਿਆ ਲੋਕ ਨਿਰਮਾਣ ਵਿਭਾਗ (ਪੀ.ਡਬਲਯੂ.ਡੀ.) ਇਸ ਪ੍ਰਾਜੈਕਟ ਨੂੰ ਨੇਪਰੇ ਚਾੜ੍ਹੇਗਾ ਅਤੇ ਟੈਂਡਰ ਪ੍ਰਕਿਰਿਆ ਜਲਦੀ ਹੀ ਸ਼ੁਰੂ ਹੋ ਜਾਵੇਗੀ। ਨਿਰਮਾਣ ਕਾਰਜ ਅਗਸਤ ਵਿੱਚ ਸ਼ੁਰੂ ਹੋਣ ਦੀ ਉਮੀਦ ਹੈ। ਮੌਜੂਦਾ ਚਾਰ ਆਊਟਡੋਰ ਮਲਟੀਪਰਪਜ਼ ਕੋਰਟਾਂ ਨੂੰ ਅੰਤਰਰਾਸ਼ਟਰੀ ਪੱਧਰ ਦੇ ਬੁਨਿਆਦੀ ਢਾਂਚੇ ਨਾਲ ਲੈਸ ਵਿਸ਼ਵ ਪੱਧਰੀ ਇੰਡੋਰ ਬੈਡਮਿੰਟਨ ਸਹੂਲਤ ਵਿੱਚ ਤਬਦੀਲ ਕੀਤਾ ਜਾਵੇਗਾ। ਮੁੱਖ ਮੰਤਰੀ ਨੇ ਕਿਹਾ ਕਿ ਮੁਕੰਮਲ ਹੋਣ ਤੋਂ ਬਾਅਦ ਰਾਏਜ਼ਾਦਾ ਹੰਸਰਾਜ ਸਟੇਡੀਅਮ ਵਿੱਚ ਕੁੱਲ 10 ਇੰਡੋਰ ਬੈਡਮਿੰਟਨ ਕੋਰਟ ਹੋਣਗੇ, ਜਿਸ ਨਾਲ ਇਹ ਪੰਜਾਬ ਦਾ ਇੱਕੋ-ਇੱਕ ਅਜਿਹਾ ਖੇਡ ਮੈਦਾਨ ਬਣ ਜਾਵੇਗਾ, ਜਿੱਥੇ ਇੰਨਾ ਵੱਡਾ ਇੰਡੋਰ ਬੈਡਮਿੰਟਨ ਕੰਪਲੈਕਸ ਹੋਵੇਗਾ ਅਤੇ ਇਹ ਉੱਤਰ ਭਾਰਤ ਦੇ ਪ੍ਰਮੁੱਖ ਬੈਡਮਿੰਟਨ ਕੇਂਦਰਾਂ ਵਿੱਚੋਂ ਇੱਕ ਬਣ • ਬਾਕੀ ਸਫ਼ਾ 2 'ਤੇ

- ਕਰੀਬ ਚਾਰ ਦਹਾਕਿਆਂ ਬਾਅਦ ਨੈਸ਼ਨਲ ਬੈਡਮਿੰਟਨ ਚੈਂਪੀਅਨਸ਼ਿਪ ਦਾ ਜਲੰਧਰ ਵਾਪਸ ਆਉਣਾ ਪੰਜਾਬ ਦੀ ਖੇਡ ਸੁਰਜੀਤੀ ਨੂੰ ਦਰਸਾਉਂਦਾ ਹੈ: ਮੁੱਖ ਮੰਤਰੀ
- ਰਾਏਜ਼ਾਦਾ ਹੰਸਰਾਜ ਸਟੇਡੀਅਮ 10 ਇੰਡੋਰ ਬੈਡਮਿੰਟਨ ਕੋਰਟਾਂ ਵਾਲਾ ਪੰਜਾਬ ਦਾ ਪਹਿਲਾ ਖੇਡ ਮੈਦਾਨ ਬਣੇਗਾ

## ਅਮਰਨਾਥ ਯਾਤਰਾ ਅਸਥਾਈ ਤੌਰ 'ਤੇ ਮੁਅੱਤਲ

ਜ਼ਿਕਰ ਪੰਜਾਬ

**ਚੰਡੀਗੜ੍ਹ** : ਖਰਾਬ ਮੌਸਮ ਦੀ ਭਵਿੱਖਬਾਣੀ ਦੇ ਕਾਰਨ, ਸ੍ਰੀ ਅਮਰਨਾਥ ਜੀ ਯਾਤਰਾ ਨੂੰ ਪਹਿਲਗਾਮ ਅਤੇ ਬਾਲਟਾਲ ਦੋਵਾਂ ਰੂਟਾਂ ਤੋਂ 19 ਜੁਲਾਈ, 2026 ਤੋਂ ਅਸਥਾਈ ਤੌਰ 'ਤੇ ਮੁਅੱਤਲ ਕਰ ਦਿੱਤਾ ਗਿਆ ਹੈ। ਇਸ ਸੰਬੰਧੀ ਕਸ਼ਮੀਰ ਦੇ ਡਿਵੀਜ਼ਨਲ ਕਮਿਸ਼ਨਰ ਅੰਸ਼ੁਲ ਗਰਗ ਨੇ ਕਿਹਾ ਕਿ ਅਗਲੇ ਕੁਝ ਦਿਨਾਂ ਵਿਚ ਖਰਾਬ ਮੌਸਮ ਦੀ ਭਵਿੱਖਬਾਣੀ ਦੇ ਮੱਦੇਨਜ਼ਰ ਅਤੇ ਸ਼ਰਧਾਲੂਆਂ ਦੀ ਸੁਰੱਖਿਆ ਅਤੇ ਤੰਦਰੁਸਤੀ ਲਈ, ਪਹਿਲਗਾਮ ਅਤੇ ਬਾਲਟਾਲ ਦੋਵਾਂ ਰੂਟਾਂ ਤੋਂ ਸ੍ਰੀ ਅਮਰਨਾਥ ਜੀ ਯਾਤਰਾ 19 ਜੁਲਾਈ ਤੋਂ ਅਸਥਾਈ ਤੌਰ 'ਤੇ ਮੁਅੱਤਲ ਕਰ ਦਿੱਤੀ ਜਾਵੇਗੀ। ਇਹ ਅਸਥਾਈ ਮੁਅੱਤਲੀ ਇਸ ਲਈ ਲਗਾਈ ਗਈ ਹੈ ਕਿਉਂਕਿ ਮੌਸਮ ਵਿਭਾਗ ਨੇ ਜੰਮੂ ਅਤੇ ਕਸ਼ਮੀਰ ਦੇ ਕੁਝ ਹਿੱਸਿਆਂ ਵਿਚ ਭਾਰੀ ਬਾਰਸ਼ ਦੀ ਭਵਿੱਖਬਾਣੀ ਕੀਤੀ ਹੈ, ਜਿਸ ਨਾਲ ਅਚਾਨਕ ਹੜ੍ਹ, ਜ਼ਮੀਨ ਖਿਸਕਣ ਅਤੇ ਹੋਰ ਮੌਸਮ ਨਾਲ ਸੰਬੰਧਿਤ ਆਫ਼ਤਾਂ ਦਾ ਖ਼ਤਰਾ ਵਧ ਸਕਦਾ ਹੈ।

## ਖ਼ਰਾਬ ਨਤੀਜੇ ਵਾਲੇ 68 ਸਕੂਲ ਪ੍ਰਿੰਸੀਪਲਾਂ ਖ਼ਿਲਾਫ਼ ਕਾਰਵਾਈ ਸ਼ੁਰੂ

ਜ਼ਿਕਰ ਪੰਜਾਬ

**ਚੰਡੀਗੜ੍ਹ** : ਸਿੱਖਿਆ ਵਿਭਾਗ ਨੇ ਪੰਜਾਬ ਦੇ ਸਰਕਾਰੀ ਸਕੂਲਾਂ ਦੇ ਪ੍ਰਿੰਸੀਪਲਾਂ ਵਿਰੁੱਧ ਸਖ਼ਤ ਰੁਖ਼ ਅਪਣਾਇਆ ਹੈ ਜੋ ਲਗਾਤਾਰ ਮਾੜੇ ਪ੍ਰੀਖਿਆ ਨਤੀਜੇ ਦੱਸਦੇ ਹਨ। ਵਿਭਾਗ ਨੇ ਰਾਜ ਭਰ ਦੇ 68 ਸਕੂਲਾਂ ਦੇ ਪ੍ਰਿੰਸੀਪਲਾਂ ਵਿਰੁੱਧ ਕਾਰਵਾਈ ਕਰਨ ਦੀ ਪ੍ਰਕਿਰਿਆ ਸ਼ੁਰੂ ਕਰ ਦਿੱਤੀ ਹੈ। ਇਨ੍ਹਾਂ ਸਕੂਲਾਂ ਨੇ 10ਵੀਂ ਅਤੇ 12ਵੀਂ ਜਮਾਤ ਵਿੱਚ ਲਗਾਤਾਰ ਮਾੜੇ ਨਤੀਜੇ ਦੱਸੇ ਹਨ, ਜਿਸ ਕਾਰਨ ਵਿਭਾਗ ਨੇ ਜਵਾਬਦੇਹੀ ਨਿਰਧਾਰਤ ਕਰਨ ਦਾ ਫੈਸਲਾ ਕੀਤਾ ਹੈ। ਰਿਪੋਰਟਾਂ ਅਨੁਸਾਰ, ਪਹਿਲਾਂ ਉਨ੍ਹਾਂ ਸਕੂਲਾਂ ਦੇ ਪ੍ਰਿੰਸੀਪਲਾਂ ਤੋਂ ਸਪੱਸ਼ਟੀਕਰਨ ਮੰਗੇ ਗਏ ਸਨ ਜਿਨ੍ਹਾਂ ਦਾ ਪ੍ਰਦਰਸ਼ਨ ਲਗਾਤਾਰ ਉਮੀਦਾਂ ਤੋਂ ਘੱਟ ਰਿਹਾ । ਪ੍ਰਾਪਤ ਜਵਾਬਾਂ ਦੀ ਸਮੀਖਿਆ ਕਰਨ ਤੋਂ ਬਾਅਦ ਵਿਭਾਗ ਅਗਲੀ ਕਾਰਵਾਈ ਕਰੇਗਾ । ਅਧਿਕਾਰੀਆਂ ਦਾ • ਬਾਕੀ ਸਫ਼ਾ 2 'ਤੇ

## ਭਾਰਤ ਦੀ ਸਟਾਰ ਬੈਡਮਿੰਟਨ ਖਿਡਾਰਨ ਪੀਵੀ ਸਿੰਧੂ ਨੇ ਜਿੱਤਿਆ ਜਾਪਾਨ ਓਪਨ

- ਦੁਨੀਆ ਦੀ ਤੀਜੇ ਨੰਬਰ ਦੀ ਖਿਡਾਰਨ ਅਕਾਨੇ ਯਾਮਾਗੁਚੀ 21-17, 21-17 ਨਾਲ ਹਰਾਇਆ
- ਜਾਪਾਨ ਓਪਨ ਖਿਤਾਬ ਜਿੱਤਣ ਵਾਲੀ ਪਹਿਲੀ ਭਾਰਤੀ ਖਿਡਾਰਨ ਬਣੀ



ਜਾਪਾਨ ਓਪਨ ਜਿੱਤਣ ਤੋਂ ਬਾਅਦ ਆਪਣੇ ਕੋਚ ਨਾਲ ਭਾਰਤੀ ਬੈਡਮਿੰਟਨ ਖਿਡਾਰਨ ਪੀਵੀ ਸਿੰਧੂ।

ਜ਼ਿਕਰ ਪੰਜਾਬ

**ਟੋਕੀਓ** : ਭਾਰਤ ਦੀ ਸਟਾਰ ਬੈਡਮਿੰਟਨ ਖਿਡਾਰਨ ਪੀਵੀ ਸਿੰਧੂ ਨੇ ਆਖ਼ਰਕਾਰ ਜਾਪਾਨ ਓਪਨ 2026 ਮਹਿਲਾ ਸਿੰਗਲਜ਼ ਖਿਤਾਬ ਜਿੱਤ ਕੇ ਖਿਤਾਬ ਦੀ ਆਪਣੀ ਲੰਬੀ ਉਡੀਕ ਨੂੰ ਖਤਮ ਕਰ ਦਿੱਤਾ। ਟੋਕੀਓ ਵਿੱਚ ਖੇਡੇ ਗਏ ਬੀਡਬਲਿਊਐਫ ਸੁਪਰ-750 ਟੂਰਨਾਮੈਂਟ ਦੇ ਫਾਈਨਲ ਵਿੱਚ, ਸਿੰਧੂ ਨੇ ਮੇਜ਼ਬਾਨ ਜਾਪਾਨ ਦੀ ਦੁਨੀਆ ਦੀ ਤੀਜੇ ਨੰਬਰ ਦੀ ਖਿਡਾਰਨ ਅਕਾਨੇ ਯਾਮਾਗੁਚੀ ਨੂੰ ਸਿੱਧੇ ਗੇਮਾਂ ਵਿੱਚ 21-17, 21-17 ਨਾਲ ਹਰਾ ਕੇ ਇਤਿਹਾਸ ਰਚ ਦਿੱਤਾ। ਸਿੰਧੂ ਨੇ ਸ਼ੁਰੂ ਤੋਂ ਅੰਤ ਤੱਕ ਲਗਭਗ 50 ਮਿੰਟ ਤੱਕ ਚੱਲੇ ਮੈਚ ਵਿੱਚ ਹਮਲਾਵਰ ਖੇਡ ਦਿਖਾਈ, ਜਿਸ ਨਾਲ ਯਾਮਾਗੁਚੀ ਨੂੰ ਵਾਪਸੀ ਦਾ ਮੌਕਾ ਨਹੀਂ ਮਿਲਿਆ। ਇਸ ਜਿੱਤ ਨਾਲ, ਉਹ ਜਾਪਾਨ ਓਪਨ ਖਿਤਾਬ ਜਿੱਤਣ ਵਾਲੀ ਪਹਿਲੀ ਭਾਰਤੀ ਖਿਡਾਰਨ ਬਣ ਗਈ।

ਫਾਈਨਲ ਦਾ ਪਹਿਲਾ ਗੇਮ ਕਾਫ਼ੀ ਰੋਮਾਂਚਕ ਸੀ। ਸਕੋਰ 17-17 'ਤੇ ਬਰਾਬਰ ਸੀ, ਪਰ ਸਿੰਧੂ ਨੇ ਸ਼ਾਨਦਾਰ ਹਮਲਾਵਰ ਖੇਡ ਦਿਖਾਈ, ਲਗਾਤਾਰ ਚਾਰ ਅੰਕ ਜਿੱਤੇ ਅਤੇ ਗੇਮ 21-17 ਨਾਲ ਜਿੱਤ ਲਈ। ਉਸਨੇ ਯਾਮਾਗੁਚੀ ਨੂੰ ਮਹੱਤਵਪੂਰਨ ਪਲਾਂ ਵਿੱਚ ਕੋਈ ਮੌਕਾ ਨਹੀਂ ਦਿੱਤਾ। ਸਿੰਧੂ ਨੇ ਦੂਜੇ ਗੇਮ ਵਿੱਚ ਸ਼ੁਰੂਆਤ ਤੋਂ ਹੀ ਲੀਡ ਲੈ ਲਈ। ਉਸਨੇ 8-3, ਫਿਰ 14-7, ਅਤੇ ਬਾਅਦ ਵਿੱਚ 16-12 ਦੀ ਲੀਡ ਬਣਾਈ ਅਤੇ ਮੈਚ 'ਤੇ ਪੂਰਾ ਕੰਟਰੋਲ ਬਣਾਈ ਰੱਖਿਆ। ਯਾਮਾਗੁਚੀ ਨੂੰ ਆਪਣੀ ਤੇਜ਼ ਰਫ਼ਤਾਰ, ਸਟੀਕ ਸਮੈਸ਼ਾਂ ਅਤੇ ਡਿਫੈਂਸ ਤੋਂ ਹਮਲੇ ਤੱਕ ਸ਼ਾਨਦਾਰ ਤਬਦੀਲੀਆਂ ਦੇ ਵਿਰੁੱਧ ਸੰਘਰਸ਼ ਕਰਨਾ ਪਿਆ। ਅੰਤ ਵਿੱਚ, ਸਿੰਧੂ ਨੇ ਦੂਜਾ ਗੇਮ 21-17 ਨਾਲ ਜਿੱਤਿਆ, ਮੈਚ ਸਿੱਧੇ ਗੇਮਾਂ ਵਿੱਚ ਖਤਮ ਹੋਇਆ।

### ਸੱਤ ਸਾਲਾਂ ਬਾਅਦ ਸੁਪਰ-750-ਪੱਧਰ ਦਾ ਖਿਤਾਬ ਜਿੱਤਿਆ

ਇਹ ਜਿੱਤ ਸਿੰਧੂ ਲਈ ਕਈ ਤਰੀਕਿਆਂ ਨਾਲ ਖਾਸ ਸੀ। ਇਹ ਦਸੰਬਰ 2024 ਵਿੱਚ ਸਈਦ ਮੋਦੀ ਇੰਟਰਨੈਸ਼ਨਲ ਜਿੱਤਣ ਤੋਂ ਬਾਅਦ ਉਸਦਾ ਪਹਿਲਾ ਬੀਡਬਲਿਊਐਫ ਟੂਰ ਖਿਤਾਬ ਸੀ। ਇਸ ਤੋਂ ਇਲਾਵਾ, ਜਦੋਂ ਸੁਪਰ-750 ਜਾਂ ਉੱਚ-ਪੱਧਰ ਦੇ ਟੂਰਨਾਮੈਂਟਾਂ ਦੀ ਗੱਲ ਆਉਂਦੀ ਹੈ, ਤਾਂ ਸਿੰਧੂ ਨੇ ਲਗਭਗ ਸੱਤ ਸਾਲਾਂ ਬਾਅਦ ਕੋਈ ਵੱਡਾ ਖਿਤਾਬ ਜਿੱਤਿਆ ਹੈ। ਉਸਦਾ ਆਖਰੀ ਵੱਡਾ ਖਿਤਾਬ 2019 ਵਿਸ਼ਵ ਚੈਂਪੀਅਨਸ਼ਿਪ ਸੀ, ਜਿੱਥੇ ਉਸਨੇ ਸੋਨ ਤਗਮਾ ਜਿੱਤ ਕੇ ਇਤਿਹਾਸ ਰਚਿਆ ਸੀ।

## ਸੰਸਦ ਦਾ ਮਾਨਸੂਨ ਸੈਸ਼ਨ ਅੱਜ ਤੋਂ, ਵਧਾਈ ਗਈ ਸੁਰੱਖਿਆ

ਜ਼ਿਕਰ ਪੰਜਾਬ

**ਨਵੀਂ ਦਿੱਲੀ** : ਭਾਰਤੀ ਸੰਸਦ ਦਾ ਮਾਨਸੂਨ ਸੈਸ਼ਨ 20 ਜੁਲਾਈ ਤੋਂ 13 ਅਗਸਤ ਤੱਕ ਹੋਣ ਵਾਲਾ ਹੈ । ਇਸ ਸੈਸ਼ਨ ਦੌਰਾਨ, ਸਰਕਾਰ ਕਈ ਮੁੱਖ ਵਿਧਾਨਕ ਉਪਾਅ ਪੇਸ਼ ਕਰਨ ਵਾਲੀ ਹੈ, ਜਿਸ ਵਿੱਚ ਆਮਦਨ ਕਰ ਸੋਧ ਬਿੱਲ ਅਤੇ ਸੁਪਰੀਮ ਕੋਰਟ (ਜੱਜਾਂ ਦੀ ਗਿਣਤੀ) ਸੋਧ ਬਿੱਲ ਸ਼ਾਮਲ ਹਨ। ਸੰਸਦ ਦੇ ਮਾਨਸੂਨ ਸੈਸ਼ਨ ਅਤੇ ਕਾਕਰੋਚ ਜਨਤਾ ਪਾਰਟੀ (ਸੀਜੇਪੀ) ਦੇ ਪ੍ਰਸਤਾਵਿਤ "ਚਲੋ ਸੰਸਦ" ਮਾਰਚ ਤੋਂ ਪਹਿਲਾਂ ਨਵੀਂ ਦਿੱਲੀ ਜ਼ਿਲ੍ਹੇ ਵਿੱਚ ਸੁਰੱਖਿਆ ਹੋਰ ਵੀ ਵਧਾ ਦਿੱਤੀ ਗਈ ਹੈ। ਸੂਤਰਾਂ ਨੇ ਐਤਵਾਰ ਨੂੰ ਦੱਸਿਆ ਕਿ ਦਿੱਲੀ ਪੁਲਿਸ ਨੇ ਵਾਧੂ ਕਰਮਚਾਰੀ ਤਾਇਨਾਤ ਕੀਤੇ ਹਨ, ਬੈਰੀਕੇਡਿੰਗ ਮਜ਼ਬੂਤ ਕੀਤੀ ਹੈ ਅਤੇ ਮੁੱਖ ਪ੍ਰਵੇਸ਼ ਸਥਾਨਾਂ 'ਤੇ ਵਾਹਨਾਂ ਦੀ ਸਖ਼ਤ ਜਾਂਚ ਕੀਤੀ ਜਾ ਰਹੀ ਹੈ। ਪੁਲਿਸ ਸੂਤਰਾਂ ਨੇ ਦੱਸਿਆ ਕਿ ਸੀਜੇਪੀ ਨੇ ਪ੍ਰਸਤਾਵਿਤ ਮਾਰਚ ਲਈ ਇਜਾਜ਼ਤ ਨਹੀਂ ਲਈ ਹੈ। ਉਨ੍ਹਾਂ ਕਿਹਾ, "ਅਸੀਂ ਉੱਚ-ਸੁਰੱਖਿਆ ਜ਼ੋਨ ਵੱਲ ਕਿਸੇ ਵੀ ਅਣਅਧਿਕਾਰਤ ਮਾਰਚ ਦੀ ਇਜਾਜ਼ਤ ਨਾ ਦੇਣ ਲਈ ਦ੍ਰਿੜ ਹਾਂ।" ਉਨ੍ਹਾਂ ਕਿਹਾ ਕਿ ਨਵੀਂ ਦਿੱਲੀ, ਕੇਂਦਰੀ ਦਿੱਲੀ ਅਤੇ ਉੱਤਰੀ ਦਿੱਲੀ ਦੇ ਕੁਝ ਹਿੱਸਿਆਂ ਵਿੱਚ ਕਈ ਐਂਟਰੀ ਪੁਆਇੰਟਾਂ ਨੂੰ ਬਹੁ-ਪੱਧਰੀ ਬੈਰੀਕੇਡਾਂ, ਵਧੀ ਹੋਈ ਨਿਗਰਾਨੀ, ਤੋੜ-ਫੋੜ ਵਿਰੋਧੀ ਜਾਂਚ ਅਤੇ ਚੌਵੀ ਘੰਟੇ ਗਸ਼ਤ ਦੇ ਨਾਲ ਉੱਚ-ਸੁਰੱਖਿਆ ਖੇਤਰਾਂ ਵਿੱਚ ਬਦਲ ਦਿੱਤਾ ਗਿਆ ਹੈ।ਇੱਕ ਸੀਨੀਅਰ • ਬਾਕੀ ਸਫ਼ਾ 2 'ਤੇ



## ਅਮਰੀਕਾ ਨੇ ਇਰਾਨ 'ਤੇ ਜ਼ਵਾਬੀ ਹਮਲੇ ਕੀਤੇ ਤੇਜ

ਜ਼ਿਕਰ ਪੰਜਾਬ

**ਵਾਸ਼ਿੰਗਟਨ** : ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਦੇ ਨਿਰਦੇਸ਼ਾਂ 'ਤੇ ਅਮਰੀਕੀ ਫੌਜਾਂ ਨੇ ਇਰਾਨ ਨੂੰ 'ਤੇਜ਼ੀ ਨਾਲ ਸਜ਼ਾ' ਦੇਣ ਲਈ ਤਾਜ਼ਾ ਹਮਲੇ ਸ਼ੁਰੂ ਕੀਤੇ ਹਨ। ਇਹ ਹਮਲਾ ਇੱਕ ਦਿਨ ਪਹਿਲਾਂ ਜਾਰਡਨ ਵਿੱਚ ਇਰਾਨੀ ਮਿਜ਼ਾਈਲ ਹਮਲਿਆਂ ਕਾਰਨ ਦੋ ਅਮਰੀਕੀ ਫੌਜੀ ਮਾਰੇ ਜਾਣ ਤੋਂ ਬਾਅਦ ਕੀਤਾ ਗਿਆ ਸੀ। ਅਮਰੀਕੀ ਕੇਂਦਰੀ ਕਮਾਂਡ (ਸੈਂਟਕਾਮ) ਨੇ ਕਿਹਾ ਕਿ ਹਮਲੇ ਅਮਰੀਕਾ ਵਿੱਚ ਪੂਰਬੀ ਸਮੇਂ ਅਨੁਸਾਰ ਸ਼ਾਮ 6 ਵਜੇ (ਐਤਵਾਰ ਭਾਰਤੀ ਸਮੇਂ ਅਨੁਸਾਰ ਸਵੇਰੇ 3.30 ਵਜੇ) ਸ਼ੁਰੂ ਹੋਏ । ਅਮਰੀਕੀ ਫੌਜਾਂ ਨੇ ਕਮਾਂਡਰ-ਇਨ-ਚੀਫ਼ ਦੇ ਨਿਰਦੇਸ਼ਾਂ 'ਤੇ ਇਰਾਨ ਵਿਰੁੱਧ ਨਵੇਂ ਹਵਾਈ ਹਮਲੇ ਸ਼ੁਰੂ ਕਰ ਦਿੱਤੇ। ਇਹ ਹਮਲੇ ਈਰਾਨ ਦੀ ਹੋਰਮੁਜ਼ ਜਲਡਮਰੂ ਵਿੱਚ ਵਪਾਰਕ ਸ਼ਿਪਿੰਗ ਨੂੰ ਧਮਕੀ ਦੇਣ ਦੀ ਸਮਰੱਥਾ ਨੂੰ ਹੋਰ ਘਟਾਉਣ ਅਤੇ ਇਸਲਾਮਿਕ ਰੈਵੋਲਿਊਸ਼ਨਰੀ ਗਾਰਡ ਕੋਰ ਬਲਾਂ ਨੂੰ ਤੇਜ਼ੀ ਨਾਲ ਸਜ਼ਾ ਦੇਣ ਲਈ ਤਿਆਰ • ਬਾਕੀ ਸਫ਼ਾ 2 'ਤੇ

## ਛੁੱਟੀ ਦਾ ਐਲਾਨ

ਜ਼ਿਕਰ ਪੰਜਾਬ

**ਚੰਡੀਗੜ੍ਹ** : ਪੰਜਾਬ ਵਿੱਚ ਇੱਕ ਹੋਰ ਸਰਕਾਰੀ ਛੁੱਟੀ ਦਾ ਐਲਾਨ ਕੀਤਾ ਗਿਆ ਹੈ। ਰਿਪੋਰਟਾਂ ਅਨੁਸਾਰ, ਸ਼ੁੱਕਰਵਾਰ, 31 ਜੁਲਾਈ ਨੂੰ ਪੰਜਾਬ ਵਿੱਚ ਜਨਤਕ ਛੁੱਟੀ ਘੋਸ਼ਿਤ ਕੀਤੀ ਗਈ ਹੈ। ਇਸ ਸਮੇਂ ਦੌਰਾਨ, ਸਕੂਲ, ਕਾਲਜ ਅਤੇ ਹੋਰ ਸਰਕਾਰੀ ਅਦਾਰੇ, ਜਿਨ੍ਹਾਂ ਵਿੱਚ ਸਰਕਾਰੀ ਦਫ਼ਤਰ ਵੀ ਸ਼ਾਮਲ ਹਨ, ਬੰਦ ਰਹਿਣਗੇ। ਪੰਜਾਬ ਸਰਕਾਰ ਵੱਲੋਂ ਜਾਰੀ 2026 ਦੇ ਛੁੱਟੀਆਂ ਦੇ ਕੈਲੰਡਰ ਅਨੁਸਾਰ, ਸ਼ਹੀਦ ਊਧਮ ਸਿੰਘ ਦਾ ਸ਼ਹੀਦੀ ਦਿਵਸ 31 ਜੁਲਾਈ ਨੂੰ ਮਨਾਇਆ ਜਾਵੇਗਾ। ਨਤੀਜੇ ਵਜੋਂ, ਇਸ ਦਿਨ ਨੂੰ ਸੂਬੇ ਵਿੱਚ ਜਨਤਕ ਛੁੱਟੀ ਘੋਸ਼ਿਤ ਕੀਤਾ ਗਿਆ ਹੈ।

## ਨੀਟ ਯੂਜੀ ਮੁੜ ਸੁਰਖੀਆਂ 'ਚ : ਵਿਦਿਆਰਥਣ ਵੱਲੋਂ 715 ਅੰਕ ਪ੍ਰਾਪਤ ਕਰਨ ਦਾ ਦਾਅਵਾ

ਜ਼ਿਕਰ ਪੰਜਾਬ

**ਲੁਧਿਆਣਾ** : ਲੁਧਿਆਣਾ ਦੀ ਰਹਿਣ ਵਾਲੀ ਸਿਮਰਨ ਰਾਣੀ ਦਾ ਮਾਮਲਾ ਨੀਟ ਯੂਜੀਦੇ ਮੁੜ-ਪ੍ਰੀਖਿਆ ਦੇ ਨਤੀਜਿਆਂ ਨੂੰ ਲੈ ਕੇ ਸੁਰਖੀਆਂ ਵਿੱਚ ਹੈ। ਵਿਦਿਆਰਥਣ ਦਾ ਦਾਅਵਾ ਹੈ ਕਿ ਨਤੀਜੇ ਜਾਰੀ ਹੋਣ ਤੋਂ ਬਾਅਦ, ਉਸ ਨੂੰ ਐਨਟੀਏ ਵੈੱਬਸਾਈਟ 'ਤੇ 720 ਵਿੱਚੋਂ 715 ਅੰਕ ਅਤੇ ਆਲ ਇੰਡੀਆ ਰੈਂਕ 1 ਦਿਖਾਇਆ ਗਿਆ ਸੀ। ਉਸ ਦੇ ਪਰਿਵਾਰ ਨੇ ਮਠਿਆਈਆਂ ਵੰਡ ਕੇ ਇਸ ਦਾ ਜਸ਼ਨ ਮਨਾਇਆ, ਪਰ ਥੋੜ੍ਹੀ ਦੇਰ ਬਾਅਦ, ਨਤੀਜਾ ਵੈੱਬਸਾਈਟ ਤੋਂ ਗਾਇਬ ਹੋ ਗਿਆ। ਹੁਣ, ਪਰਿਵਾਰ ਉਸ ਦਾ ਨਾਮ ਮੈਰਿਟ ਸੂਚੀ ਵਿੱਚ ਨਾ ਹੋਣ ਅਤੇ ਨਤੀਜੇ ਪ੍ਰਦਰਸ਼ਿਤ ਨਾ ਹੋਣ • ਬਾਕੀ ਸਫ਼ਾ 2 'ਤੇ

**ਹੁਣ ਨਤੀਜਾ ਵੈੱਬਸਾਈਟ ਤੋਂ ਗਾਇਬ**

**ਡਾ. ਸ. ਪ. ਸਿੰਘ ਵੱਲੋਂ ਸੰਕਲਪਿਤ ਅਤੇ ਡਾ. ਮਨਦੀਪ ਕੌਰ ਰੰਧਾਵਾ ਦੁਆਰਾ ਲਿਖਿਤ ਪੁਸਤਕ**

## 'ਗੁਜਰਾਂਵਾਲਾ : ਦ ਫਾਊਂਡਿੰਗ ਲੈਂਡ ਆਫ਼ ਗੁਜਰਾਂਵਾਲਾ ਖਾਲਸਾ ਐਜੂਕੇਸ਼ਨਲ ਕੌਂਸਲ' ਪੁਸਤਕ ਡਾ. ਸੰਤ ਪ੍ਰਕਾਸ਼ ਸਿੰਘ ਨੂੰ ਭੇਂਟ

ਜ਼ਿਕਰ ਪੰਜਾਬ

**ਲੁਧਿਆਣਾ/ਜ਼ਿਕਰ ਪੰਜਾਬ ਬਿਊਰੋ**



ਡਾ. ਮਨਦੀਪ ਕੌਰ ਰੰਧਾਵਾ ਦੁਆਰਾ ਲਿਖੀ ਗਈ ਅਤੇ ਗੁਜਰਾਂਵਾਲਾ ਖਾਲਸਾ ਐਜੂਕੇਸ਼ਨਲ ਕੌਂਸਲ ਦੇ ਪ੍ਰਧਾਨ ਡਾ. ਐਸ. ਪੀ. ਸਿੰਘ ਦੁਆਰਾ ਸੰਕਲਪਿਤ ਕਿਤਾਬ 'ਗੁਜਰਾਂਵਾਲਾ: ਦ ਫਾਊਂਡਿੰਗ ਲੈਂਡ ਆਫ਼ ਗੁਜਰਾਂਵਾਲਾ ਖਾਲਸਾ ਐਜੂਕੇਸ਼ਨਲ ਕੌਂਸਲ' ਦੀ ਇੱਕ ਕਾਪੀ ਪ੍ਰਸਿੱਧ ਜਨਰਲ ਸਰਜਨ ਅਤੇ ਇੰਡਸ ਹੈਲਥਕੇਅਰ ਗਰੁੱਪ ਦੇ ਚੇਅਰਮੈਨ ਡਾਕਟਰ ਸੰਤ ਪ੍ਰਕਾਸ਼ ਸਿੰਘ 90ਨੂੰ ਭੇਟ ਕੀਤੀ ਗਈ।

ਡਾ. ਸੰਤ ਪ੍ਰਕਾਸ਼ ਸਿੰਘ ਦਾ ਗੁਜਰਾਂਵਾਲਾ ਨਾਲ ਡੂੰਘਾ ਸਬੰਧ ਹੈ। ਉਨ੍ਹਾਂ ਦੇ ਪਿਤਾ, ਸਰਦਾਰ ਜੀਵਨ ਸਿੰਘ, 1896 ਵਿੱਚ ਗੁਜਰਾਂਵਾਲਾ ਵਿੱਚ ਪੈਦਾ ਹੋਏ ਸਨ, ਅਤੇ ਡਾ. ਸੰਤ ਪ੍ਰਕਾਸ਼ ਸਿੰਘ ਖੁਦ ਵੰਡ ਸਮੇਂ ਛੇ ਸਾਲ ਦੇ ਸਨ। ਗੁਜਰਾਂਵਾਲਾ ਦੀਆਂ ਉਨ੍ਹਾਂ ਦੀਆਂ ਪਿਆਰੀਆਂ ਯਾਦਾਂ, ਉਨ੍ਹਾਂ ਦੇ ਪਿਤਾ ਦੁਆਰਾ ਦਿੱਤੀਆਂ ਗਈਆਂ ਯਾਦਾਂ ਦੇ ਨਾਲ, ਕਿਤਾਬ ਦਾ ਇੱਕ ਮਹੱਤਵਪੂਰਨ ਹਿੱਸਾ ਹਨ। ਇਸ ਪਹਿਲ ਦੀ ਸ਼ਲਾਘਾ ਕਰਦੇ ਹੋਏ, ਡਾ. ਸੰਤ ਪ੍ਰਕਾਸ਼ ਸਿੰਘ ਨੇ ਕਿਤਾਬ ਨੂੰ ਗੁਜਰਾਂਵਾਲਾ ਦੇ ਇਤਿਹਾਸ, ਵਿਰਾਸਤ ਅਤੇ ਸਮੂਹਿਕ ਯਾਦ ਨੂੰ ਸੁਰੱਖਿਅਤ ਰੱਖਣ ਲਈ ਇੱਕ ਕੀਮਤੀ ਯੋਗਦਾਨ ਦੱਸਿਆ। ਉਨ੍ਹਾਂ ਨੇ ਡਾ. ਮਨਦੀਪ ਕੌਰ ਰੰਧਾਵਾ ਅਤੇ ਡਾ. ਐਸ. ਪੀ. ਸਿੰਘ ਨੂੰ ਆਉਣ ਵਾਲੀਆਂ ਪੀੜ੍ਹੀਆਂ ਲਈ ਆਪਣੇ ਪੁਰਖਿਆਂ ਦੇ ਵਤਨ ਦੀ ਵਿਰਾਸਤ ਨੂੰ ਦਸਤਾਵੇਜ਼ੀਕਰਨ ਅਤੇ ਸੰਭਾਲਣ ਲਈ ਸਮਰਪਿਤ ਯਤਨਾਂ ਲਈ ਵਧਾਈ ਦਿੱਤੀ। ਡਾ. ਐਸ. ਪੀ. ਸਿੰਘ, ਪ੍ਰਧਾਨ, ਗੁਜਰਾਂਵਾਲਾ ਖਾਲਸਾ ਐਜੂਕੇਸ਼ਨਲ ਕੌਂਸਲ, ਸ. ਹਰਸ਼ਰਨ ਸਿੰਘ ਨਰੂਲਾ, ਆਨਰੇਰੀ ਜਨਰਲ ਸਕੱਤਰ, ਇੰਜੀਨੀਅਰ ਗੁਰਕਿਰਪਾਲ ਸਿੰਘ, ਕੌਂਸਲ ਦੇ ਉਪ-ਪ੍ਰਧਾਨ, ਸ. ਹਰਦੀਪ ਸਿੰਘ, ਕੌਂਸਲ ਦੇ ਮੈਂਬਰ, ਪ੍ਰੋ. ਮਨਜੀਤ ਸਿੰਘ ਛਾਬੜਾ, ਡਾਇਰੈਕਟਰ, ਜੀ. ਜੀ. ਐਨ. ਆਈ. ਐਮ. ਟੀ. ਅਤੇ ਜੀ. ਜੀ. ਐਨ. ਆਈ. ਵੀ. ਐਸ., ਅਤੇ ਕਿਤਾਬ ਦੇ ਲੇਖਕ, ਡਾ. ਮਨਦੀਪ ਕੌਰ ਰੰਧਾਵਾ ਇਸ ਮੌਕੇ ਮੌਜੂਦ ਸਨ।

ॐ शांति



The Bhog and Antim Ardas of:
Late Shri Mahesh Sharma Ji (Senior Journalist- The Tribune).
03.06.1957 - 15.07.2026
We humbly request your gracious presence and prayers for the peace of his departed soul.
Friday, 24th July 2026
From: 2:00 PM to 3:00 PM
VENUE:
Aggarsen Seva Sadan
Chhapar Road, Ahmedgarh
RSVP: 99147 54000

# ਕਹਾਣੀ/ਜੱਟ ਦੀ ਜੂਨ

ਜ਼ਮੀਨ ਤੋਂ ਨਿਰਮਲ ਸਿੰਘ ਦੇ ਘਰ ਦਾ ਮਸਾਂ ਹੀ ਗੁਜ਼ਾਰਾ ਹੁੰਦਾ ਸੀ। ਉਸ ਨੂੰ ਆਪਣੀ ਜਵਾਨ ਹੋ ਰਹੀ ਧੀ ਦੇ ਵਿਆਹ ਦੀ ਚਿੰਤਾ ਦਿਨ ਰਾਤ ਪਰੇਸ਼ਾਨ ਕਰਦੀ ਰਹਿੰਦੀ, ਜਿਸ ਕਰਕੇ ਉਸ ਨੇ ਕੁਝ ਜ਼ਮੀਨ ਠੇਕੇ 'ਤੇ ਲੈ ਕੇ ਵਾਹੁਣੀ ਸ਼ੁਰੂ ਕਰ ਦਿੱਤੀ। ਉਹ ਮਿੱਟੀ ਨਾਲ ਮਿੱਟੀ ਹੋਇਆ ਦਿਨ ਰਾਤ ਮਿਹਨਤ ਕਰਦਾ ਤਾਂ ਜੋ ਵਟਕ ਚੰਗੀ ਮਿਲ ਜਾਵੇ।

"ਸੁਰਜੀਤ ਕੌਰੇ, ਹੁਣ ਤੂੰ ਪ੍ਰੀਤ ਦੇ ਵਿਆਹ ਦੀ ਕੋਈ ਚਿੰਤਾ ਨਾ ਕਰ। ਮੈਂ ਹੋਰ ਜ਼ਮੀਨ ਠੇਕੇ 'ਤੇ ਲੈ ਲਈ ਹੈ। ਬਸ ਹੁਣ ਤੂੰ ਤਿਆਰੀਆਂ ਸ਼ੁਰੂ ਕਰ ਦੇ। ਆਪਾਂ ਫ਼ਸਲ ਵੇਚ ਕੇ ਪ੍ਰੀਤ ਦੇ ਹੱਥ ਪੀਲੇ ਕਰ ਦੇਣੇ ਨੇ।"

"ਮੈਂ ਤਾਂ ਕਹਿੰਦੀ ਆ, ਪਹਿਲਾਂ ਪੱਕੇ ਕੋਠੇ ਪਾ ਲਈਏ ਜਿਥੇ ਕੁੜਮਾਂ ਨੇ ਆਉਣਾ ਜਾਣਾ ਹੈ। ਮੁੰਡਾ ਲੱਭਣ ਨੂੰ ਵੀ ਵਕਤ ਲੱਗਦਾ। ਪ੍ਰੀਤ ਦਾ ਵਿਆਹ ਅਗਲੇ ਸਾਲ ਕਰ ਲਵਾਂਗੇ।"



ਸੁਰਿੰਦਰ ਦੀਪ

"ਚੱਲ ਏਦਾਂ ਹੀ ਕਰ ਲੈਂਦੇ ਹਾਂ। ਇਸ ਸਾਲ ਫਸਲ ਵੇਚ ਕੇ ਘਰ ਦਾ ਮੂੰਹ ਮੱਥਾ ਸੰਵਾਰ ਲੈਂਦੇ ਹਾਂ ਤੇ ਅਗਲੇ ਸਾਲ ਪ੍ਰੀਤ ਨੂੰ ਵਿਆਹ ਦੇਵਾਂਗੇ।"

ਨਿਰਮਲ ਸਿੰਘ ਦੇ ਤਾਂ ਜਿਵੇਂ ਪੈਰ ਹੀ ਧਰਤੀ 'ਤੇ ਨਹੀਂ ਸਨ ਲੱਗਦੇ। ਉਹ ਫ਼ਸਲ ਨੂੰ ਆਪਣੇ ਬੱਚਿਆਂ ਵਾਂਗ ਪਾਲਦਾ ਹੋਇਆ ਸਮੇਂ ਸਿਰ ਖਾਦ ਪਾਣੀ ਦਾ ਪੂਰਾ ਧਿਆਨ ਰੱਖ ਰਿਹਾ ਸੀ। ਹਰੇ ਭਰੇ ਲਹਿਰਾਉਂਦੇ ਖੇਤਾਂ ਨੂੰ ਵੇਖ ਕੇ ਉਸ ਦੀ ਖੁਸ਼ੀ ਹੋਰ ਵੀ ਦੂਣੀ ਹੋ ਜਾਂਦੀ।

ਖੇਤੋਂ ਘਰੇ ਆਉਂਦਿਆਂ ਹੀ ਕੋਨੇ ਵਿਚ ਪਈ ਸਪ੍ਰੇਅ ਵਾਲੀ ਕੇਨੀ ਵੇਖ ਕੇ ਨਿਰਮਲ ਸਿੰਘ ਦਾ ਹਿਰਦਾ ਵਲੂੰਦਰਿਆ ਗਿਆ। ਉਹ ਆਪਣੀ ਪਤਨੀ ਸੁਰਜੀਤ ਕੌਰ ਨੂੰ ਤਿੱਖੀ ਪੱਤੀ ਵਾਲੀ ਚਾਹ ਬਣਾਉਣ ਨੂੰ ਕਹਿ ਕੇ ਮੰਜੇ 'ਤੇ ਪੈ ਗਿਆ।

"ਕੀ ਗੱਲ! ਪਾਪਾ ਜੀ, ਆਉਂਦਿਆਂ ਹੀ ਆਰਾਮ ਕਰਨ ਲੱਗ ਪਏ। ਤੁਸੀਂ ਤਾਂ ਰਾਤ ਤੱਕ ਮੰਜੇ 'ਤੇ ਨਹੀਂ ਪੈਂਦੇ। ਤਬੀਅਤ ਤਾਂ ਠੀਕ ਹੈ?" ਪ੍ਰੀਤ ਨੇ ਪਾਪਾ ਨੂੰ ਪੁੱਛਿਆ।

"ਹਾਂ ਪੁੱਤ, ਤਬੀਅਤ ਤਾਂ ਠੀਕ ਹੈ। ਪਰ . . .।" ਉਸ ਨੇ ਵਾਕ ਅਧੂਰਾ ਹੀ ਛੱਡ ਦਿੱਤਾ।

"ਪਰ ਕੀ ਪਾਪਾ?'

ਬੇਟੀ ਦੇ ਸਿਰ 'ਤੇ ਹੱਥ ਰੱਖਦਿਆਂ ਨਿਰਮਲ ਸਿੰਘ ਨੇ ਕਿਹਾ, "ਕੁਝ ਵੀ ਨਹੀਂ ਪੁੱਤ। ਬਸ ਐਵੇਂ ਹੀ ਮੂੰਹ 'ਚੋਂ ਨਿਕਲ ਗਿਆ।"

ਨਿਰਮਲ ਸਿੰਘ ਕਦੇ ਕਮਰੇ ਅੰਦਰ ਜਾਂਦਾ ਤੇ ਕਦੇ ਬਾਹਰ ਆ ਕੇ ਵਿਹੜੇ ਵਿਚ ਬੈਠ ਜਾਂਦਾ। ਸਾਰਾ ਦਿਨ ਉਸਲ ਵੱਟੇ ਲੈਂਦਿਆਂ ਨਿਰਮਲ ਸਿੰਘ ਨੂੰ ਅਚਵੀ ਜਿਹੀ ਲੱਗੀ ਰਹੀ। ਆਥਣ ਵੇਲੇ ਪਤਨੀ ਨੂੰ ਕਿਹਾ ਕਿ ਖੇਤਾਂ ਵਿਚ ਗੇੜਾ ਮਾਰਨ ਚੱਲਿਆਂ। ਖੇਤਾਂ ਵਿਚ ਬਰਬਾਦ ਹੋਈ ਫ਼ਸਲ ਦੇਖ ਕੇ ਉਹ ਬਰਦਾਸ਼ਤ ਨਾ ਕਰ ਸਕਿਆ। ਉਸ ਨੇ ਭਰੇ ਮਨ ਨਾਲ ਸਿਰ ਤੋਂ ਪੱਗ ਲਾਹ ਕੇ ਦਰਖਤ ਨਾਲ ਬੰਨ੍ਹ ਲਈ ਤੇ ਮੋਟਰ ਵਾਲੇ ਕਮਰੇ ਵਿਚੋਂ ਮੇਜ ਲਿਆ ਕੇ ਉਸ 'ਤੇ ਖੜ੍ਹਾ ਹੋ ਗਿਆ।

ਪ੍ਰੀਤ ਅਤੇ ਸੁਰਜੀਤ ਕੌਰ ਵੀ ਉਸ ਦੀ ਪੈੜ ਦਬਦਿਆਂ ਖੇਤਾਂ ਵੱਲ ਭੱਜੀਆਂ ਜਾ ਰਹੀਆਂ ਸਨ। ਖੇਤਾਂ ਨੂੰ ਦੇਖ ਕੇ ਸੁਰਜੀਤ ਕੌਰ ਨੇ ਹੌਕਾ ਭਰਦਿਆਂ ਕਿਹਾ, "ਪ੍ਰੀਤ, ਦੇਖ ਆਪਣੀ ਫ਼ਸਲ। ਕੁਝ ਦਿਨ ਪਹਿਲਾਂ ਕਿਵੇਂ ਹਰੀ ਭਰੀ ਸੀ ਤੇ ਅੱਜ ਚਿੱਟੀ ਮੱਖੀ ਸਾਰੀ ਫਸਲ ਖਾ ਗਈ। ਤੇਰਾ ਪਾਪਾ ਸ਼ਾਇਦ ਏਸੇ ਕਰਕੇ ਪਰੇਸ਼ਾਨ ਲੱਗ ਰਿਹਾ ਸੀ। ਪਰ ਉਸ ਨੇ ਦਸਿਆ ਕੁਝ ਨਹੀਂ।" ਦੌੜਦੀ ਹੋਈ ਪ੍ਰੀਤ ਦਾ ਨਕਲੀ ਦਵਾਈ ਵਾਲੀ ਖਾਲੀ ਕੇਨੀ ਨਾਲ ਠੇਢਾ ਲੱਗਿਆ, ਪਰ ਉਹ ਡਿੱਗਣੋ ਬਚ ਗਈ। ਨਿਰਮਲ ਸਿੰਘ ਅਜੇ ਪੱਗ ਗਲ ਵਿਚ ਪਾਉਣ ਹੀ ਲੱਗਾ ਸੀ ਕਿ ਪ੍ਰੀਤ ਨੇ ਦੌੜ ਕੇ ਪਾਪਾ ਨੂੰ ਜੱਫੀ ਪਾਉਂਦਿਆਂ ਕਿਹਾ, "ਪਾਪਾ ਇਹ ਕੀ ਕਰਨ ਲੱਗੇ ਓ। ਜੱਟਾਂ ਨਾਲ ਤਾਂ ਸ਼ੁਰੂ ਤੋਂ ਹੀ ਜ਼ਿਆਦਤੀਆਂ ਹੁੰਦੀਆਂ ਰਹੀਆਂ ਨੇ। ਪਹਿਲਾਂ ਆੜ੍ਹਤੀਏ ਕਰਦੇ ਸੀ, ਹੁਣ ਸਰਕਾਰਾਂ ਤੇ ਕੰਪਨੀਆਂ ਕਰਦੀਆਂ ਨੇ। ਗੁਰੂਆਂ ਨੇ ਤਾਂ ਆਪਾਂ ਨੂੰ ਸੰਘਰਸ਼ ਕਰਨ ਦੀ ਗੁੜਤੀ ਦਿੱਤੀ ਹੈ" ਪ੍ਰੀਤ ਦੇ ਸ਼ਬਦਾਂ ਨਾਲ ਨਿਰਮਲ ਸਿੰਘ ਦਾ ਦਿਮਾਗ਼ ਚਾਨਣ ਚਾਨਣ ਹੋ ਗਿਆ ਤੇ ਉਸ ਨੇ ਨਵੀਂ ਆਸ ਨਾਲ ਧੀ ਨੂੰ ਕਲਾਵੇ ਵਿਚ ਲੈ ਲਿਆ।

# ਜਸਮੇਰ ਸਿੰਘ ਢੱਟ ਦੀ ਵਾਰਤਕ ਪੁਸਤਕ "ਯਾਦਾਂ ਦਾ ਫੁੱਲਦਸਤਾ" ਡਾ. ਸ ਸ ਗੋਸਲ, ਪ੍ਰੋ. ਗੁਰਭਜਨ ਸਿੰਘ ਗਿੱਲ ਤੇ ਹੋਰਨਾਂ ਵੱਲੋਂ ਲੋਕ ਅਰਪਣ

**ਲੁਧਿਆਣਾ/ਤਮੰਨਾ ਬੇਦੀ**

ਸੱਭਿਆਚਾਰਕ ਸੱਥ ਪੰਜਾਬ ਦੇ ਚੇਅਰਮੈਨ ਸ. ਜਸਮੇਰ ਸਿੰਘ ਢੱਟ ਦੀ ਲਿਖੀ ਯਾਦਾਂ, ਆਪ ਬੀਤੀਆਂ, ਕਹਾਣੀਆਂ, ਗੀਤਾਂ ਅਤੇ ਮੁਲਾਕਾਤਾਂ ਆਦਿ ਆਧਾਰਿਤ ਪਲੇਠੀ ਪੁਸਤਕ "ਯਾਦਾਂ ਦਾ ਫੁੱਲਦਸਤਾ"ਨੂੰ ਯੰਗ ਰਾਈਟਰਜ਼ ਅਸੋਸੀਏਸ਼ਨ ਪੀ ਏ ਯੂ ਲੁਧਿਆਣਾ ਵੱਲੋਂ ਕਰਵਾਏ ਪ੍ਰਭਾਵਸ਼ਾਲੀ ਸਮਾਗਮ ਵਿੱਚ ਵਾਈਸ ਚਾਂਸਲਰ ਡਾ ਸਤਿਬੀਰ ਸਿੰਘ ਗੋਸਲ ਨੇ ਲੋਕ ਅਰਪਣ ਕਰਦਿਆਂ ਕਿਹਾ ਹੈ ਕਿ ਜਸਮੇਰ ਸਿੰਘ ਢੱਟ ਦੀ ਇਹ ਪੁਸਤਕ ਉਨ੍ਹਾਂ ਵੱਲੋਂ ਸੱਭਿਆਚਾਰਕ ਖੇਤਰ ਵਿੱਚ ਅੰਤਰ ਰਾਸ਼ਟਰੀ ਤੇ ਰਾਸ਼ਟਰੀ ਪੱਧਰ ਤੇ ਕੀਤੇ ਕੰਮਾਂ ਕਾਰਾਂ ਦਾ ਜਿਉਂਦਾ ਜਾਗਦਾ ਪ੍ਰਮਾਣ ਹੈ। ਉਨ੍ਹਾਂ ਕਿਹਾ ਕਿ ਤਿੰਨ ਦਹਾਕੇ ਪਹਿਲਾਂ ਉਹ ਸੱਥ ਵੱਲੋਂ ਕਰਵਾਏ ਜਾਂਦੇ ਸੱਭਿਆਚਾਰਕ ਮੁਕਬਾਲੇ ਮਿਸ ਵਰਲਡ ਪੰਜਾਬਣ ਨੂੰ ਪੰਜਾਬੀ ਭਵਨ ਵਿੱਚ ਅਤੇ ਟੀ ਵੀ ਚੈਨਲਾਂ ਤੇ ਵੀ ਵੇਖਦੇ ਰਹੇ ਹਨ। ਨੰਗੇਜ਼ ਦੇ ਖ਼?ਲਾਫ਼ ਉਨ੍ਹਾਂ ਦਾ ਸੰਗਰਾਮ ਇਸ ਕਿਤਾਬ ਵਿੱਚੋਂ ਮਿਲਦਾ ਹੈ। ਲਿਖਣ ਨਾਲ ਸਾਡੀਆਂ ਯਾਦਾਂ ਅਤੇ ਭਾਵਨਾਵਾਂ ਸਦੀਵੀ ਬਣ ਜਾਂਦੀਆਂ ਹਨ ਇਹ ਪੁਸਤਕ ਲਿਖ ਕੇ ਢੱਟ ਸਾਹਿਬ ਨੇ ਯਾਦਗਾਰੀ ਕਾਰਜ ਕੀਤਾ ਹੈ ਇਸ ਲਈ ਆਪਣੇ ਵਿਚਾਰਾਂ ਨੂੰ



ਕਿਤਾਬੀ ਰੂਪ ਵਿੱਚ ਸੰਭਾਲਣ ਦਾ ਯਤਨ ਹਮੇਸ਼ਾ ਸਾਰਥਿਕ ਹੁੰਦਾ ਹੈ। ਇਸ ਸਮਾਗਮ ਵਿੱਚ ਸਾਹਿਤ ਪ੍ਰੇਮੀਆਂ ਦਾ ਸਵਾਗਤ ਕਰਦਿਆਂ ਐਸੋਸੀਏਟ ਡਾਇਰੈਕਟਰ ਕਲਚਰ ਡਾ ਰੁਪਿੰਦਰ ਕੌਰ ਨੇ ਦੱਸਿਆ ਕਿ ਜਸਮੇਰ ਸਿੰਘ ਢੱਟ ਲੋਕ ਕਲਾਵਾਂ ਦੇ ਮਾਹਰ ਵਜੋਂ ਇਸ ਯੂਨੀਵਰਸਿਟੀ ਨਾਲ ਜੁੜੇ ਹੋਏ ਹਨ । ਨਿਰਦੇਸ਼ਕ ਵਿਦਿਆਰਥੀ ਭਲਾਈ ਡਾ ਕਮਲਜੀਤ ਸਿੰਘ ਸੂਰੀ ਨੇ ਕਿਹਾ ਕਿਹਾ ਇਹ ਪੁਸਤਕ ਸ ਜਸਮੇਰ ਸਿੰਘ ਢੱਟ ਦੇ ਲੰਮੇ ਤਜ਼ਰਬੇ ਦੀ ਪੈਦਾਇਸ਼ ਹੈ ਇਸ ਲਈ ਇਸ ਵਿਚੋਂ ਪ੍ਰੋੜ ਸਿਖਿਆਵਾਂ ਮਿਲਦੀਆਂ ਹਨ। ਯੂਨੀਵਰਸਿਟੀ ਦੇ ਨਿਰਦੇਸ਼ਕ ਖੋਜ਼ ਡਾ ਅਜਮੇਰ ਸਿੰਘ ਢੱਟ ਨੇ ਕਿਹਾ ਕਿ ਆਮ ਪਾਠਕਾਂ ਲਈ ਇਹ ਪੁਸਤਕ ਮੁਲਵਾਨ ਹੈ, ਕਿਉਂਕਿ ਸਰਲ ਭਾਸ਼ਾ ਵਿੱਚ ਹੈ ਘਟਨਾਵਾਂ ਵੀ ਦਿਲਚਸਪ ਹਨ। ਕਿਤਾਬ ਬਾਰੇ ਮੁੱਖ ਸ਼ਬਦ ਬੋਲਦਿਆਂ ਉਘੇ ਰੰਗ ਕਰਮੀ ਅਤੇ ਦੋ ਯੂਨੀਵਰਸਿਟੀ ਦੇ ਯੁਵਕ ਭਿਲਾਈ ਵਿਭਾਗ ਦੇ ਡਾਇਰੈਕਟਰ ਰਹੇ ਡਾ. ਨਿਰਮਲ ਜੌੜਾ ਨੇ ਕਿਹਾ ਕਿ ਪਿਛਲੇ 35 ਸਾਲ ਦੀ ਨਿਰੰਤਰ ਸਾਂਝ ਦੇ ਆਧਾਰ ਤੇ ਮੈਂ ਕਹਿ ਸਕਦਾ ਹਾਂ ਕਿ ਢੱਟ ਸਾਹਿਬ ਹਮੇਸ਼ਾਂ ਨਵੀਆਂ ਪੈੜਾਂ ਪਾਉਣ ਲਈ ਜਾਣੇ ਜਾਂਦੇ ਹਨ । ਪੁਸਤਕ ਵਿਚਲੀਆਂ ਨਿਜੀ ਘਟਨਾਵਾਂ, ਆਪ ਬੀਤੀਆਂ, ਕਹਾਣੀਆਂ, ਗੀਤ ਅਤੇ ਮੁਲਾਕਾਤਾਂ ਬਹੁਤ ਹੀ ਸਲੀਕੇ ਨਾਲ ਲਿਖੀਆਂ ਗਈਆਂ ਹਨ। ਲਿਖਣ ਨਾਲ ਯਾਦਾਂ ਅਤੇ ਭਾਵਨਾਵਾਂ ਸਦੀਵੀ ਬਣ ਜਾਂਦੀਆਂ ਹਨ ਉਨ੍ਹਾਂ ਇਸ ਕਿਤਾਬ ਦੇ ਲਿਖਣ ਅਤੇ ਪ੍ਰਕਾਸ਼ਨ ਲਈ ਮੁਬਾਰਕ ਦਿੱਤੀ। ਲੁਧਿਆਣਾ ਦੇ ਸੇਵਾ ਮੁਕਤ ਉਪ ਜ਼ਿਲ੍ਹਾ ਸਿੱਖਿਆ ਅਫ਼ਸਰ ਪ੍ਰਿਸੀਪਿਲ ਜਸਵਿੰਦਰ ਸਿੰਘ ਵਿਰਕ ਨੇ ਕਿਹਾ ਕਿ ਜਸਮੇਰ ਸਿੰਘ ਢੱਟ ਵੱਲੋਂ ਲਿਖੀ ਇਹ ਪੁਸਤਕ ਵਿੱਚ ਉਹਨਾਂ ਦੇ ਜੀਵਨ ਦੀ ਗਾਥਾ ਹੈ ਜਿਸ ਵਿਚੋਂ ਬਹੁਤ ਸਾਰੇ ਸਬਕ ਵੀ ਮਿਲਦੇ ਹਨ ਅਤੇ ਪੰਜਾਬੀ ਸਾਹਿੱਤ ਅਕਾਡਮੀ ਦੇ ਮੀਤ ਪ੍ਰਧਾਨ ਸਹਿਜਪ੍ਰੀਤ ਸਿੰਘ ਮਾਂਗਟ ਨੇ ਵੀ ਢੱਟ ਸਾਹਿਬ ਦੇ ਸਿਰਜਣਾਤਮਕ ਉੱਦਮ ਨੂੰ ਸਲਾਹਿਆ। ਪੰਜਾਬੀ ਲੋਕ ਵਿਰਾਸਤ ਅਕਾਡਮੀ ਦੇ ਚੇਅਰਮੈਨ ਪ੍ਰੋ. ਗੁਰਭਜਨ ਸਿੰਘ ਗਿੱਲ ਨੇ ਇਸ ਮੌਕੇ ਬੋਲਦਿਆਂ ਕਿਹਾ ਕਿ ਸਾਹਿੱਤ ਸਿਰਜਣਾ ਸੂਰਮਤਾਈ ਵਾਲਾ ਕਾਰਜ ਹੈ। ਇਸ ਵੱਲ ਤੁਰਨਾ ਹੀ ਆਪਣੇ ਰੂਬਰੂ ਸਿੱਧਾ ਖਲੋ ਕੇ ਆਪਣਾ ਆਪਾ ਵੇਖਣ ਵਾਲਾ ਕੰਮ ਹੈ। ਜਸਮੇਰ ਸਿੰਘ ਢੱਟ ਸੰਵੇਦਨਸ਼ੀਲ ਵਿਅਕਤੀ ਹਨ ਜੋ ਆਪਣੀ ਸੰਵੇਦਨਾ ਨੂੰ ਰੱਜ ਕੇ ਸਮਾਜਿਕ ਕਾਰਜਾਂ ਉੱਪਰ ਖਰਚਦੇ ਰਹਿੰਦੇ ਹਨ। ਸ. ਜਸਮੇਰ ਸਿੰਘ ਢੱਟ ਨੇ 1993 ਵਿੱਚ ਨੰਗੇਜ਼ ਦੀ ਅੰਨ੍ਹੀ ਹਨੇਰੀ ਦੇ ਖਿਲਾਫ਼ ਸੱਭਿਆਚਾਰਕ ਸੱਥ ਬਣਾ ਕੇ ਧੀਆਂ ਭੈਣਾਂ ਲਈ ਅਜਿਹਾ ਮੁਕਾਬਲਾ ਵਿਉਂਤਿਆ ਜਿਸ ਦੀ ਮਿਸਾਲ ਉਸ ਤੋਂ ਪਹਿਲਾਂ ਜਾਂ ਮਗਰੋਂ ਹੁਣ ਤੀਕ ਵੀ ਵੇਖਣ ਨੂੰ ਨਹੀਂ ਮਿਲਦੀ। ਸੱਭਿਆਚਾਰਕ ਸੱਥ ਪੰਜਾਬ ਵੱਲੋਂ ਕੀਤੇ ਕੰਮਾਂ ਦਾ ਦਸਤਾਵੇਜ਼ੀ ਪ੍ਰਮਾਣੀਕਰਨ ਕਰਦੀ ਇਸ ਪੁਸਤਕ ਦਾ ਸੁਆਗਤ ਕਰਨਾ ਬਣਦਾ ਹੈ। ਇਸ ਕਿਤਾਬ ਵਿੱਚ ਉਸ ਨੇ ਜੀਵਨ ਦੀਆਂ ਵਡਮੁੱਲੀਆਂ ਯਾਦਾਂ ਨੂੰ ਵੀ ਅੰਕਿਤ ਕਰ ਲਿਆ ਹੈ। ਇਹ ਨਿੱਕੀਆਂ ਨਿੱਕੀਆਂ ਯਾਦਾਂ ਵੱਡੇ ਅਰਥਾਂ ਵਾਲੀਆਂ ਹਨ। ਜਸਮੇਰ ਸਿੰਘ ਢੱਟ ਦੇ ਅੰਦਰਲਾ ਸਿਰਜਕ ਜਦ ਆਕਾਰ ਧਾਰ ਰਿਹਾ ਸੀ ਤਾਂ ਮੈਂ ਇਸ ਨੂੰ ਨਾਲੋ ਨਾਲ ਵਿਗਸਦਾ ਵੇਖਿਆ ਹੈ। ਇਸ ਆਕਾਰ ਨੇ ਬਹੁਤ ਜਲਦੀ ਸਾਕਾਰ ਰੂਪ ਧਾਰ ਲਿਆ ਹੈ। ਯਕੀਨਨ ਇਹ ਬੀਜ ਅੰਕੁਰ ਤੋਂ ਪੌਦਾ ਅਤੇ ਪੌਦੇ ਤੋਂ ਘਣਛਾਵਾਂ ਬਿਰਖ ਬਣੇਗਾ, ਇਹ ਮੇਰਾ ਵਿਸ਼ਵਾਸ ਹੈ। ਯੰਗ ਰਾਈਟਰਜ਼ ਅਸੋਸੀਏਸ਼ਨ ਵੱਲੋਂ ਸ. ਜਸਮੇਰ ਸਿੰਘ ਢੱਟ ਨੂੰ ਸਨਮਾਨਿਤ ਕੀਤਾ ਗਿਆ। ਅਸੋਸੀਏਸ਼ਨ ਦੇ ਪ੍ਰਧਾਨ ਡਾ. ਬਿਕਰਮਜੀਤ ਸਿੰਘ ਨੇ ਮਹਿਮਾਨਾਂ ਦਾ ਧੰਨਵਾਦ ਕੀਤਾ। ਸਮੁੱਚੇ ਸਮਾਗਮ ਦਾ ਸੰਚਾਲਨ ਡਾ. ਵਿਸ਼ਾਲ ਬੈਕਟਰ ਨੇ ਬਹੁਤ ਜੀਵੰਤ ਅੰਦਾਜ਼ ਵਿੱਚ ਕੀਤਾ। ਇਸ ਸਮੇਂ ਹੋਰਨਾਂ ਤੋਂ ਇਲਾਵਾ ਸੇਵਾ ਮੁਕਤ ਪੁਲੀਸ ਕਮਿਸ਼ਨਰ ਸ. ਗੁਰਪ੍ਰੀਤ ਸਿੰਘ ਤੂਰ, ਸੇਵਾ ਮੁਕਤ ਏ ਡੀ ਸੀ ਜੇ ਪੀ ਸਿੰਘ, ਡਾ. ਇਕਬਾਲ ਕੌਰ ਸਾਬਕਾ ਪ੍ਰਿੰਸੀਪਲ ਖ਼ਾਲਸਾ ਕਾਲਿਜ ਫਾਰ ਵਿਮੈਂਨ, ਡਾ. ਦੇਵਿੰਦਰ ਕੋਰ ਢੱਟ, ਡਾ. ਹਰਮੀਤ ਸਿੰਘ ਕਿੰਗਰਾ ਪ੍ਰਧਾਨ, ਪੀ ਏ ਯੂ ਟੀਚਰਜ਼ ਅਸੋਸੀਏਸ਼ਨ, ਸਤਬੀਰ ਸਿੰਘ ਕੋਆਰਡੀਨੇਟਰ ਯੁਵਕ ਭਲਾਈ, ਕੈਨੇਡਾ ਤੋਂ ਗਗਨਦੀਪ ਸਿੱਧੂ, ਇੰਦਰਜੀਤ ਕੋਂਟੀ, ਪੁਸਤਕ ਦੇ ਪ੍ਰਕਾਸ਼ਕ ਸਤੀਸ਼ ਗੁਲਾਟੀ ਮਾਲਕ ਚੇਤਨਾ ਪ੍ਰਕਾਸ਼ਨ, ਬਚਿੱਤਰ ਸਿੰਘ ਸੇਵਾ ਮੁਕਤ ਜ਼ਿਲਾ ਸਿੱਖਿਆ ਅ.ਫਸਰ , ਇਸ ਵਰਲਡ ਪੰਜਾਬਣ ਸੁਖਦੀਪ ਮੰਡੇਰ, ਪੰਜਾਬੀ ਸਾਹਿੱਤ ਅਕਾਡਮੀ ਲੁਧਿਆਣਾ ਦੇ ਮੀਤ ਪ੍ਰਧਾਨ ਗੁਰਚਰਨ ਕੌਰ ਕੋਚਰ, ਜਨਰਲ ਸਕੱਤਰ ਗੁਲਜ਼ਾਰ ਪੰਧੇਰ, ਸਕੱਤਰ ਡਾ. ਹਰੀ ਸਿੰਘ ਜਾਚਕ, ਯੁਵਕ ਭਲਾਈ ਡਾਇਰੈਕਟਰ ਦਵਿੰਦਰ ਸਿੰਘ ਲੋਟੇ, ਪ੍ਰਿੰਸੀਪਲ ਮਨਪ੍ਰੀਤ ਕੋਰ ਵਿਰਕ, ਪ੍ਰਿੰਸੀਪਲ ਪ੍ਰਗਟ ਸਿੰਘ ਗਰਚਾ ਗੁਰੂ ਸਰ ਸਧਾਰ,ਪ੍ਰਿੰਸੀਪਲ ਅਮਰਜੀਤ ਸਿੰਘ ਗਰੇਵਾਲ ਸਾਬਕਾ ਪ੍ਰਿੰਸੀਪਲ ਦਾਖਾ,ਡਾ ਜਸਲੀਨ ਕੌਰ, ਡਾ ਇੰਦਰਜੀਤ ਜੁਨੇਜਾ , ਮੈਡਮ ਰੂਪੀ ਮਿੱਢਾ, ਕੁਲਵਿੰਦਰ ਜੁਨੇਜਾ, ਜਨਮੇਜਾ ਜੋਹਲ, ਡਾ ਮਾਨ ਸਿੰਘ ਤੂਰ, ਜਤਿੰਦਰਪਾਲ ਸਿੰਘ ਅਮਰਜੀਤ ਸਿੰਘ ਸਿੱਧੂ ਸਮੇਤ ਪਰਿਵਾਰਕ ਤੇ ਅਦਬੀ ਸੱਜਣਾਂ ਨੇ ਸ਼ਾਮਲ ਹੋ ਕੇ ਰੌਣਕ ਵਧਾਈ।

# ਆਪ ਸਰਕਾਰ ਦੇ ਸ਼ਾਸਨ ਵਿੱਚ ਪੰਜਾਬ ਦਾ ਉਦਯੋਗਿਕ ਵਿਕਾਸ ਠੱਪ : ਦੀਵਾਨ

**ਲੁਧਿਆਣਾ/ਰਵੀ ਭਾਟੀਆ**

ਜ਼ਿਲ੍ਹਾ ਕਾਂਗਰਸ ਕਮੇਟੀ ਲੁਧਿਆਣਾ (ਸ਼ਹਿਰੀ) ਦੇ ਸਾਬਕਾ ਪ੍ਰਧਾਨ ਅਤੇ ਪੰਜਾਬ ਲਾਰਜ ਇੰਡਸਟਰੀਅਲ ਡਿਵੈਲਪਮੈਂਟ ਬੋਰਡ ਦੇ ਸਾਬਕਾ ਚੇਅਰਮੈਨ ਪਵਨ ਦੀਵਾਨ ਨੇ ਲੁਧਿਆਣਾ ਦੇ ਉਦਯੋਗਿਕ ਢਾਂਚੇ ਦੀ ਖਸਤਾ ਹਾਲਤ 'ਤੇ ਗੰਭੀਰ ਚਿੰਤਾ ਜਤਾਈ ਹੈ। ਅੱਜ ਇਥੇ ਜਾਰੀ ਇੱਕ ਜੋਰਦਾਰ ਬਿਆਨ ਵਿੱਚ, ਦੀਵਾਨ ਨੇ ਕਿਹਾ ਕਿ ਪੰਜਾਬ ਦੀ ਉਦਯੋਗਿਕ ਰਾਜਧਾਨੀ ਅਤੇ ÷ਭਾਰਤ ਦੇ ਮੈਨਚੈਸਟਰ÷ ਵਜੋਂ ਮਸ਼ਹੂਰ ਲੁਧਿਆਣਾ ਦਾ ਨਿਰਮਾਣ ਖੇਤਰ ਲਗਾਤਾਰ ਗਿਰਾਵਟ ਵੱਲ ਵੱਧ ਰਿਹਾ ਹੈ। ਉਨ੍ਹਾਂ ਨੇ ਚੇਤਾਵਨੀ ਦਿੱਤੀ ਕਿ ਪਿਛਲੇ ਕੁਝ ਸਾਲਾਂ ਵਿੱਚ ਉਦਯੋਗਾਂ ਦੇ ਲਗਾਤਾਰ ਪਤਨ ਨੇ ਨਾ ਸਿਰਫ਼ ਲੁਧਿਆਣਾ ਦੀ ਆਰਥਿਕ ਸਥਿਤੀ ਕਮਜ਼ੋਰ ਹੋਈ ਹੈ, ਸਗੋਂ ਇਸ ਨਾਲ ਜੁੜੇ ਹਜ਼ਾਰਾਂ ਪਰਿਵਾਰਾਂ ਦੀ ਰੋਜ਼ੀ-ਰੋਟੀ ਵੀ ਖਤਰੇ ਵਿੱਚ ਪੈ ਗਈ ਹੈ। ਦੀਵਾਨ ਨੇ ਪੰਜਾਬ ਦੇ ਉਦਯੋਗਿਕ ਪਤਨ ਲਈ ਸਰਕਾਰ ਦੀਆਂ ਨੀਤੀਆਂ ਨੂੰ ਜ਼ਿੰਮੇਵਾਰ ਠਹਿਰਾਉਂਦਿਆਂ, ਕਿਹਾ ਕਿ ਇੱਕ ਸਮਾਂ ਸੀ ਜਦੋਂ ਲੁਧਿਆਣਾ ਟੈਕਸਟਾਈਲ, ਹੋਜ਼ਰੀ, ਸਾਈਕਲ, ਆਟੋ ਪਾਰਟਸ, ਮਸ਼ੀਨ ਟੂਲਜ਼, ਗਾਰਮੈਂਟਸ, ਊਨੀ ਕੱਪੜੇ ਅਤੇ ਪਲਾਸਟਿਕ ਸਮੇਤ ਕਈ ਉਦਯੋਗਾਂ ਦਾ ਮਜ਼ਬੂਤ ਕੇਂਦਰ ਸੀ, ਪਰ ਅੱਜ ਇਹ ਗਲਤ ਨੀਤੀਆਂ ਕਾਰਨ ਉਦਯੋਗਿਕ ਤਬਾਹੀ ਦੀ ਮਿਸਾਲ ਬਣ ਗਿਆ ਹੈ। ਉਨ੍ਹਾਂ ਨੇ ਕਿਹਾ ਕਿ ਉਤਪਾਦਨ ਲਾਗਤ ਵਿੱਚ ਲਗਾਤਾਰ ਵਾਧਾ, ਮਹਿੰਗੀ ਬਿਜਲੀ, ਭਾਰੀ ਟੈਕਸ ਅਤੇ ਮਨਜ਼ੂਰੀਆਂ ਦੀ ਲੰਬੀ ਤੇ ਗੁੰਝਲਦਾਰ ਪ੍ਰਕਿਰਿਆ ਨੇ ਵੱਡੀ ਗਿਣਤੀ ਵਿੱਚ ਉਦਯੋਗਿਕ ਇਕਾਈਆਂ ਨੂੰ ਬੰਦ ਹੋਣ ਲਈ ਮਜਬੂਰ ਕਰ ਦਿੱਤਾ ਹੈ, ਜਿਸ ਨਾਲ ਲੁਧਿਆਣਾ ਦੀ ਉਦਯੋਗਿਕ ਪਛਾਣ ਖੋਖਲੀ ਹੋ ਰਹੀ ਹੈ। ਦੀਵਾਨ ਨੇ ਕਿਹਾ ਕਿ ਭਾਵੇਂ ਪੂਰਾ ਉਦਯੋਗਿਕ ਖੇਤਰ ਸੰਕਟ ਵਿੱਚ ਹੈ, ਪਰ ਸਭ ਤੋਂ ਵੱਡੀ ਮਾਰ ਸੂਖਮ, ਛੋਟੇ ਅਤੇ ਦਰਮਿਆਨੇ ਉਦਯੋਗਾਂ (ਐਮਐਸਐਮਈਜ਼ ਖੇਤਰ) 'ਤੇ ਪਈ ਹੈ, ਜੋ ਲੁਧਿਆਣਾ ਦੀ ਆਰਥਿਕਤਾ ਦੀ ਰੀੜ੍ਹ ਦੀ ਹੱਡੀ ਹਨ ਅਤੇ ਲੱਖਾਂ ਲੋਕਾਂ ਨੂੰ ਸਿੱਧੇ ਅਤੇ ਅਸਿੱਧੇ ਤੌਰ 'ਤੇ ਰੋਜ਼ਗਾਰ ਦਿੰਦੇ ਹਨ। ਉਨ੍ਹਾਂ ਨੇ ਕਿਹਾ ਹੈ ਕਿ ਫੈਕਟਰੀਆਂ ਬੰਦ ਹੋਣ ਅਤੇ ਉਦਯੋਗਾਂ ਦੇ ਦੂਜੇ ਸੂਬਿਆਂ ਵੱਲ ਜਾਣ ਕਾਰਨ ਉਹ ਮਜ਼ਦੂਰ, ਜੋ ਪਹਿਲਾਂ ਇੱਜ਼ਤ ਨਾਲ ਆਪਣੇ ਪਰਿਵਾਰਾਂ ਦਾ ਗੁਜ਼ਾਰਾ ਕਰਦੇ ਸਨ, ਅੱਜ ਦੋ ਵੇਲੇ ਦੀ ਰੋਟੀ ਲਈ ਵੀ ਸੰਘਰਸ਼ ਕਰ ਰਹੇ ਹਨ। ਇਨ੍ਹਾਂ ਹਾਲਾਤਾਂ ਲਈ, ਦੀਵਾਨ ਨੇ ਕੇਂਦਰ ਸਰਕਾਰ ਅਤੇ ਪੰਜਾਬ ਦੀ ਆਪ ਸਰਕਾਰ ਦੋਵਾਂ 'ਤੇ ਉਦਯੋਗਾਂ ਪ੍ਰਤੀ ਲਾਪਰਵਾਹੀ ਦਾ ਦੋਸ਼ ਲਗਾਉਂਦਿਆਂ, ਕਿਹਾ ਕਿ ਉਨ੍ਹਾਂ ਦੀ ਅਣਦੇਖੀ ਕਾਰਨ ਕਈ ਵੱਡੇ ਉਦਯੋਗਿਕ ਘਰਾਣਿਆਂ ਨੇ ਆਪਣੇ ਵਿਸਥਾਰ ਪ੍ਰੋਜੈਕਟ ਉਹਨਾਂ ਸੂਬਿਆਂ ਵਿੱਚ ਲਿਜਾਣੇ ਸ਼ੁਰੂ ਕਰ ਦਿੱਤੇ ਹਨ, ਜਿੱਥੇ ਉਨ੍ਹਾਂ ਨੂੰ ਪ੍ਰੋਤਸਾਹਨ, ਸਸਤੀ ਬਿਜਲੀ ਅਤੇ ਉਦਯੋਗ-ਪੱਖੀ ਨੀਤੀਆਂ ਮਿਲ ਰਹੀਆਂ ਹਨ। ਉਨ੍ਹਾਂ ਨੇ ਕਿਹਾ ਕਿ ਪੰਜਾਬ ਤੋਂ ਬਾਹਰ ਜਾਣ ਵਾਲੀ ਹਰ ਉਦਯੋਗਿਕ ਇਕਾਈ ਇਸ ਗੱਲ ਦਾ ਜਿਉਂਦਾ-ਜਾਗਦਾ ਸਬੂਤ ਹੈ ਕਿ ਸੂਬੇ ਦੀ ਸਰਕਾਰ ਉਦਯੋਗਾਂ ਨੂੰ ਸੰਭਾਲਣ ਵਿੱਚ ਪੂਰੀ ਤਰ੍ਹਾਂ ਨਾਕਾਮ ਰਹੀ ਹੈ। ਦੀਵਾਨ ਨੇ ਕਿਹਾ ਕਿ ਬਹੁਤ ਪ੍ਰਚਾਰਿਆ ਜਾਂਦਾ ਪੰਜਾਬ ਇਨਵੈਸਟ ਸਮਿੱਟ ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਹਰ ਸਾਲ ਕਰਵਾਇਆ ਜਾਣ ਵਾਲਾ ਇੱਕ ਦਿਖਾਵਾ ਮਾਤਰ ਹੈ, ਜਿਸਦਾ ਮਕਸਦ ਇਹ ਭਰਮ ਪੈਦਾ ਕਰਨਾ ਹੈ ਕਿ ਪੰਜਾਬ ਵਿੱਚ ਵੱਡੇ ਉਦਯੋਗਿਕ ਨਿਵੇਸ਼ ਆ ਰਹੇ ਹਨ। ਜਦਕਿ ਅਸਲ ਹਕੀਕਤ ਇਹ ਹੈ ਕਿ ਮਹਿੰਗੀ ਬਿਜਲੀ, ਭਾਰੀ ਟੈਕਸਾਂ ਅਤੇ ਮਨਜ਼ੂਰੀਆਂ ਦੀ ਲੰਬੀ ਪ੍ਰਕਿਰਿਆ ਕਾਰਨ ਪੰਜਾਬ ਵਿੱਚ ਕੋਈ ਨਵੀਂ ਉਦਯੋਗਿਕ ਇਕਾਈ ਸਥਾਪਿਤ ਨਹੀਂ ਹੋ ਰਹੀ ਹੈ। ਭਗਵੰਤ ਮਾਨ ਦੀ ਅਗਵਾਈ ਵਾਲੀ ਆਪ ਸਰਕਾਰ 'ਤੇ ਤਨਜ਼ ਕੱਸਦਿਆਂ ਦੀਵਾਨ ਨੇ ਕਿਹਾ ਕਿ ਸਿਰਫ਼ ਸਾਢੇ ਚਾਰ ਸਾਲਾਂ ਵਿੱਚ ਮੌਜੂਦਾ ਸਰਕਾਰ ਨੇ ਪੰਜਾਬ ਦੇ ਉਦਯੋਗਾਂ ਨੂੰ ਵਿਕਾਸ ਦੀ ਰਫ਼ਤਾਰ ਦੇਣ ਦੀ ਬਜਾਏ ਉਲਟੀ ਦਿਸ਼ਾ ਵੱਲ ਧੱਕ ਦਿੱਤਾ ਹੈ। ਦੀਵਾਨ ਨੇ ਕਿਹਾ ਕਿ ਪੰਜਾਬ ਦੇ ਲੋਕ ਕੁਝ ਮਹੀਨਿਆਂ ਤੱਕ ਆਉਣ ਵਾਲੀਆਂ ਚੋਣਾਂ ਵਿਚ ਇੱਕ ਸਭ ਤੋਂ ਮਾੜੀ ਸਰਕਾਰ ਨੂੰ ਸੱਤਾ ਤੋਂ ਬਾਹਰ ਕਰਨ ਲਈ ਪੂਰੀ ਤਰ੍ਹਾਂ ਦ੍ਰਿੜ੍ਹ ਹਨ।

●----- ਸ.ਫ਼ਾ 1 ਦਾ ਬਾਕੀ -----●

## ਸਾਡੀ ਸਰਕਾਰ ਵਿਸ਼ਵ ਪੱਧਰੀ ਖੇਡ ਬੁਨਿਆਦੀ...

ਜਾਵੇਗਾ। ਉਨ੍ਹਾਂ ਕਿਹਾ ਇਹ ਅਪਗ੍ਰੇਡ ਕੀਤਾ ਗਿਆ ਬੁਨਿਆਦੀ ਢਾਂਚਾ ਵੱਕਾਰੀ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਬੈਡਮਿੰਟਨ ਟੂਰਨਾਮੈਂਟਾਂ ਦੀ ਮੇਜ਼ਬਾਨੀ ਕਰਨ ਲਈ ਪੰਜਾਬ ਦੀ ਸਮਰੱਥਾ ਨੂੰ ਮਹੱਤਵਪੂਰਨ ਤੌਰ 'ਤੇ ਮਜ਼ਬੂਤ ਕਰੇਗਾ। ਇਸ ਸਟੇਡੀਅਮ ਨੂੰ ਇਸ ਸਾਲ ਦਸੰਬਰ ਵਿੱਚ ਸਬ-ਜੂਨੀਅਰ ਨੈਸ਼ਨਲ ਬੈਡਮਿੰਟਨ ਚੈਂਪੀਅਨਸ਼ਿਪ ਦੀ ਮੇਜ਼ਬਾਨੀ ਲਈ ਚੁਣਿਆ ਗਿਆ ਹੈ, ਜੋ ਕਰੀਬ ਚਾਰ ਦਹਾਕਿਆਂ ਵਿੱਚ ਇੱਥੇ ਹੋਣ ਵਾਲੀ ਪਹਿਲੀ ਨੈਸ਼ਨਲ ਬੈਡਮਿੰਟਨ ਚੈਂਪੀਅਨਸ਼ਿਪ ਹੋਵੇਗੀ। ਆਪਣੇ ਦੌਰੇ ਦੌਰਾਨ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਖਿਡਾਰੀਆਂ, ਕੋਚਾਂ ਅਤੇ ਖੇਡ ਅਧਿਕਾਰੀਆਂ ਨਾਲ ਗੱਲਬਾਤ ਕੀਤੀ ਅਤੇ ਸਟੇਡੀਅਮ ਵਿੱਚ ਮੌਜੂਦਾ ਖੇਡ ਬੁਨਿਆਦੀ ਢਾਂਚੇ ਦਾ ਜਾਇਜ਼ਾ ਲਿਆ। ਉਨ੍ਹਾਂ ਬੈਡਮਿੰਟਨ ਜਗਤ ਨੂੰ ਭਰੋਸਾ ਦਿਵਾਇਆ ਕਿ ਪੰਜਾਬ ਸਰਕਾਰ ਚੈਂਪੀਅਨਸ਼ਿਪ ਦੇ ਸਫ਼ਲ ਪ੍ਰਬੰਧ ਲਈ ਹਰ ਸੰਭਵ ਸਹਿਯੋਗ ਦੇਵੇਗੀ ਅਤੇ ਸੂਬੇ ਭਰ ਵਿੱਚ ਖੇਡ ਬੁਨਿਆਦੀ ਢਾਂਚੇ ਦੇ ਵਿਕਾਸ ਵਿੱਚ ਨਿਵੇਸ਼ ਕਰਨਾ ਜਾਰੀ ਰੱਖੇਗੀ।

ਮੁੱਖ ਮੰਤਰੀ ਨੇ ਕਿਹਾ ਕਿ ਪੰਜਾਬ ਨੇ ਕਈ ਮਹਾਨ ਖਿਡਾਰੀ ਪੈਦਾ ਕੀਤੇ ਹਨ ਅਤੇ ਸਦੀਆਂ ਤੋਂ ਖੇਡਾਂ ਨਾਲ ਇਸ ਦਾ ਡੂੰਘਾ ਸਬੰਧ ਰਿਹਾ ਹੈ। ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ ਸਾਡੇ ਪੂਜਨੀਕ ਸਿੱਖ ਗੁਰੂਆਂ ਨੇ ਖੇਡਾਂ ਰਾਹੀਂ ਨਾ ਸਿਰਫ਼ ਅਧਿਆਤਮਿਕਤਾ ਸਗੋਂ ਸਰੀਰਕ ਤੰਦਰੁਸਤੀ ਨੂੰ ਵੀ ਉਤਸ਼ਾਹਿਤ ਕੀਤਾ। ਸ੍ਰੀ ਗੁਰੂ ਅੰਗਦ ਦੇਵ ਜੀ ਨੇ ਖਡੂਰ ਸਾਹਿਬ ਵਿਖੇ 'ਮੱਲ ਅਖਾੜਾ' ਸਥਾਪਿਤ ਕੀਤਾ ਅਤੇ ਖੁਦ ਕੁਸ਼ਤੀ ਅਤੇ ਸਰੀਰਕ ਸਿਖਲਾਈ ਦੀ ਨਿਗਰਾਨੀ ਕੀਤੀ, ਜਦੋਂ ਕਿ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਨੇ ਨੌਜਵਾਨਾਂ ਨੂੰ ਘੋੜ ਸਵਾਰੀ ਅਤੇ ਤੀਰਅੰਦਾਜ਼ੀ ਦੀ ਸਿਖਲਾਈ ਦਿੱਤੀ।

ਦਸਮੇਸ਼ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਆਪਣੇ ਸਮੇਂ ਦੀ ਹਰ ਖੇਡ ਅਤੇ ਯੁੱਧ ਕਲਾ (ਮਾਰਸ਼ਲ ਆਰਟ) ਵਿੱਚ ਮਾਹਰ ਸਨ। ਅੱਜ ਵੀ ਪੰਜਾਬ ਸ੍ਰੀ ਅਨੰਦਪੁਰ ਸਾਹਿਬ ਵਿਖੇ ਹੋਲਾ ਮਹੱਲਾ ਦੌਰਾਨ ਕੀਤੀਆਂ ਜਾਣ ਵਾਲੀਆਂ ਰਵਾਇਤੀ ਖੇਡਾਂ ਰਾਹੀਂ ਆਪਣੀਆਂ ਅਮੀਰ ਖੇਡ ਪਰੰਪਰਾਵਾਂ ਦਾ ਮਾਣ ਨਾਲ ਪ੍ਰਦਰਸ਼ਨ ਕਰਦਾ ਹੈ। ਮੁੱਖ ਮੰਤਰੀ ਨੇ ਕਿਹਾ ਖੇਡ ਬੁਨਿਆਦੀ ਢਾਂਚੇ ਅਤੇ ਅਥਲੀਟਾਂ ਦੇ ਵਿਕਾਸ ਵਿੱਚ ਪੰਜਾਬ ਸਰਕਾਰ ਦੇ ਨਿਰੰਤਰ ਨਿਵੇਸ਼ ਨੇ ਪਹਿਲਾਂ ਹੀ ਉਤਸ਼ਾਹਜਨਕ ਨਤੀਜੇ ਦੇਣੇ ਸ਼ੁਰੂ ਕਰ ਦਿੱਤੇ ਹਨ, ਜਿਸ ਨਾਲ ਸੂਬੇ ਦੇ ਕਈ ਖਿਡਾਰੀਆਂ ਨੇ ਉੱਚ ਪੱਧਰੀ ਮੁਕਾਬਲਿਆਂ ਵਿੱਚ ਆਪਣੀ ਜਗ੍ਹਾ ਬਣਾਈ ਹੈ। ਉਨ੍ਹਾਂ ਦੁਹਰਾਇਆ ਕਿ ਸਰਕਾਰ ਖੇਡਾਂ ਨੂੰ ਉਤਸ਼ਾਹਿਤ ਕਰਨ ਅਤੇ ਪੰਜਾਬ ਦੇ ਨੌਜਵਾਨਾਂ ਲਈ ਵਿਸ਼ਵ ਪੱਧਰੀ ਸਹੂਲਤਾਂ ਸਿਰਜਣ ਲਈ ਹਰ ਸੰਭਵ ਯਤਨ ਜਾਰੀ ਰੱਖੇਗੀ।

## ਖ਼ਰਾਬ ਨਤੀਜੇ ਵਾਲੇ 68 ਸਕੂਲ ਪ੍ਰਿੰਸੀਪਲਾਂ...

ਕਹਿਣਾ ਹੈ ਕਿ ਵਿਦਿਆਰਥੀਆਂ ਦੇ ਬਿਹਤਰ ਨਤੀਜੇ ਯਕੀਨੀ ਬਣਾਉਣਾ ਸਕੂਲ ਮੁਖੀਆਂ ਦੀ ਜ਼ਿੰਮੇਵਾਰੀ ਹੈ ਅਤੇ ਕਿਸੇ ਵੀ ਪੱਧਰ 'ਤੇ ਲਾਪਰਵਾਹੀ ਬਰਦਾਸ਼ਤ ਨਹੀਂ ਕੀਤੀ ਜਾਵੇਗੀ। ਸਿੱਖਿਆ ਵਿਭਾਗ ਨੇ ਸਪੱਸ਼ਟ ਕੀਤਾ ਹੈ ਕਿ ਰਾਜ ਦੇ ਸਰਕਾਰੀ ਸਕੂਲਾਂ ਵਿੱਚ ਸਿੱਖਿਆ ਦੀ ਗੁਣਵੱਤਾ ਵਿੱਚ ਸੁਧਾਰ ਕਰਨਾ ਸਰਕਾਰ ਦੀ ਤਰਜੀਹ ਹੈ। ਇਸ ਲਈ, ਨਿਯਮਤ ਸਮੀਖਿਆਵਾਂ, ਨਿਰੀਖਣ ਅਤੇ ਪ੍ਰਦਰਸ਼ਨ-ਅਧਾਰਤ ਜਵਾਬਦੇਹੀ ਸਥਾਪਤ ਕੀਤੀ ਜਾ ਰਹੀ ਹੈ। ਵਧੀਆ ਪ੍ਰਦਰਸ਼ਨ ਕਰਨ ਵਾਲੇ ਸਕੂਲਾਂ ਨੂੰ ਉਤਸ਼ਾਹਿਤ ਕੀਤਾ ਜਾਵੇਗਾ, ਜਦੋਂ ਕਿ ਲਗਾਤਾਰ ਮਾੜੇ ਨਤੀਜਿਆਂ ਦੀ ਰਿਪੋਰਟ ਕਰਨ ਵਾਲੇ ਸਕੂਲਾਂ ਲਈ ਵਿਸ਼ੇਸ਼ ਸੁਧਾਰ ਯੋਜਨਾਵਾਂ ਲਾਗੂ ਕੀਤੀਆਂ ਜਾਣਗੀਆਂ। ਵਿਭਾਗ ਦੇ ਅਧਿਕਾਰੀਆਂ ਦਾ ਕਹਿਣਾ ਹੈ ਕਿ ਸਿਰਫ਼ ਪ੍ਰੀਖਿਆ ਨਤੀਜੇ ਹੀ ਨਹੀਂ, ਸਗੋਂ ਵਿਦਿਆਰਥੀਆਂ ਦੀ ਹਾਜ਼ਰੀ, ਅਕਾਦਮਿਕ ਪ੍ਰਦਰਸ਼ਨ, ਅਧਿਆਪਨ ਪ੍ਰਬੰਧਾਂ ਅਤੇ ਸਕੂਲ ਪ੍ਰਬੰਧਨ ਦੀ ਵੀ ਨਿਗਰਾਨੀ ਕੀਤੀ ਜਾ ਰਹੀ ਹੈ। ਜੇਕਰ ਲੋੜ ਪਈ ਤਾਂ ਭਵਿੱਖ ਵਿੱਚ ਨਤੀਜਿਆਂ ਨੂੰ ਬਿਹਤਰ ਬਣਾਉਣ ਲਈ ਸਬੰਧਤ ਸਕੂਲਾਂ ਨੂੰ ਅਕਾਦਮਿਕ ਸਹਾਇਤਾ ਅਤੇ ਵਾਧੂ ਮਾਰਗਦਰਸ਼ਨ ਪ੍ਰਦਾਨ ਕੀਤਾ ਜਾਵੇਗਾ। ਸੂਤਰਾਂ ਅਨੁਸਾਰ, ਸਿੱਖਿਆ ਵਿਭਾਗ ਨੇ ਜ਼ਿਲ੍ਹਾ ਸਿੱਖਿਆ ਅਧਿਕਾਰੀਆਂ ਨੂੰ ਅਜਿਹੇ ਸਕੂਲਾਂ ਦੀ ਨਿਯਮਤ ਤੌਰ 'ਤੇ ਨਿਗਰਾਨੀ ਕਰਨ ਅਤੇ ਸਮੇਂ-ਸਮੇਂ 'ਤੇ ਪ੍ਰਗਤੀ ਰਿਪੋਰਟਾਂ ਮੁੱਖ ਦਫਤਰ ਨੂੰ ਸੌਂਪਣ ਦੇ ਨਿਰਦੇਸ਼ ਵੀ ਦਿੱਤੇ ਹਨ। ਜੇਕਰ ਆਉਣ ਵਾਲੇ ਸੈਸ਼ਨ ਵਿੱਚ ਉਮੀਦ ਅਨੁਸਾਰ ਸੁਧਾਰ ਪ੍ਰਾਪਤ ਨਹੀਂ ਹੁੰਦਾ ਹੈ, ਤਾਂ ਸਬੰਧਤ ਅਧਿਕਾਰੀਆਂ ਅਤੇ ਸਕੂਲ ਮੁਖੀਆਂ ਵਿਰੁੱਧ ਸਖ਼ਤ ਕਾਰਵਾਈ ਕੀਤੀ ਜਾ ਸਕਦੀ ਹੈ।

## ਸੰਸਦ ਦਾ ਮਾਨਸੂਨ ਸੈਸ਼ਨ ਅੱਜ ਤੋਂ, ਵਧਾਈ...

ਪੁਲਿਸ ਅਧਿਕਾਰੀ ਨੇ ਦੱਸਿਆ ਕਿ ਨਵੀਂ ਦਿੱਲੀ ਜ਼ਿਲ੍ਹੇ ਵਿੱਚ ਦਾਖਲ ਹੋਣ ਵਾਲੇ ਹਰ ਵਾਹਨ ਦੀ ਚੰਗੀ ਤਰ੍ਹਾਂ ਜਾਂਚ ਕੀਤੀ ਜਾ ਰਹੀ ਹੈ। ਰਣਨੀਤਕ ਥਾਵਾਂ 'ਤੇ ਵਾਧੂ ਚੌਕੀਆਂ ਸਥਾਪਤ ਕੀਤੀਆਂ ਗਈਆਂ ਹਨ, ਅਤੇ ਰਿਜ਼ਰਵ ਬਲਾਂ ਨੂੰ ਸਟੈਂਡਬਾਏ 'ਤੇ ਰੱਖਿਆ ਗਿਆ ਹੈ। ਸੰਵੇਦਨਸ਼ੀਲ ਖੇਤਰਾਂ ਵਿੱਚ ਸੀਸੀਟੀਵੀ ਨਿਗਰਾਨੀ ਵੀ ਤੇਜ਼ ਕਰ ਦਿੱਤੀ ਗਈ ਹੈ," ਸੂਤਰ ਨੇ ਕਿਹਾ। ਜੰਤਰ-ਮੰਤਰ, ਸੰਸਦ ਮਾਰਗ, ਸੈਂਟਰਲ ਵਿਸਟਾ, ਕਨਾਟ ਪਲੇਸ, ਸ਼ੰਕਰ ਚੌਕ ਅਤੇ ਹੋਰ ਮੁੱਖ ਸਥਾਪਨਾਵਾਂ ਦੇ ਆਲੇ-ਦੁਆਲੇ ਸੁਰੱਖਿਆ ਵਧਾ ਦਿੱਤੀ ਗਈ ਹੈ, ਜਦੋਂ ਕਿ ਕਿਸੇ ਵੀ ਹੰਗਾਮੀ ਸਥਿਤੀ ਦਾ ਜਵਾਬ ਦੇਣ ਲਈ ਤੇਜ਼ ਪ੍ਰਤੀਕਿਰਿਆ ਟੀਮਾਂ ਨੂੰ ਤਾਇਨਾਤ ਕੀਤਾ ਗਿਆ ਹੈ।ਇਹ ਚੌਕਸੀ ਪ੍ਰਦਰਸ਼ਨ ਵਾਲੀ ਥਾਂ 'ਤੇ ਤਾਜ਼ਾ ਘਟਨਾਕ੍ਰਮ ਦੇ ਵਿਚਕਾਰ ਵਧਾਈ ਗਈ ਹੈ, ਜਿੱਥੇ ਸੀਜੇਪੀ ਦੇ ਸੰਸਥਾਪਕ ਅਭਿਜੀਤ ਦੀਪਕੇ ਨੇ ਆਪਣੀ ਅਣਮਿੱਥੇ ਸਮੇਂ ਲਈ ਭੁੱਖ ਹੜਤਾਲ ਜਾਰੀ ਰੱਖੀ, ਜਦੋਂ ਕਾਰਕੁਨ ਸੋਨਮ ਵਾਂਗਚੁਕ ਨੂੰ ਸ਼ਨੀਵਾਰ ਨੂੰ ਉਨ੍ਹਾਂ ਦੀ ਸਿਹਤ ਵਿਗੜਨ ਤੋਂ ਬਾਅਦ ਸਫਦਰਜੰਗ ਹਸਪਤਾਲ ਲਿਜਾਇਆ ਗਿਆ।

## ਅਮਰੀਕਾ ਨੇ ਇਰਾਨ 'ਤੇ ਜ਼ਵਾਬੀ ਹਮਲੇ...

ਕੀਤੇ ਗਏ ਹਨ ਜਿਨ੍ਹਾਂ ਨੇ ਕੱਲ੍ਹ ਰਾਤ ਜਾਰਡਨ ਵਿੱਚ ਅਮਰੀਕੀ ਸੇਵਾ ਮੈਂਬਰਾਂ ਵਿਰੁੱਧ ਹਮਲੇ ਕੀਤੇ ਸਨ। ਅਮਰੀਕੀ ਹਮਲਿਆਂ ਤੋਂ ਬਾਅਦ ਇਰਾਨੀ ਸ਼ਹਿਰ ਸਿਰਿਕ ਦੇ ਪ੍ਰਭਾਵਿਤ ਹੋਣ ਦੀਆਂ ਰਿਪੋਰਟਾਂ ਸਾਹਮਣੇ ਆਈਆਂ। ਹੋਰਮੁਜ਼ ਜਲਡਮਰੂ ਨੂੰ ਨਜ਼ਰਅੰਦਾਜ਼ ਕਰਦੇ ਹੋਏ ਰਣਨੀਤਕ ਤੌਰ 'ਤੇ ਸਥਿਤ, ਸਿਰਿਕ ਨੂੰ ਇਰਾਨ ਦੇ ਦੱਖਣੀ ਤੱਟ ਨੂੰ ਨਿਸ਼ਾਨਾ ਬਣਾਉਣ ਵਾਲੀ ਅਮਰੀਕੀ ਮੁਹਿੰਮ ਸ਼ੁਰੂ ਹੋਣ ਤੋਂ ਬਾਅਦ ਲਗਾਤਾਰ ਹਮਲਿਆਂ ਦਾ ਸਾਹਮਣਾ ਕਰਨਾ ਪਿਆ ਹੈ। ਅਮਰੀਕੀ ਹਮਲਿਆਂ ਦਾ ਨਿਸ਼ਾਨਾਂ ਦੱਖਣੀ ਇਰਾਨ ਦੇ ਬੰਦਰ ਅੱਬਾਸ, ਕੇਸ਼ਮ ਟਾਪੂ ਅਤੇ ਹੋਰਮੁਜ਼ ਜਲਡਮਰੂ ਦੇ ਨੇੜੇ ਦੇ ਖੇਤਰ, ਨਾਲ ਹੀ ਅਹਵਾਜ਼ ਅਤੇ ਬੁਸ਼ਹਿਰ ਸ਼ਾਮਲ ਹਨ। ਇਰਾਨੀ ਰਿਪੋਰਟਾਂ ਵਿੱਚ ਕਿਹਾ ਗਿਆ ਹੈ ਕਿ ਹਮਲੇ 'ਚ ਸਿਰਫ਼ ਫੌਜੀ ਥਾਵਾਂ ਨੂੰ ਹੀ ਨਿਸ਼ਾਨਾ ਨਹੀਂ ਬਣਾਇਆ ਗਿਆ ਬਲਕਿ ਕੁਝ ਰਿਹਾਇਸ਼ੀ ਇਲਾਕਿਆਂ ਨੂੰ ਵੀ ਪ੍ਰਭਾਵਿਤ ਕੀਤਾ ਹੈ । ਇਰਾਨ ਨੇ ਕਿਹਾ ਕਿ ਉਹ ਹੋਰਮੁਜ਼ ਜਲਡਮਰੂ 'ਤੇ ਕੰਟਰੋਲ ਬਣਾਈ ਰੱਖੇਗਾ ਅਤੇ ਪੂਰੇ ਖੇਤਰ ਵਿੱਚ ਅਮਰੀਕੀ ਫੌਜੀ ਸੰਪਤੀਆਂ ਦਾ ਬਦਲਾ ਲਵੇਗਾ। ਈਰਾਨੀ ਫੌਜ ਅਤੇ ਇਸਲਾਮਿਕ ਰੈਵੋਲਿਊਸ਼ਨਰੀ ਗਾਰਡ ਕੋਰ ਦੋਵਾਂ ਨੇ ਕਿਹਾ ਕਿ ਉਨ੍ਹਾਂ ਨੇ ਰਾਤੋ ਰਾਤ ਜਾਰਡਨ, ਕੁਵੈਤ ਅਤੇ ਬਹਿਰੀਨ ਵਿੱਚ ਅਮਰੀਕੀ ਫੌਜੀ ਟਿਕਾਣਿਆਂ ਨੂੰ ਨਿਸ਼ਾਨਾ ਬਣਾਇਆ। ਇਰਾਨੀ ਫੌਜੀ ਅਧਿਕਾਰੀਆਂ ਨੇ ਚੇਤਾਵਨੀ ਦਿੱਤੀ ਹੈ ਕਿ ਅਮਰੀਕੀ ਹਮਲੇ ਜਾਰੀ ਰੱਖਣ ਨਾਲ ਸਖ਼ਤ ਜਵਾਬੀ ਹਮਲੇ ਹੋਣਗੇ। ਸਰਕਾਰੀ ਟੀਵੀ ਰਿਪੋਰਟਾਂ ਅਤੇ ਮੋਜਤਬਾ ਖਮੇਨੀ, ਜੋ ਕਿ ਯੁੱਧ ਸ਼ੁਰੂ ਹੋਣ ਤੋਂ ਬਾਅਦ ਅਜੇ ਵੀ ਅਣਦੇਖੇ ਹਨ ਨੇ ਰਾਸ਼ਟਰਪਤੀ ਡੋਨਾਲਡ ਟਰੰਪ ਦੇ ਦਸਤਖਤ ਨੂੰ "ਬੇਕਾਰ ਅਤੇ ਅਵੈਧ" ਕਰਾਰ ਦਿੱਤਾ। ਇੱਕ ਈਰਾਨੀ ਵਾਰਤਾਕਾਰ ਨੇ ਕਿਹਾ ਕਿ ਤਹਿਰਾਨ ਲਗਭਗ ਇੱਕ ਮਹੀਨਾ ਪਹਿਲਾਂ ਹਸਤਾਖਰ ਕੀਤੇ ਗਏ ਅੰਤਰਿਮ ਸਮਝੌਤੇ ਪ੍ਰਤੀ ਆਪਣੀਆਂ ਵਚਨਬੱਧਤਾਵਾਂ ਨੂੰ ਮੁਅੱਤਲ ਕਰ ਰਿਹਾ ਹੈ ਅਤੇ ਇਸਦਾ ਉਦੇਸ਼ ਲੜਾਈ ਨੂੰ ਸਥਾਈ ਤੌਰ 'ਤੇ ਖਤਮ ਕਰਨਾ ਹੈ।

## ਨੀਟ ਯੂਜੀ ਮੁੜ ਸੁਰਖੀਆਂ 'ਚ : ਵਿਦਿਆਰਥਣ...

ਕਾਰਨ ਪਰੇਸ਼ਾਨ ਹੈ। ਵਿਦਿਆਰਥਣ ਨੇ ਸਬੰਧਤ ਅਧਿਕਾਰੀਆਂ ਨੂੰ ਸ਼ਿਕਾਇਤ ਕੀਤੀ ਹੈ ਅਤੇ ਮਾਮਲੇ ਦੀ ਨਿਰਪੱਖ ਜਾਂਚ ਦੀ ਮੰਗ ਕੀਤੀ ਹੈ। ਲੁਧਿਆਣਾ ਜ਼ਿਲ੍ਹੇ ਦੇ ਸਮਰਾਲਾ ਖੇਤਰ ਦੇ ਪਿੰਡ ਨਡੇਲੇ (ਸਿਹਾਲਾ) ਦੀ ਵਸਨੀਕ ਸਿਮਰਨ ਰਾਣੀ ਦਾ ਦਾਅਵਾ ਹੈ ਕਿ ਉਸਨੇ ਦੁਬਾਰਾ ਨੀਟ ਯੂਜੀ ਪ੍ਰੀਖਿਆ ਦੇ ਨਤੀਜੇ ਐਲਾਨੇ ਜਾਣ ਤੋਂ ਬਾਅਦ ਅਧਿਕਾਰਤ ਵੈੱਬਸਾਈਟ 'ਤੇ ਆਪਣਾ ਨਤੀਜਾ ਚੈੱਕ ਕੀਤਾ। ਉਸ ਦੇ ਅਨੁਸਾਰ, ਸਕ੍ਰੀਨ 'ਤੇ 720 ਵਿੱਚੋਂ 715 ਅੰਕ ਅਤੇ ਆਲ ਇੰਡੀਆ ਰੈਂਕ 1 ਦਿਖਾਇਆ ਗਿਆ। ਪਰਿਵਾਰ ਇਸ ਪ੍ਰਾਪਤੀ ਤੋਂ ਬਹੁਤ ਖੁਸ਼ ਸੀ ਅਤੇ ਘਰ ਵਿੱਚ ਮਠਿਆਈਆਂ ਵੰਡੀਆਂ ਗਈਆਂ।

ਪਿੰਡ ਦੇ ਸਰਪੰਚ ਨੇ ਵੀ ਵਿਦਿਆਰਥੀ ਦਾ ਸਨਮਾਨ ਕੀਤਾ। ਜਦੋਂ ਪਰਿਵਾਰ ਨੇ ਕੁਝ ਸਮੇਂ ਬਾਅਦ ਵੈੱਬਸਾਈਟ 'ਤੇ ਦੁਬਾਰਾ ਨਤੀਜਾ ਚੈੱਕ ਕੀਤਾ, ਤਾਂ ਅੰਕ ਉਹੀ ਰਹੇ ਪਰ ਸਿਮਰਨ ਦਾ ਨਾਮ ਮੈਰਿਟ ਸੂਚੀ ਵਿੱਚ ਨਹੀਂ ਮਿਲਿਆ। ਤੀਜੀ ਵਾਰ ਲੌਗਇਨ ਕਰਨ 'ਤੇ, ਉਸ ਦਾ ਨਤੀਜਾ ਵੈੱਬਸਾਈਟ ਤੋਂ ਪੂਰੀ ਤਰ੍ਹਾਂ ਗਾਇਬ ਹੋ ਗਿਆ। ਇਸ ਤੋਂ ਬਾਅਦ ਵਾਰ-ਵਾਰ ਕੋਸ਼ਿਸ਼ਾਂ ਕਰਨ ਦੇ ਬਾਵਜੂਦ, ਨਤੀਜਾ ਨਹੀਂ ਆਇਆ। ਸਿਮਰਨ ਦੇ ਪਿਤਾ, ਹਰਦੀਪ ਕੁਮਾਰ ਅਤੇ ਦਾਦਾ ਕਿਸਾਨ ਹਨ। ਪਰਿਵਾਰ ਦਾ ਕਹਿਣਾ ਹੈ ਕਿ ਸੀਮਤ ਸਾਧਨਾਂ ਦੇ ਬਾਵਜੂਦ, ਸਿਮਰਨ ਰੋਜ਼ਾਨਾ 12 ਤੋਂ 13 ਘੰਟੇ ਪੜ੍ਹਾਈ ਕਰਦੀ ਸੀ। ਉਸ ਦੀ ਮਾਂ, ਪੂਨਮ ਨੇ ਸਵਾਲ ਕੀਤਾ ਕਿ ਜੇਕਰ ਵੈੱਬਸਾਈਟ 715 ਅੰਕ ਦਿਖਾਉਂਦੀ ਹੈ ਤਾਂ ਉਸ ਦਾ ਨਾਮ ਮੈਰਿਟ ਸੂਚੀ ਵਿੱਚ ਕਿਉਂ ਨਹੀਂ ਸੀ। ਪਰਿਵਾਰ ਨੇ ਮੰਗ ਕੀਤੀ ਕਿ ਵਿਦਿਆਰਥੀ ਦੀ ਓਐਮਆਰ ਸ਼ੀਟ ਅਤੇ ਉੱਤਰ ਕੁੰਜੀ ਨੂੰ ਜਨਤਕ ਤੌਰ 'ਤੇ ਪ੍ਰਦਰਸ਼ਿਤ ਕੀਤਾ ਜਾਵੇ ਅਤੇ ਨਿਰਪੱਖ ਜਾਂਚ ਕੀਤੀ ਜਾਵੇ। ਪਿੰਡ ਦੇ ਸਰਪੰਚ ਨੀਰਜ ਨੇ ਕਿਹਾ ਕਿ ਵਿਦਿਆਰਥੀ ਨੇ ਨਤੀਜੇ ਦਾ ਸਕ੍ਰੀਨਸ਼ਾਟ ਵੀ ਸੁਰੱਖਿਅਤ ਰੱਖਿਆ ਹੈ। ਪਰਿਵਾਰ ਨੇ ਸਬੰਧਤ ਅਧਿਕਾਰੀਆਂ ਕੋਲ ਸ਼ਿਕਾਇਤ ਦਰਜ ਕਰਵਾਈ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਵਿਦਿਆਰਥੀ ਨੂੰ ਸੁਣਵਾਈ ਲਈ ਦਿੱਲੀ ਬੁਲਾਇਆ ਗਿਆ ਹੈ। ਜੇਕਰ ਉੱਥੇ ਕੋਈ ਢੁਕਵਾਂ ਹੱਲ ਨਹੀਂ ਨਿਕਲਦਾ ਹੈ ਤਾਂ ਪਰਿਵਾਰ ਇਨਸਾਫ਼ ਲਈ ਅਦਾਲਤ ਦਾ ਦਰਵਾਜ਼ਾ ਖੜਕਾਏਗਾ। ਇਸ ਵੇਲੇ, ਇਸ ਵਿਵਾਦ 'ਤੇ ਨੈਸ਼ਨਲ ਟੈਸਟਿੰਗ ਏਜੰਸੀ ਵੱਲੋਂ ਕੋਈ ਅਧਿਕਾਰਤ ਬਿਆਨ ਜਾਰੀ ਨਹੀਂ ਕੀਤਾ ਗਿਆ ਹੈ।

# ਫਾਰਮੇਸੀ ਅਫਸਰ ਦੀ ਪ੍ਰੀਖਿਆ ਦੌਰਾਨ ਹਾਈਟੈੱਕ ਨਕਲ ਗੈਂਗ ਦਾ ਪਰਦਾਫਾਸ਼

**ਇਲੈਕਟ੍ਰਾਨਿਕ ਡਿਵਾਈਸਾਂ ਸਮੇਤ 20 ਵਿਦਿਆਰਥੀ ਹਿਰਾਸਤ 'ਚ**

**ਫਰੀਦਕੋਟ** : ਪੰਜਾਬ ਦੇ ਵੱਕਾਰੀ ਸਰਕਾਰੀ ਇਮਤਿਹਾਨਾਂ ਵਿੱਚ ਨਕਲ ਕਰਵਾਉਣ ਵਾਲੇ ਇੱਕ ਵੱਡੇ ਗੈਂਗ ਦਾ ਪਰਦਾਫ਼ਾਸ਼ ਹੋਇਆ ਹੈ। ਅੱਜ ਇੱਥੇ ਬਾਬਾ ਫ਼ਰੀਦ ਯੂਨੀਵਰਸਿਟੀ ਵੱਲੋਂ ਫਾਰਮੇਸੀ ਅਫ਼ਸਰਾਂ ਦੀ ਭਰਤੀ ਲਈ ਇਮਤਿਹਾਨ ਲਿਆ ਜਾ ਰਿਹਾ ਸੀ, ਜਿਸ ਵਿੱਚ ਕਰੀਬ 40 ਹਜ਼ਾਰ ਉਮੀਦਵਾਰ ਪੇਪਰ ਦੇਣ ਲਈ ਪਹੁੰਚੇ ਹੋਏ ਸਨ । ਇਸੇ ਦੌਰਾਨ ਗੁਪਤ ਸੂਚਨਾ ਮਿਲਣ ਤੋਂ ਬਾਅਦ ਪੁਲੀਸ ਵੱਲੋਂ ਕੀਤੀ ਗਈ ਛਾਪੇਮਾਰੀ ਦੌਰਾਨ ਫਰੀਦਕੋਟ ਅਤੇ ਕੋਟਕਪੂਰਾ ਦੇ ਪ੍ਰੀਖਿਆ ਕੇਂਦਰਾਂ ਵਿੱਚੋਂ 20 ਵਿਦਿਆਰਥੀ ਫੜੇ ਗਏ ਹਨ । ਫੜੇ ਗਏ ਵਿਦਿਆਰਥੀਆਂ ਕੋਲੋਂ ਬੇਹੱਦ ਬਰੀਕ ਇਲੈਕਟ?ਰਾਨਿਕ ਡਿਵਾਈਸ (ਯੰਤਰ) ਬਰਾਮਦ ਹੋਏ ਹਨ, ਜਿਨ੍ਹਾਂ ਰਾਹੀਂ ਪ੍ਰੀਖਿਆ ਕੇਂਦਰਾਂ ਤੋਂ ਬਾਹਰ ਬੈਠਾ ਗੈਂਗ ਉਨ੍ਹਾਂ ਨੂੰ ਪੇਪਰ ਹੱਲ ਕਰਵਾ ਰਿਹਾ ਸੀ। ਮਿਲੀ ਜਾਣਕਾਰੀ ਅਨੁਸਾਰ, ਗੁਪਤ ਸੂਚਨਾ ਦੇ ਆਧਾਰ 'ਤੇ ਕੁੱਲ 10 ਪ੍ਰੀਖਿਆ ਸੈਂਟਰਾਂ ਦੀ ਬਾਰੀਕੀ ਨਾਲ ਚੈਕਿੰਗ ਕੀਤੀ ਗਈ, ਜਿਨ੍ਹਾਂ ਵਿੱਚੋਂ ਹੁਣ ਤੱਕ 20 ਵਿਦਿਆਰਥੀਆਂ ਕੋਲੋਂ ਨਕਲ ਮਾਰਨ ਲਈ ਵਰਤੇ ਜਾ ਰਹੇ ਇਹ ਹਾਈਟੈੱਕ ਯੰਤਰ ਬਰਾਮਦ ਕੀਤੇ ਜਾ ਚੁੱਕੇ ਹਨ । ਇਹ ਡਿਵਾਈਸ ਕਥਿਤ ਤੌਰ 'ਤੇ ਨਕਲ ਕਰਵਾਉਣ ਵਾਲੇ ਇੱਕ ਸੰਗਠਿਤ ਗੈਂਗ ਵੱਲੋਂ ਉਮੀਦਵਾਰਾਂ ਨੂੰ ਮੁਹੱਈਆ ਕਰਵਾਏ ਗਏ ਸਨ। ਸੂਚਨਾ ਮੁਤਾਬਕ ਨਕਲ ਕਰਵਾਉਣ ਵਾਲੇ ਇਸ ਗੈਂਗ ਨੇ 200 ਤੋਂ ਵੱਧ ਵਿਦਿਆਰਥੀਆਂ ਨੂੰ ਇਹ ਡਿਵਾਈਸ ਵੰਡੇ ਹੋਏ ਸਨ, ਪਰ ਚਲਦੇ ਇਮਤਿਹਾਨ ਦੌਰਾਨ ਹੀ ਪੁਲੀਸ ਅਤੇ ਪ੍ਰਸ਼ਾਸਨ ਮੁਸਤੈਦ ਹੋ ਗਿਆ ਅਤੇ ਇਸ ਪੂਰੇ ਗੋਰਖਧੰਦੇ ਦਾ ਪਰਦਾਫ਼ਾਸ਼ ਹੋ ਗਿਆ। ਖ਼ਬਰ ਲਿਖੇ ਜਾਣ ਤੱਕ ਪ੍ਰਾਪਤ ਜਾਣਕਾਰੀ ਅਨੁਸਾਰ ਵੱਖ-ਵੱਖ ਪ੍ਰੀਖਿਆ ਕੇਂਦਰਾਂ ਦੇ ਅੰਦਰ ਸ਼ੱਕੀ ਵਿਦਿਆਰਥੀਆਂ ਦੀ ਸਖ਼ਤੀ ਨਾਲ ਤਲਾਸ਼ੀ ਲੈਣ ਦਾ ਕੰਮ ਜਾਰੀ ਹੈ।

# ਬੇਅਦਬੀ ਦੇ ਮਾਮਲਿਆਂ 'ਚ ਇਨਸਾਫ਼ ਨੂੰ ਲੈ ਕੇ ਵੜਿੰਗ ਨੇ ਮਾਨ ਅਤੇ ਕੇਜਰੀਵਾਲ ਨੂੰ ਘੇਰਿਆ

**ਚੰਡੀਗੜ੍ਹ** : ਪੰਜਾਬ ਕਾਂਗਰਸ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਨੇ ਮੁੱਖ ਮੰਤਰੀ ਭਗਵੰਤ ਮਾਨ ਅਤੇ ਆਮ ਆਦਮੀ ਪਾਰਟੀ ਦੇ ਕੌਮੀ ਕਨਵੀਨਰ ਅਰਵਿੰਦ ਕੇਜਰੀਵਾਲ ਨੂੰ ਸਰਕਾਰ ਦਾ ਸਾਢੇ ਚਾਰ ਸਾਲ ਦਾ ਕਾਰਜਕਾਲ ਪੂਰਾ ਹੋਣ ਦੇ ਬਾਵਜੂਦ ਬੇਅਦਬੀ ਦੇ ਮਾਮਲਿਆਂ ਵਿੱਚ ਇਨਸਾਫ਼ ਨਾ ਮਿਲਣ ਤੇ ਸਵਾਲ ਕੀਤਾ ਹੈ। ਸੂਬਾ ਕਾਂਗਰਸ ਪ੍ਰਧਾਨ ਨੇ ਆਪ ਆਗੂਆਂ ਨੂੰ ਚੋਣਾਂ ਤੋਂ ਪਹਿਲਾਂ ਦਿੱਤੀ 24 ਘੰਟਿਆਂ ਦੀ ਮਿਆਦ ਦੀ ਯਾਦ ਦਿਵਾਈ ਹੈ, ਜਿਸ ਵਿੱਚ ਉਨ੍ਹਾਂ ਨੇ ਬੇਅਦਬੀ ਮਾਮਲੇ ਦਾ ਹੱਲ ਕਰਕੇ ਦੋਸ਼ੀਆਂ ਨੂੰ ਸਜ਼ਾ ਦਿਵਾਉਣ ਦਾ ਵਾਅਦਾ ਕੀਤਾ ਸੀ। ਉਨ੍ਹਾਂ ਨੇ ਕਿਹਾ ਕਿ ਹੁਣ ਆਪ ਸਰਕਾਰ ਆਪਣੇ ਕਾਰਜਕਾਲ ਦੇ ਆਖ਼ਰੀ ਪੜਾਅ ਵਿੱਚ ਹੈ ਅਤੇ ਉਸਦੇ ਕੋਲ ਸਿਰਫ ਛੇ ਮਹੀਨੇ ਹੀ ਬਾਕੀ ਰਹਿ ਗਏ ਹਨ। ਉਨ੍ਹਾਂ ਨੇ ਕਿਹਾ ਕਿ ਆਪ ਸਰਕਾਰ ਨੇ ਅਕਾਲੀਆਂ ਨੂੰ ਛੱਡ ਦਿੱਤਾ, ਜਦਕਿ ਸੀਨੀਅਰ ਕਾਂਗਰਸੀ ਆਗੂਆਂ ਨੂੰ ਝੂਠੇ ਕੇਸਾਂ ਵਿੱਚ ਫਸਾਇਆ, ਜਿਨ੍ਹਾਂ ਨੂੰ ਬਾਅਦ ਵਿੱਚ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਨੇ ਰੱਦ ਕਰ ਦਿੱਤਾ। ਇਸ ਦੌਰਾਨ, ਉਨ੍ਹਾਂ ਨੇ ਮੁੱਖ ਮੰਤਰੀ ਨੂੰ ਯਾਦ ਦਿਵਾਇਆ ਕਿ ਕਿਵੇਂ ਤੁਸੀਂ ਬਿਨ੍ਹਾਂ ਕਿਸੇ ਕਾਰਨ ਕਾਂਗਰਸੀ ਆਗੂਆਂ ਨੂੰ ਨਿਸ਼ਾਨਾ ਬਣਾਇਆ ਅਤੇ ਕਿਸੇ ਗੁਪਤ ਸਮਝੌਤੇ ਤਹਿਤ ਅਕਾਲੀਆਂ ਨੂੰ ਛੱਡ ਦਿੱਤਾ। ਵੜਿੰਗ ਨੇ ਆਪ ਆਗੂਆਂ ਨੂੰ ਕਿਹਾ ਕਿ ਹੁਣ ਤੁਸੀਂ ਲੋਕਾਂ ਨੂੰ ਤਲਬ ਕਰਨਾ ਸ਼ੁਰੂ ਕੀਤਾ ਹੈ, ਤਾਂ ਜੋ ਇਹ ਪ੍ਰਭਾਵ ਬਣਾਇਆ ਜਾ ਸਕੇ ਕਿ ਤੁਸੀਂ ਇਨਸਾਫ਼ ਕਰਨ ਦੀ ਕੋਸ਼ਿਸ਼ ਕਰ ਰਹੇ ਹੋ। ਉਨ੍ਹਾਂ ਨੇ ਜ਼ੋਰ ਦਿੰਦਿਆਂ, ਕਿਹਾ ਕਿ ਪੰਜਾਬ ਦੇ ਲੋਕ ਇਨ੍ਹਾਂ ਦੇ ਇਰਾਦਿਆਂ ਨੂੰ ਚੰਗੀ ਤਰ੍ਹਾਂ ਸਮਝ ਚੁੱਕੇ ਹਨ ਕਿ ਇਹ ਅਸਲ ਵਿੱਚ ਕੁਝ ਵੀ ਕਰਨ ਵਾਲੇ ਨਹੀਂ ਹਨ। ਵੜਿੰਗ ਨੇ ਕਿਹਾ ਕਿ ਪਹਿਲਾਂ ਆਪ ਸਰਕਾਰ ਨੇ ਜਾਣਬੁੱਝ ਕੇ ਬੇਅਦਬੀ ਦੇ ਮੁੱਦੇ ਨੂੰ ਠੰਢੇ ਬਸਤੇ ਵਿੱਚ ਪਾਇਆ ਰੱਖਿਆ ਅਤੇ ਹੁਣ ਇਸਨੂੰ ਸਿਰਫ਼ ਉਸ ਵੇਲੇ ਦੁਬਾਰਾ ਖੋਲ੍ਹਿਆ ਹੈ, ਕਿਉਂਕਿ ਸ਼੍ਰੀ ਅਕਾਲ ਤਖ਼ਤ ਸਾਹਿਬ ਨੇ ਮੁੱਖ ਮੰਤਰੀ ਭਗਵੰਤ ਮਾਨ ਨੂੰ ਗੁਰੂ ਦੋਖੀ ਕਰਾਰ ਦਿੱਤਾ ਹੈ। ਉਨ੍ਹਾਂ ਨੇ ਕਿਹਾ ਕਿ ਸਾਡੇ ਕੋਲ ਇਹ ਮੰਨਣ ਦੇ ਪੁਖਤਾ ਕਾਰਨ ਹਨ ਕਿ ਆਪ ਸਰਕਾਰ ਅਕਾਲੀਆਂ ਨਾਲ ਕੋਈ ਸਮਝੌਤਾ ਕਰਨ ਦੀ ਕੋਸ਼ਿਸ਼ ਕਰ ਰਹੀ ਹੈ ਅਤੇ ਇਸੇ ਲਈ ਉਹ ਉਸਦੀ ਦੀ ਲੀਡਰਸ਼ਿਪ 'ਤੇ ਦਬਾਅ ਬਣਾਉਣ ਦੀ ਕੋਸ਼ਿਸ਼ ਕਰ ਰਹੀ ਹੈ। ਨਹੀਂ ਤਾਂ, ਇਨ੍ਹਾਂ ਦਾ ਬੇਅਦਬੀ ਦੇ ਮਾਮਲਿਆਂ ਵਿੱਚ ਇਨਸਾਫ਼ ਕਰਨ ਦਾ ਕੋਈ ਇਰਾਦਾ ਨਹੀਂ ਹੈ। ਜੇਕਰ ਅਜਿਹਾ ਇਰਾਦਾ ਹੁੰਦਾ, ਤਾਂ ਆਪਣੇ ਹੀ ਵਾਅਦੇ ਅਨੁਸਾਰ 24 ਘੰਟਿਆਂ ਦੇ ਅੰਦਰ ਇਹ ਕੰਮ ਕਾਫ਼ੀ ਪਹਿਲਾਂ ਕਰ ਚੁੱਕੇ ਹੁੰਦੇ।

# ਜ਼ਮੀਨੀ ਰਿਕਾਰਡ ਦੇ ਆਧੁਨਿਕੀਕਰਨ 'ਚ ਤੇਜ਼ੀ ਲਿਆਉਣ ਦੇ ਦਿੱਤੇ ਨਿਰਦੇਸ਼

**ਕਿਸਾਨਾਂ ਨੂੰ ਐਗਰੀ ਸਟੈਕ ਪ੍ਰੋਗਰਾਮ ਨਾਲ ਜੋੜਨ ਲਈ ਚਲਾਈ ਜਾਵੇ ਵਿਸ਼ੇਸ਼ ਮੁਹਿੰਮ**

**ਚੰਡੀਗੜ੍ਹ** : ਹਰਿਆਣਾ ਦੇ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਨੇ ਐਤਵਾਰ ਨੂੰ ਹਰਿਆਣਾ ਨਿਵਾਸ, ਚੰਡੀਗੜ੍ਹ ਵਿਖੇ ਮਾਲ ਅਤੇ ਆਫ਼ਤ ਪ੍ਰਬੰਧਨ ਵਿਭਾਗ ਦੇ ਕੰਮਕਾਜ ਦੀ ਸਮੀਖਿਆ ਕਰਦਿਆਂ ਡਿਜੀਟਲ ਗਵਰਨੈਂਸ, ਜ਼ਮੀਨੀ ਰਿਕਾਰਡ ਦੇ ਆਧੁਨਿਕੀਕਰਨ ਅਤੇ ਨਾਗਰਿਕ-ਕੇਂਦਰਿਤ ਸੁਧਾਰਾਂ ਦੀ ਪ੍ਰਗਤੀ ਦੀ ਸਮੀਖਿਆ ਕੀਤੀ। ਉਨ੍ਹਾਂ ਨੇ ਅਧਿਕਾਰੀਆਂ ਨੂੰ ਨਿਰਦੇਸ਼ ਦਿੱਤੇ ਕਿ ਮਾਲ ਵਿਭਾਗ ਦੀ ਹਰੇਕ ਸੇਵਾ ਪਾਰਦਰਸ਼ੀ, ਤਕਨੀਕ ਅਧਾਰਤ ਅਤੇ ਨਿਰਧਾਰਤ ਸਮਾਂ ਸੀਮਾ ਦੇ ਅੰਦਰ ਉਪਲਬਧ ਕਰਵਾਈ ਜਾਵੇ ਤਾਂ ਜੋ ਨਾਗਰਿਕਾਂ ਨੂੰ ਬਿਨਾਂ ਕਿਸੇ ਬੇਲੋੜੀ ਦੇਰੀ ਦੇ ਸੁਚੱਜੀਆਂ ਸੇਵਾਵਾਂ ਮਿਲ ਸਕਣ। ਮੀਟਿੰਗ ਵਿੱਚ ਸੂਬੇ ਦੇ ਸਾਰੇ ਜ਼ਿਲ੍ਹਾ ਡਿਪਟੀ ਕਮਿਸ਼ਨਰ, ਡੀ. ਐਮ. ਸੀ. ਸਮੇਤ ਸੀਨੀਅਰ ਅਧਿਕਾਰੀ ਮੌਜੂਦ ਸਨ। ਮੀਟਿੰਗ ਵਿੱਚ ਵਧੀਕ ਮੁੱਖ ਸਕੱਤਰ ਅਤੇ ਵਿੱਤ ਕਮਿਸ਼ਨਰ, ਮਾਲ ਅਤੇ ਆਫ਼ਤ ਪ੍ਰਬੰਧਨ ਵਿਭਾਗ ਡਾ. ਸੁਮਿਤਾ ਮਿਸ਼ਰਾ ਨੇ ਦੱਸਿਆ ਕਿ ਵਿਭਾਗ ਨੇ ਮਈ 2025 ਵਿੱਚ ਆਪਣਾ ਪਹਿਲਾ ਇਨ-ਹਾਊਸ ਸੂਚਨਾ ਤਕਨਾਲੋਜੀ ਡਿਵੀਜ਼ਨ ਸਥਾਪਿਤ ਕਰਕੇ ਵਿਆਪਕ ਡਿਜੀਟਲ ਤਬਦੀਲੀ ਵੱਲ ਮਹੱਤਵਪੂਰਨ ਕਦਮ ਚੁੱਕਿਆ ਹੈ। ਇਸ ਨਾਲ ਬਾਹਰੀ ਏਜੰਸੀਆਂ 'ਤੇ ਨਿਰਭਰਤਾ ਘਟੀ ਹੈ ਅਤੇ ਵਿਭਾਗੀ ਡਿਜੀਟਲ ਪਲੇਟਫਾਰਮ ਦੇ ਵਿਕਾਸ ਅਤੇ ਰੱਖ-ਰਖਾਅ ਵਿੱਚ ਤੇਜ਼ੀ ਆਈ ਹੈ। ਇਸ ਤਕਨੀਕੀ ਟੀਮ ਵਿੱਚ ਸਾਫਟਵੇਅਰ ਡਿਵੈਲਪਰ, ਯੂ. ਆਈ./ਯੂ. ਐਕਸ. ਡਿਜ਼ਾਈਨਰ, ਤਕਨੀਕੀ ਦਸਤਾਵੇਜ਼ ਮਾਹਰ ਅਤੇ ਸਿਸਟਮ ਐਡਮਿਨਿਸਟ?ਰੇਟਰ ਸਮੇਤ 16 ਪ੍ਰਵਾਨਿਤ ਅਸਾਮੀਆਂ ਸ਼ਾਮਲ ਹਨ। ਮੁੱਖ ਮੰਤਰੀ ਨੇ ਏਕੀਕ੍ਰਿਤ ਮਾਲ ਪੋਰਟਲ (ਇੰਟੀਗ੍ਰੇਟਿਡ ਰੈਵੇਨਿਊ ਪੋਰਟਲ) ਦੀ ਪ੍ਰਗਤੀ ਦੀ ਸਮੀਖਿਆ ਕੀਤੀ। ਉਨ੍ਹਾਂ ਨੂੰ ਦੱਸਿਆ ਗਿਆ ਕਿ ਇਹ ਪੋਰਟਲ ਨਾਗਰਿਕਾਂ ਅਤੇ ਵਿਭਾਗੀ ਅਧਿਕਾਰੀਆਂ ਲਈ ਇੱਕ ਏਕੀਕ੍ਰਿਤ ਡਿਜੀਟਲ ਮੰਚ ਵਜੋਂ ਵਿਕਸਤ ਕੀਤਾ ਗਿਆ ਹੈ। ਇਸ ਰਾਹੀਂ ਨਾਗਰਿਕਾਂ ਨੂੰ ਆਨਲਾਈਨ ਮਾਲ ਸੇਵਾਵਾਂ ਉਪਲਬਧ ਕਰਵਾਈਆਂ ਜਾ ਰਹੀਆਂ ਹਨ। ਪੋਰਟਲ ਵਿੱਚ ਅਧਿਕਾਰੀਆਂ ਲਈ ਸਿੰਗਲ ਸਾਈਨ-ਆਨ ਪ੍ਰਣਾਲੀ ਅਤੇ ਸੇਵਾ ਵੰਡ ਅਤੇ ਲੰਬਿਤ ਮਾਮਲਿਆਂ ਦੀ ਰੀਅਲ ਟਾਈਮ ਨਿਗਰਾਨੀ ਲਈ ਏਕੀਕ੍ਰਿਤ ਡੈਸ਼ਬੋਰਡ ਦੀ ਸਹੂਲਤ ਵੀ ਉਪਲਬਧ ਹੈ। ਮਾਲ ਸ਼ਿਕਾਇਤ ਨਿਵਾਰਣ ਪ੍ਰਣਾਲੀ ਨੂੰ ਹੋਰ ਪਾਰਦਰਸ਼ੀ ਬਣਾਉਣ ਦੇ ਦਿੱਤੇ ਨਿਰਦੇਸ਼ ਮੁੱਖ ਮੰਤਰੀ ਨੇ ਸ਼ਿਕਾਇਤ ਨਿਵਾਰਣ ਪ੍ਰਣਾਲੀ ਦੀ ਸਮੀਖਿਆ ਕਰਦਿਆਂ ਅਧਿਕਾਰੀਆਂ ਨੂੰ ਇਸ ਨੂੰ ਹੋਰ ਪਾਰਦਰਸ਼ੀ, ਜਵਾਬਦੇਹ ਅਤੇ ਨਾਗਰਿਕ-ਹਿਤੈਸ਼ੀ ਬਣਾਉਣ ਦੇ ਨਿਰਦੇਸ਼ ਦਿੱਤੇ। ਉਨ੍ਹਾਂ ਨੇ ਕਿਹਾ ਕਿ ਹਰੇਕ ਯੋਗ ਨਾਗਰਿਕ ਨੂੰ ਇਨਸਾਫ਼ ਮਿਲਣਾ ਚਾਹੀਦਾ ਹੈ। ਜਿਨ੍ਹਾਂ ਬਿਨੈਕਾਰਾਂ ਦੀਆਂ ਅਰਜ਼ੀਆਂ ਰੱਦ ਹੋਈਆਂ ਹਨ ਅਤੇ ਜੇਕਰ ਉਹ ਫੈਸਲੇ ਤੋਂ ਸੰਤੁਸ਼ਟ ਨਹੀਂ ਹਨ ਤਾਂ ਉਨ੍ਹਾਂ ਨੂੰ ਮੁੜ ਵਿਚਾਰ ਕਰਨ ਦਾ ਉਚਿਤ ਮੌਕਾ ਦਿੱਤਾ ਜਾਣਾ ਚਾਹੀਦਾ ਹੈ।

ਸੰਪਾਦਕੀ

# ਸੋਨਮ ਵਾਂਗਚੁਕ ਦਾ ਅਨਸ਼ਨ

ਸਿੱਖਿਆ ਦੇ ਖੇਤਰ ਵਿਚ ਇਨਕਲਾਬੀ ਪਰਿਵਰਤਨ ਲਿਆਉਣ ਲਈ ਸੰਘਰਸ਼ਸ਼ੀਲ ਸੋਨਮ ਵਾਂਗਚੁਕ ਦਾ ਦਿੱਲੀ ਦੇ ਜੰਤਰ ਮੰਤਰ ਵਿਖੇ ਚੱਲ ਰਿਹਾ ਅਨਸ਼ਨ ਤੀਸਰੇ ਹਫ਼ਤੇ ਵਿੱਚ ਪ੍ਰਵੇਸ਼ ਕਰ ਰਿਹਾ ਹੈ ਪਰ ਉਹਨਾਂ ਦੀਆਂ ਮੰਗਾਂ ਪ੍ਰਤੀ ਸਰਕਾਰ ਦੀ ਚੁੱਪੀ ਅਤੇ ਉਦਾਸੀਨਤਾ ਨੇ ਦੇਸ਼ ਵਾਸੀਆਂ ਨੂੰ ਹੈਰਾਨ ਕਰ ਦਿੱਤਾ ਹੈ। ਸ਼ਨੀਵਾਰ ਨੂੰ ਸੋਨਮ ਨੂੰ ਜੰਤਰ ਮੰਤਰ ਤੋਂ ਚੁੱਕ ਕੇ ਸਰਕਾਰ ਵੱਲੋਂ ਸਫਦਰਜੰਗ ਹਸਪਤਾਲ ਵਿਚ ਲਿਆਂਦਾ ਗਿਆ ਕਿਉਂਕਿ ਡਾਕਟਰਾਂ ਅਨੁਸਾਰ ਸੋਨਮ ਨੂੰ ਡੀਹਾਈਡ?ਰੇਸ਼ਨ ਵਧਣ ਕਾਰਨ ਸਿਹਤ ਨੂੰ ਖਤਰਾ ਦੱਸਿਆ ਗਿਆ। ਹਾਲਾਂਕਿ ਤਿੰਨ ਹਫ਼ਤਿਆਂ ਤੋਂ ਅਨਸ਼ਨ 'ਤੇ ਡਟੇ ਸੋਨਮ ਨੇ ਖੁਦ ਨੂੰ ਚੜ੍ਹਦੀ ਕਲਾ ਵਿੱਚ ਦੱਸਦੇ ਹੋਏ ਲੋਕਾਂ ਨੂੰ ਅੱਜ (20 ਜੁਲਾਈ) ਦੇ ਸੰਸਦ ਵੱਲ ਮਾਰਚ ਵਿੱਚ ਵੱਡੀ ਤਾਦਾਦ ਵਿੱਚ ਪਹੁੰਚਣ ਦੀ ਅਪੀਲ ਕੀਤੀ ਹੈ। ਕਾਕਰੋਚ ਜਨਤਾ ਪਾਰਟੀ ਦੇ ਅਭੀਜੀਤ ਨੇ ਖ਼ਦਸ਼ਾ ਜ਼ਾਹਿਰ ਕੀਤਾ ਕਿ ਦਿੱਲੀ ਪੁਲਿਸ ਉਹਨਾਂ ਦੇ ਸੰਸਦ ਵੱਲ ਮਾਰਚ ਨੂੰ ਰੋਕਣ ਲਈ ਹਰ ਹਰਬਾ ਇਸਤੇਮਾਲ ਕਰ ਸਕਦੀ ਹੈ। ਸੋਨਮ ਵਾਂਗਚੁਕ ਨੀਟ ਦੀ ਪ੍ਰੀਖਿਆ ਦਾ ਪੇਪਰ ਲੀਕ ਹੋਣ ਦੇ ਮਾਮਲੇ 'ਤੇ ਕੇਂਦਰੀ ਸਿੱਖਿਆ ਮੰਤਰੀ ਦੇ ਅਸਤੀਫ਼ੇ ਦੀ ਮੰਗ ਨੂੰ ਲੈਕੇ ਅਨਸ਼ਨ ਉਪਰ ਬੈਠੇ ਹਨ ਪਰ ਤਿੰਨ ਹਫ਼ਤੇ ਬੀਤਣ ਦੇ ਬਾਵਜੂਦ ਸਰਕਾਰ ਵੱਲੋਂ ਅਨਸ਼ਨ ਖਤਮ ਕਰਵਾਉਣ ਲਈ ਕੋਈ ਕਦਮ ਨਾ ਚੁੱਕਣਾ ਇਸਦੀ ਬੇਰੁਖੀ ਨੂੰ ਦਰਸਾਉਂਦਾ ਹੈ। ਬੇਸ਼ੱਕ ਪੇਪਰ ਲੀਕ ਹੋਣ ਕਾਰਨ ਲੱਖਾਂ ਬੱਚਿਆਂ ਦਾ ਸਾਲ ਖ਼ਰਾਬ ਹੋਇਆ ਹੈ ਅਤੇ ਉਹਨਾਂ ਦੇ ਨਾਲ ਨਾਲ ਉਹਨਾਂ ਬੱਚਿਆਂ ਦੇ ਮਾਪਿਆਂ ਦੇ ਸੁਪਨੇ ਵੀ ਟੁੱਟੇ ਹਨ। ਸਵਾਲ ਪੈਦਾ ਹੁੰਦਾ ਹੈ ਕਿ ਕੀ ਸਿੱਖਿਆ ਮੰਤਰੀ ਦੇ ਅਸਤੀਫ਼ੇ ਨਾਲ ਭਵਿੱਖ ਵਿੱਚ ਪੇਪਰ ਲੀਕ ਹੋਣ ਦੀ ਸਮੱਸਿਆ ਠੱਲ੍ਹ ਜਾਵੇਗੀ? ਸ਼ਾਇਦ ਨਹੀਂ! ਫ਼?ਰ ਅਸਤੀਫ਼ੇ ਦੀ ਜ਼ਿੱਦ ਕਿਉਂ? ਇਸ ਲਈ ਕਿ ਅਜਿਹੇ ਵਰਤਾਰੇ ਵੇਲੇ ਸਭ ਤੋਂ ਉੱਚੇ ਅਹੁਦੇ ਉਪਰ ਬੈਠੇ ਵਿਅਕਤੀ ਵੱਲੋਂ ਇਸਦੀ ਨੈਤਿਕ ਜ਼ਿੰਮੇਵਾਰੀ ਲੈਣੀ ਬਣਦੀ ਹੈ। ਨਹੀਂ ਤਾਂ ਲੋਕਾਂ ਦਾ ਭਰੋਸਾ ਸਿਸਟਮ ਤੋਂ ਉਠ ਜਾਂਦਾ ਹੈ। ਫਿਰ ਅਸਲ ਹੱਲ ਕੀ ਹੈ? ਅਸਤੀਫ਼ਾ ਦੇਣ ਨਾਲ ਪੇਪਰ ਦੋਬਾਰਾ ਲੀਕ ਹੋਣ ਤੋਂ ਤਾਂ ਰੁਕਣਗੇ ਨਹੀਂ। ਲੋੜ ਹੈ ਕਿ ਪੇਪਰ ਬਣਾਉਣ ਤੋਂ ਲੈਕੇ ਸੈਂਟਰ ਤੱਕ ਪਹੁੰਚਾਉਣ ਦੀ ਪੂਰੀ ਚੇਨ ਨੂੰ ਤਕਨੀਕੀ ਤਰੀਕੇ ਨਾਲ ਅਮਲ ਵਿਚ ਲਿਆਉਣਾ। ਲੀਕ ਕਰਨ ਵਾਲਿਆ ਨੂੰ 10 ਸਾਲ ਦੀ ਸਜ਼ਾ ਵਾਲੇ ਕਾਨੂੰਨ ਨੂੰ ਸਖ਼ਤੀ ਨਾਲ ਲਾਗੂ ਕਰਨਾ। ਇੱਕਲਾ ਅਸਤੀਫ਼ਾ ਅੱਖਾਂ ਵਿੱਚ ਧੂੜ ਪਾਉਣ ਵਾਂਗ ਹੋਵੇਗਾ। ਸੋਨਮ ਵਾਂਗਚੁਕ ਇਹ ਗੰਭੀਰ ਮੁੱਦਾ ਚੁੱਕ ਕੇ ਵਿਸਲ ਬਲੋਅਰ ਬਣੇ ਹਨ। ਸਰਕਾਰ ਨੂੰ ਚਾਹੀਦਾ ਕਿ ਉਹਨਾਂ ਦਾ ਅਨਸ਼ਨ ਖਤਮ ਕਰਵਾਉਣ ਲਈ ਅੱਗੇ ਆਵੇ ਤਾਂ ਜੋ ਲੋਕਾਂ ਦਾ ਵਿਸ਼ਵਾਸ ਸਿਸਟਮ ਵਿੱਚ ਬਣਿਆ ਰਹੇ।



**- ਅਸ਼ਵਨੀ ਜੇਤਲੀ**

# ਸੋਨਮ ਵਾਂਗਚੁਕ: ਲੱਦਾਖ ਦੇ ਹੱਕਾਂ ਲਈ ਸੰਘਰਸ਼ ਅਤੇ ਸੁਧਾਰ ਦੀ ਆਵਾਜ਼

ਸੋਨਮ ਵਾਂਗਚੁਕ ਲੱਦਾਖ ਦੇ ਉਹਨਾਂ ਚੁਣਵੇਂ ਚਿਹਰਿਆਂ ਵਿੱਚੋਂ ਹਨ ਜਿਨ੍ਹਾਂ ਨੇ ਸਿੱਖਿਆ, ਵਾਤਾਵਰਣ ਅਤੇ ਲੋਕ-ਹੱਕਾਂ ਦੇ ਮਸਲਿਆਂ ਨੂੰ ਬਹੁਤ ਹੀ ਅਹਿਮੀਅਤ ਦਿੱਤੀ ਹੈ। ਉਹ ਸਿਰਫ਼ ਇੱਕ ਸਿੱਖਿਆ ਸੁਧਾਰਕ ਨਹੀਂ, ਸਗੋਂ ਇੱਕ ਐਸੇ ਸੰਘਰਸ਼ੀ ਆਗੂ ਹਨ ਜਿਨ੍ਹਾਂ ਨੇ ਆਪਣੇ ਇਲਾਕੇ ਦੇ ਲੋਕਾਂ ਦੀ ਆਵਾਜ਼ ਨੂੰ ਦੇਸ਼ ਪੱਧਰ 'ਤੇ ਪਹੁੰਚਾਇਆ। ਉਨ੍ਹਾਂ ਦਾ ਜੀਵਨ ਇਸ ਗੱਲ ਦੀ ਮਿਸਾਲ ਹੈ ਕਿ ਸ਼ਾਂਤਮਈ ਸੰਘਰਸ਼ ਵੀ ਵੱਡੇ ਸਮਾਜਿਕ ਬਦਲਾਅ ਦਾ ਕਾਰਨ ਬਣ ਸਕਦਾ ਹੈ।

ਲੱਦਾਖ ਵਰਗੇ ਸੰਵੇਦਨਸ਼ੀਲ ਅਤੇ ਪਹਾੜੀ ਇਲਾਕੇ ਵਿੱਚ ਵਿਕਾਸ ਦੇ ਮਸਲੇ ਸਧਾਰਨ ਨਹੀਂ ਹੁੰਦੇ। ਇੱਥੇ ਕੁਦਰਤੀ ਸਰੋਤ ਸੀਮਿਤ ਹਨ, ਮੌਸਮ ਬਹੁਤ ਸਖ਼ਤ ਹੈ ਅਤੇ ਲੋਕਾਂ ਦੀਆਂ ਲੋੜਾਂ ਵੀ ਹੋਰ ਇਲਾਕਿਆਂ ਨਾਲੋਂ ਵੱਖਰੀਆਂ ਹਨ। ਸੋਨਮ ਵਾਂਗਚੁਕ ਨੇ ਇਸ ਗੱਲ ਨੂੰ ਸ਼ੁਰੂ ਤੋਂ ਸਮਝਿਆ ਅਤੇ ਇਹ ਮੰਨਿਆ ਕਿ ਲੱਦਾਖ ਲਈ ਜੋ ਵੀ ਨੀਤੀਆਂ ਜਾਂ ਵਿਕਾਸ ਮਾਡਲ ਬਣਨ, ਉਹ ਸਥਾਨਕ ਹਕੀਕਤਾਂ ਦੇ ਅਨੁਸਾਰ ਹੋਣੇ ਚਾਹੀਦੇ ਹਨ। ਇਸੇ ਸੋਚ ਨੇ ਉਨ੍ਹਾਂ ਨੂੰ ਲੋਕਾਂ ਦੇ ਵਿਚਕਾਰ ਇਕ ਭਰੋਸੇਮੰਦ ਚਿਹਰਾ ਬਣਾਇਆ।

**ਲੱਦਾਖ ਲਈ ਕੀਤੇ ਅੰਦੋਲਨ**

ਸੋਨਮ ਵਾਂਗਚੁਕ ਨੇ ਲੱਦਾਖ ਦੀ statehood, ਸੰਵਿਧਾਨਕ ਸੁਰੱਖਿਆ, ਅਤੇ ਪਹਾੜੀ ਖੇਤਰਾਂ ਲਈ ਵਿਸ਼ੇਸ਼ ਅਧਿਕਾਰਾਂ ਦੀ ਮੰਗ ਨੂੰ ਲੈ ਕੇ ਲੰਮਾ ਸੰਘਰਸ਼ ਕੀਤਾ ਹੈ। ਉਨ੍ਹਾਂ ਦੇ ਅੰਦੋਲਨ ਦਾ ਕੇਂਦਰੀ ਮਕਸਦ ਇਹ ਰਿਹਾ ਹੈ ਕਿ ਲੱਦਾਖ ਦੇ ਲੋਕਾਂ ਦੀ ਜ਼ਮੀਨ, ਪਛਾਣ, ਸੰਸਕ੍ਰਿਤੀ ਅਤੇ ਨੌਕਰੀਆਂ ਦੀ ਰੱਖਿਆ ਹੋਵੇ। ਉਹ ਮੰਨਦੇ ਹਨ ਕਿ ਜੇ ਸਥਾਨਕ ਲੋਕਾਂ ਦੇ ਹੱਕ ਸੁਰੱਖਿਅਤ ਨਾ ਹੋਣ, ਤਾਂ ਵਿਕਾਸ ਸਿਰਫ਼ ਬਾਹਰੀ ਦਿੱਖ ਰਹਿ ਜਾਂਦਾ ਹੈ, ਅੰਦਰੂਨੀ ਲਾਭ ਨਹੀਂ।

ਉਨ੍ਹਾਂ ਨੇ ਕਈ ਵਾਰ ਭੁੱਖ ਹੜਤਾਲ ਵਰਗੇ ਸ਼ਾਂਤਮਈ ਵਿਰੋਧ ਰਾਹੀਂ ਆਪਣੀ ਗੱਲ ਰੱਖੀ। ਇਹ ਭੁੱਖ ਹੜਤਾਲਾਂ ਕਿਸੇ ਨਿੱਜੀ ਲਾਭ ਲਈ ਨਹੀਂ, ਸਗੋਂ ਲੱਦਾਖ ਦੇ ਲੋਕਾਂ ਦੀਆਂ ਸਮੂਹਿਕ ਚਿੰਤਾਵਾਂ ਲਈ ਸਨ। ਉਹ 2024 ਵਿੱਚ ਵੀ statehood ਅਤੇ ਵਾਤਾਵਰਣੀ ਸੁਰੱਖਿਆ ਲਈ ਭੁੱਖ ਹੜਤਾਲ ਕਰ ਚੁੱਕੇ ਹਨ, ਅਤੇ 2025-26 ਵਿੱਚ ਵੀ ਉਨ੍ਹਾਂ ਦੀ ਹਾਜ਼ਰੀ ਲੱਦਾਖ ਦੇ ਹੱਕਾਂ ਨਾਲ ਜੁੜੇ ਵਿਰੋਧਾਂ ਵਿੱਚ ਰਹੀ।

**ਜੰਤਰ-ਮੰਤਰ 'ਤੇ ਚੱਲ ਰਹੇ ਅੰਦੋਲਨ**

ਹਾਲੀਆ ਸਮੇਂ ਵਿੱਚ ਵੀ ਉਹ ਜੰਤਰ-ਮੰਤਰ 'ਤੇ ਹੋ ਰਹੇ ਪ੍ਰਦਰਸ਼ਨਾਂ ਅਤੇ ਲੱਦਾਖ ਦੀਆਂ ਮੰਗਾਂ ਨਾਲ ਜੁੜੇ ਰਹੇ। ਉਨ੍ਹਾਂ ਦਾ ਇਹ ਰਵੱਈਆ ਦੱਸਦਾ ਹੈ ਕਿ ਉਹ ਸਮੱਸਿਆ ਨੂੰ ਚੁੱਪਚਾਪ ਸਹਿਣ ਦੇ ਹੱਕ ਵਿੱਚ ਨਹੀਂ, ਸਗੋਂ ਅਸੂਲਾਂ 'ਤੇ ਖੜ੍ਹ ਕੇ ਸੰਘਰਸ਼ ਕਰਨ ਦੇ ਹੱਕ ਵਿੱਚ ਹਨ।

2026 ਵਿੱਚ ਉਨ੍ਹਾਂ ਨੇ ਜੰਤਰ-ਮੰਤਰ 'ਤੇ ਚੱਲ ਰਹੇ ਅੰਦੋਲਨ ਨਾਲ ਜੁੜ ਕੇ ਅਣਮਿਆਦੀ ਭੁੱਖ ਹੜਤਾਲ ਸ਼ੁਰੂ ਕੀਤੀ। ਇਹ ਵਿਰੋਧ ਸਿਰਫ਼ ਇੱਕ ਮਸਲੇ ਤੱਕ ਸੀਮਿਤ ਨਹੀਂ ਹੈ। ਸੋਨਮ ਵਾਂਗਚੁੱਕ ਇਸ ਸਮੇਂ ਨਵੀਂ ਦਿੱਲੀ ਦੇ ਜੰਤਰ-ਮੰਤਰ ਵਿਖੇ ਭੁੱਖ ਹੜਤਾਲ 'ਤੇ ਬੈਠੇ ਹਨ। ਉਹ 'ਕਾਕਰੋਚ ਜਨਤਾ ਪਾਰਟੀ' (CJP) ਵੱਲੋਂ ਵਿਦਿਆਰਥੀਆਂ ਦੇ ਹੱਕ ਵਿੱਚ ਕੀਤੇ ਜਾ ਰਹੇ ਪ੍ਰਦਰਸ਼ਨਾਂ ਦਾ ਸਮਰਥਨ ਕਰ ਰਹੇ ਹਨ। ਉਨ੍ਹਾਂ ਦੀ ਮੁੱਖ ਮੰਗ ਪੇਪਰ ਲੀਕ ਘੁਟਾਲੇ (ਜਿਵੇਂ ਕਿ NEET ਵਿਵਾਦ) ਦੇ ਦੋਸ਼ੀਆਂ 'ਤੇ ਕਾਰਵਾਈ ਅਤੇ ਕੇਂਦਰੀ ਸਿੱਖਿਆ ਮੰਤਰੀ ਧਰਮਿੰਦਰ ਪ੍ਰਧਾਨ ਦੇ ਅਸਤੀਫੇ ਦੀ ਹੈ। ਵਾਂਗਚੁੱਕ ਅਤੇ ਹੋਰ ਪ੍ਰਦਰਸ਼ਨਕਾਰੀ ਦੇਸ਼ ਵਿੱਚ ਹੋ ਰਹੇ ਪ੍ਰਤੀਯੋਗੀ ਪ੍ਰੀਖਿਆਵਾਂ (©55" ਸਮੇਤ) ਦੇ ਪੇਪਰ ਲੀਕ ਹੋਣ ਤੋਂ ਬਹੁਤ ਨਿਰਾਸ਼ ਹਨ। ਉਨ੍ਹਾਂ ਦੀ ਮੰਗ ਹੈ ਕਿ ਇਮਤਿਹਾਨ ਪ੍ਰਣਾਲੀ ਵਿੱਚ ਪਾਰਦਰਸ਼ਤਾ (ਸੱਚਾਈ) ਲਿਆਂਦੀ ਜਾਵੇ। ਪ੍ਰਦਰਸ਼ਨਕਾਰੀਆਂ ਦਾ ਮੰਨਣਾ ਹੈ ਕਿ ਇੰਨੇ ਵੱਡੇ ਘੁਟਾਲੇ ਦੀ ਜ਼ਿੰਮੇਵਾਰੀ ਲੈਂਦੇ ਹੋਏ ਕੇਂਦਰੀ ਸਿੱਖਿਆ ਮੰਤਰੀ ਧਰਮਿੰਦਰ ਪ੍ਰਧਾਨ ਆਪਣੇ ਅਹੁਦੇ ਤੋਂ ਅਸਤੀਫਾ ਦੇਣ।

ਵਾਂਗਚੁਕ ਦੇ ਅੰਦੋਲਨ ਸਿਰਫ਼ ਰਾਜਨੀਤਿਕ ਨਹੀਂ ਰਹੇ; ਉਹਨਾਂ ਵਿੱਚ ਵਾਤਾਵਰਣੀ ਚਿੰਤਾ ਵੀ ਗੰਭੀਰ ਤੌਰ 'ਤੇ ਸ਼ਾਮਲ ਰਹੀ ਹੈ। ਉਨ੍ਹਾਂ ਨੇ ਲਗਾਤਾਰ ਇਹ ਗੱਲ ਉਠਾਈ ਹੈ ਕਿ ਹਿਮਾਲਈ ਖੇਤਰ ਬਹੁਤ ਨਾਜ਼ੁਕ ਹੁੰਦੇ ਹਨ ਅਤੇ ਇੱਥੇ ਹੋਣ ਵਾਲਾ ਕੋਈ ਵੀ ਗਲਤ ਵਿਕਾਸ ਪਾਣੀ ਦੇ ਸਰੋਤਾਂ, ਬਰਫ਼ੀਲੇ ਪਹਾੜਾਂ ਅਤੇ ਪਾਰਿਸਥਿਤਿਕ ਸੰਤੁਲਨ ਨੂੰ ਨੁਕਸਾਨ ਪਹੁੰਚਾ ਸਕਦਾ ਹੈ। ਇਸ ਲਈ ਉਨ੍ਹਾਂ ਦੇ ਅੰਦੋਲਨ ਇਕ ਪਾਸੇ ਲੋਕਾਂ ਦੇ ਹੱਕਾਂ ਦੀ ਗੱਲ ਕਰਦੇ ਹਨ, ਦੂਜੇ ਪਾਸੇ ਧਰਤੀ ਦੀ ਰੱਖਿਆ ਦੀ।

**ਸਿੱਖਿਆ ਅਤੇ ਲੋਕ-ਸੇਵਾ**



ਸੁਖਜੀਤ ਸਿੰਘ ਚਹਿਲ

ਵਾਂਗਚੁਕ ਦਾ ਯੋਗਦਾਨ ਸਿਰਫ਼ ਵਿਰੋਧ ਤੱਕ ਸੀਮਿਤ ਨਹੀਂ। ਉਨ੍ਹਾਂ ਨੇ ਲੱਦਾਖ ਵਿੱਚ ਸਿੱਖਿਆ ਨੂੰ ਵਾਸਤਵਿਕ ਜੀਵਨ ਨਾਲ ਜੋੜਨ ਦਾ ਕੰਮ ਕੀਤਾ। ਉਹ ਇਸ ਗੱਲ 'ਤੇ ਜ਼ੋਰ ਦਿੰਦੇ ਹਨ ਕਿ ਸਿੱਖਿਆ ਅਜਿਹੀ ਹੋਵੇ ਜੋ ਬੱਚਿਆਂ ਨੂੰ ਸਵਾਲ ਪੁੱਛਣ, ਸੋਚਣ ਅਤੇ ਆਪਣੇ ਸਮਾਜ ਲਈ ਹੱਲ ਲੱਭਣ ਯੋਗ ਬਣਾਏ। ਇਸੀ ਸੋਚ ਨੇ ਉਨ੍ਹਾਂ ਨੂੰ ਨੌਜਵਾਨਾਂ ਲਈ ਪ੍ਰੇਰਣਾ ਦਾ ਸਰੋਤ ਬਣਾ ਦਿੱਤਾ।

ਉਨ੍ਹਾਂ ਨੇ ਸਥਾਨਕ ਲੋਕਾਂ ਲਈ ਅਜਿਹੀਆਂ ਪਹਿਲਕਦਮੀਆਂ ਨੂੰ ਵੀ ਉਤਸ਼ਾਹਿਤ ਕੀਤਾ ਜੋ ਪਾਣੀ ਸੰਭਾਲ, ਵਾਤਾਵਰਣ ਅਨੁਕੂਲ ਤਕਨੀਕਾਂ, ਅਤੇ ਪਹਾੜੀ ਜੀਵਨ ਦੀਆਂ ਲੋੜਾਂ ਨਾਲ ਮੇਲ ਖਾਂਦੀਆਂ ਹਨ। ਇਨ੍ਹਾਂ ਕੰਮਾਂ ਨੇ ਇਹ ਸਾਬਤ ਕੀਤਾ ਕਿ ਉਹ ਸਿਰਫ਼ ਮੰਗਾਂ ਰੱਖਣ ਵਾਲੇ ਵਿਅਕਤੀ ਨਹੀਂ, ਸਗੋਂ ਹੱਲ ਲੱਭਣ ਵਾਲੇ ਵਿਚਾਰਕ ਵੀ ਹਨ। ਉਨ੍ਹਾਂ ਦੀ ਸੋਚ ਵਿੱਚ ਲੋਕਾਂ ਦੀ ਭਲਾਈ ਹਮੇਸ਼ਾ ਕੇਂਦਰ ਵਿੱਚ ਰਹੀ ਹੈ।

**ਸਨਮਾਨ ਅਤੇ ਮਾਨਤਾ**

ਸੋਨਮ ਵਾਂਗਚੁਕ ਨੂੰ ਉਨ੍ਹਾਂ ਦੇ ਵਿਸ਼ੇਸ਼ ਯੋਗਦਾਨ ਲਈ ਕਈ ਸਨਮਾਨ ਮਿਲੇ ਹਨ। ਉਨ੍ਹਾਂ ਵਿੱਚ ਰਾਮੋਨ ਮੈਗਸੇਸੇ ਐਵਾਰਡ ਸਭ ਤੋਂ ਮਹੱਤਵਪੂਰਨ ਮੰਨਿਆ ਜਾਂਦਾ ਹੈ, ਜੋ ਉਨ੍ਹਾਂ ਨੂੰ ਸਿੱਖਿਆ ਦੇ ਖੇਤਰ ਵਿੱਚ ਨਵੀਨਤਾ ਅਤੇ ਸਮਾਜਿਕ ਸੇਵਾ ਲਈ ਮਿਲਿਆ। ਇਹ ਸਨਮਾਨ ਦਰਸਾਉਂਦਾ ਹੈ ਕਿ ਉਨ੍ਹਾਂ ਦਾ ਕੰਮ ਸਿਰਫ਼ ਸਥਾਨਕ ਨਹੀਂ, ਸਗੋਂ ਅੰਤਰਰਾਸ਼ਟਰੀ ਪੱਧਰ 'ਤੇ ਵੀ ਮੰਨਿਆ ਗਿਆ।

ਇਸ ਦੇ ਨਾਲ ਉਨ੍ਹਾਂ ਨੂੰ Santokbaa Humanitarian Award ਵਰਗੇ ਹੋਰ ਸਨਮਾਨ ਵੀ ਮਿਲੇ ਹਨ, ਜੋ ਉਨ੍ਹਾਂ ਦੀ ਮਨੁੱਖਤਾ-ਕੇਂਦਰਿਤ ਸੋਚ ਨੂੰ ਦਰਸਾਉਂਦੇ ਹਨ। ਇਹ ਅਵਾਰਡ ਉਨ੍ਹਾਂ ਦੇ ਉਸ ਕੰਮ ਦੀ ਪਛਾਣ ਹਨ ਜੋ ਲੱਦਾਖ ਦੇ ਲੋਕਾਂ ਦੀ ਜ਼ਿੰਦਗੀ ਸੁਧਾਰਨ, ਨੌਜਵਾਨਾਂ ਨੂੰ ਪ੍ਰੇਰਿਤ ਕਰਨ ਅਤੇ ਸਮਾਜ ਵਿੱਚ ਸਕਾਰਾਤਮਕ ਬਦਲਾਅ ਲਿਆਉਣ ਲਈ ਕੀਤਾ ਗਿਆ।

**ਨਤੀਜਾ**

ਸੋਨਮ ਵਾਂਗਚੁਕ ਦੀ ਜ਼ਿੰਦਗੀ, ਉਨ੍ਹਾਂ ਦੇ ਅੰਦੋਲਨ ਅਤੇ ਉਨ੍ਹਾਂ ਦੇ ਸਨਮਾਨ ਤਿੰਨੇ ਮਿਲ ਕੇ ਇੱਕ ਅਜਿਹੀ ਤਸਵੀਰ ਬਣਾਉਂਦੇ ਹਨ ਜੋ ਪ੍ਰੇਰਣਾਦਾਇਕ ਵੀ ਹੈ ਅਤੇ ਸਿਖਾਉਣ ਵਾਲੀ ਵੀ। ਉਹ ਲੱਦਾਖ ਦੇ ਲੋਕਾਂ ਦੀ ਆਵਾਜ਼ ਹਨ, ਸਿੱਖਿਆ ਦੇ ਸੁਧਾਰਕ ਹਨ ਅਤੇ ਹਿਮਾਲਈ ਵਾਤਾਵਰਣ ਦੇ ਰੱਖਵਾਲੇ ਵੀ। ਉਨ੍ਹਾਂ ਦੁਆਰਾ ਕੀਤੇ ਗਏ ਅੰਦੋਲਨ ਅੱਜ ਵੀ ਲੋਕਾਂ ਨੂੰ ਇਹ ਸਿੱਖਿਆ ਦਿੰਦੇ ਹਨ ਕਿ ਆਪਣੇ ਹੱਕਾਂ ਲਈ ਸ਼ਾਂਤਮਈ, ਦ੍ਰਿੜ ਅਤੇ ਸੂਝਵਾਨ ਢੰਗ ਨਾਲ ਖੜ੍ਹਾ ਹੋਣਾ ਕਿੰਨਾ ਜ਼ਰੂਰੀ ਹੈ।

ਸੋਨਮ ਵਾਂਗਚੁਕ ਵਰਗੀਆਂ ਸ਼ਖ਼ਸੀਅਤਾਂ ਸਮਾਜ ਨੂੰ ਇਹ ਯਾਦ ਦਿਵਾਉਂਦੀਆਂ ਹਨ ਕਿ ਸੱਚਾ ਬਦਲਾਅ ਨਾਅਰਿਆਂ ਨਾਲ ਨਹੀਂ, ਸੰਕਲਪ, ਸੇਵਾ ਅਤੇ ਸੰਘਰਸ਼ ਨਾਲ ਆਉਂਦਾ ਹੈ।

**ਹੈੱਡ ਟੀਚਰ, ਸ.ਪ੍ਰਾ.ਸਕੂਲ ਗੇਹਲੇ (ਮਾਨਸਾ),**
**ਮੋਬਾ. 98154-04611**

# ਸੜਕ ਹਾਦਸੇ: ਵਿਅਕਤੀਗਤ ਲਾਪਰਵਾਹੀ ਨਹੀਂ, ਸਗੋਂ ਜਨਤਕ ਸਿਹਤ ਅਤੇ ਚੰਗੇ ਸ਼ਾਸਨ ਲਈ ਚੁਣੌਤੀ

ਭਾਰਤ ਸੜਕ ਹਾਦਸਿਆਂ ਤੋਂ ਦੁਨੀਆ ਦੇ ਸਭ ਤੋਂ ਵੱਧ ਪ੍ਰਭਾਵਿਤ ਦੇਸ਼ਾਂ ਵਿੱਚੋਂ ਇੱਕ ਹੈ। ਸੜਕ ਆਵਾਜਾਈ ਅਤੇ ਰਾਜਮਾਰਗ ਮੰਤਰਾਲੇ ਦੇ ਅਨੁਸਾਰ, 2024 ਵਿੱਚ ਸੜਕ ਹਾਦਸਿਆਂ ਵਿੱਚ ਲਗਭਗ 177,000 ਲੋਕਾਂ ਦੀ ਮੌਤ ਹੋ ਗਈ। ਇਹ ਗਿਣਤੀ ਕਿਸੇ ਕੁਦਰਤੀ ਆਫ਼ਤ ਜਾਂ ਮਹਾਂਮਾਰੀ ਤੋਂ ਘੱਟ ਨਹੀਂ ਹੈ। ਹਰ ਰੋਜ਼, ਸੈਂਕੜੇ ਪਰਿਵਾਰ ਆਪਣੇ ਕਿਸੇ ਪਿਆਰੇ ਨੂੰ ਗੁਆ ਦਿੰਦੇ ਹਨ, ਹਜ਼ਾਰਾਂ ਸਥਾਈ ਤੌਰ 'ਤੇ ਅਪਾਹਜ ਹੋ ਜਾਂਦੇ ਹਨ, ਅਤੇ ਦੇਸ਼ ਨੂੰ ਉਤਪਾਦਕ ਮਨੁੱਖੀ ਸਰੋਤਾਂ ਦਾ ਨੁਕਸਾਨ ਅਤੇ ਅਰਬਾਂ ਰੁਪਏ ਦਾ ਆਰਥਿਕ ਨੁਕਸਾਨ ਹੁੰਦਾ ਹੈ। ਇਸ ਲਈ, ਸੜਕ ਹਾਦਸਿਆਂ ਨੂੰ ਸਿਰਫ਼ ਡਰਾਈਵਰ ਦੀ ਲਾਪਰਵਾਹੀ, ਤੇਜ਼ ਰਫ਼ਤਾਰ, ਜਾਂ ਟ?ਰੈਫਿਕ ਉਲੰਘਣਾਵਾਂ ਤੱਕ ਸੀਮਤ ਕਰਨਾ ਜਨਤਕ ਸਿਹਤ, ਸੜਕੀ ਬੁਨਿਆਦੀ ਢਾਂਚੇ, ਕਾਨੂੰਨ ਲਾਗੂ ਕਰਨ, ਐਮਰਜੈਂਸੀ ਡਾਕਟਰੀ ਸੇਵਾਵਾਂ ਅਤੇ ਪ੍ਰਸ਼ਾਸਨਿਕ ਤਾਲਮੇਲ ਦੀ ਪੂਰੀ ਤਰ੍ਹਾਂ ਅਸਫਲਤਾ ਦੇ ਬਰਾਬਰ ਹੈ।

ਸੜਕ ਸੁਰੱਖਿਆ ਦਾ ਮੁੱਦਾ ਨਾਗਰਿਕਾਂ ਦੇ ਜੀਵਨ ਦੇ ਅਧਿਕਾਰ ਨਾਲ ਸਿੱਧਾ ਜੁੜਿਆ ਹੋਇਆ ਹੈ, ਜਿਸਦੀ ਗਰੰਟੀ ਭਾਰਤੀ ਸੰਵਿਧਾਨ ਦੇ ਅਨੁਛੇਦ 21 ਦੁਆਰਾ ਦਿੱਤੀ ਗਈ ਹੈ। ਜੇਕਰ ਕੋਈ ਨਾਗਰਿਕ ਸੜਕ 'ਤੇ ਸੁਰੱਖਿਅਤ ਢੰਗ ਨਾਲ ਤੁਰ ਵੀ ਨਹੀਂ ਸਕਦਾ, ਤਾਂ ਇਹ ਨਾ ਸਿਰਫ਼ ਉਨ੍ਹਾਂ ਦੀ ਵਿਅਕਤੀਗਤ ਲਾਪਰਵਾਹੀ ਨੂੰ ਦਰਸਾਉਂਦਾ ਹੈ, ਸਗੋਂ ਰਾਜ ਦੀ ਜ਼ਿੰਮੇਵਾਰੀ ਅਤੇ ਸ਼ਾਸਨ ਦੀ ਪ੍ਰਭਾਵਸ਼ੀਲਤਾ 'ਤੇ ਵੀ ਸਵਾਲ ਉਠਾਉਂਦਾ ਹੈ। ਸੁਪਰੀਮ ਕੋਰਟ ਨੇ ਕਈ ਮਾਮਲਿਆਂ ਵਿੱਚ ਸਰਕਾਰਾਂ ਨੂੰ ਸੁਰੱਖਿਅਤ ਸੜਕ ਬੁਨਿਆਦੀ ਢਾਂਚੇ, ਵਿਗਿਆਨਕ ਸੜਕ ਨਿਰਮਾਣ ਅਤੇ ਪ੍ਰਭਾਵਸ਼ਾਲੀ ਨਿਗਰਾਨੀ ਨੂੰ ਯਕੀਨੀ ਬਣਾਉਣ ਦੇ ਨਿਰਦੇਸ਼ ਵੀ ਦਿੱਤੇ ਹਨ।

ਭਾਰਤ ਵਿੱਚ ਜ਼ਿਆਦਾਤਰ ਹਾਦਸਿਆਂ ਦਾ ਇੱਕ ਵੱਡਾ ਕਾਰਨ ਮਾੜੀ ਸੜਕ ਇੰਜੀਨੀਅਰਿੰਗ ਹੈ। ਕਾਲੇ ਧੱਬੇ, ਨਾਕਾਫ਼ੀ ਸੰਕੇਤ, ਟੁੱਟੀਆਂ ਸੜਕਾਂ, ਗੈਰ-ਵਿਗਿਆਨਕ ਮੋੜ, ਰੋਸ਼ਨੀ ਦੀ ਘਾਟ, ਅਤੇ ਕਈ ਰਾਸ਼ਟਰੀ ਅਤੇ ਰਾਜ ਮਾਰਗਾਂ 'ਤੇ ਸੁਰੱਖਿਅਤ ਪੈਦਲ ਯਾਤਰੀਆਂ ਦੀ ਪਹੁੰਚ ਦੀ ਘਾਟ ਹਾਦਸਿਆਂ ਦਾ ਕਾਰਨ ਬਣਦੀ ਹੈ। ਫੁੱਟਪਾਥਾਂ 'ਤੇ ਕਬਜ਼ੇ, ਗੈਰ-ਕਾਨੂੰਨੀ ਪਾਰਕਿੰਗ ਅਤੇ ਸ਼ਹਿਰਾਂ ਵਿੱਚ ਗੈਰ-ਯੋਜਨਾਬੱਧ ਟ?ਰੈਫਿਕ ਪ੍ਰਬੰਧਨ ਵੀ ਹਾਦਸਿਆਂ ਦਾ ਜੋਖਮ ਵਧਾਉਂਦੇ ਹਨ। ਸੜਕ ਨਿਰਮਾਣ ਦੌਰਾਨ ਗੁਣਵੱਤਾ ਅਤੇ ਸੁਰੱਖਿਆ ਮਾਪਦੰਡਾਂ ਦੀ ਅਣਦੇਖੀ ਅੰਤ ਵਿੱਚ ਨਾਗਰਿਕਾਂ ਨੂੰ ਆਪਣੀਆਂ ਜਾਨਾਂ ਗੁਆਉਣੀਆਂ ਪੈਂਦੀਆਂ ਹਨ। ਇੱਕ ਹੋਰ ਮਹੱਤਵਪੂਰਨ ਕਾਰਨ ਕਾਨੂੰਨਾਂ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਲਾਗੂ ਨਾ ਕਰਨਾ ਹੈ। ਮੋਟਰ ਵਾਹਨ ਐਕਟ ਦੇ ਸਖ਼ਤ ਜੁਰਮਾਨਿਆਂ ਦੇ ਬਾਵਜੂਦ, ਤੇਜ਼ ਰਫ਼ਤਾਰ, ਸ਼ਰਾਬ ਪੀ ਕੇ ਗੱਡੀ ਚਲਾਉਣਾ, ਹੈਲਮੇਟ ਅਤੇ ਸੀਟ ਬੈਲਟਾਂ ਦੀ ਵਰਤੋਂ ਨਾ ਕਰਨਾ ਅਤੇ ਓਵਰਲੋਡਿੰਗ ਵਰਗੀਆਂ ਸਮੱਸਿਆਵਾਂ ਬਰਕਰਾਰ ਹਨ। ਬਹੁਤ ਸਾਰੀਆਂ ਥਾਵਾਂ 'ਤੇ, ਟ?ਰੈਫਿਕ ਨਿਯਮਾਂ ਨੂੰ ਲਾਗੂ ਕਰਨਾ ਸਿਰਫ ਪੁਲਿਸ ਦੀ ਮੌਜੂਦਗੀ ਦੁਆਰਾ ਸੀਮਤ ਹੈ। ਜੇਕਰ ਨਿਗਰਾਨੀ ਪ੍ਰਣਾਲੀਆਂ ਤਕਨਾਲੋਜੀ-ਅਧਾਰਤ ਅਤੇ ਪਾਰਦਰਸ਼ੀ ਹੋਣ, ਤਾਂ ਨਿਯਮਾਂ ਦੀ ਪਾਲਣਾ ਆਪਣੇ ਆਪ ਵਧ ਸਕਦੀ ਹੈ। ਸੜਕ ਹਾਦਸਿਆਂ ਨੂੰ ਜਨਤਕ ਸਿਹਤ ਸੰਕਟ ਵੀ ਮੰਨਿਆ ਜਾਂਦਾ ਹੈ ਕਿਉਂਕਿ ਹਾਦਸੇ ਤੋਂ ਬਾਅਦ ਸਮੇਂ ਸਿਰ ਡਾਕਟਰੀ ਦੇਖਭਾਲ ਦੀ ਘਾਟ ਕਾਰਨ ਵੱਡੀ ਗਿਣਤੀ ਵਿੱਚ ਮੌਤਾਂ ਹੁੰਦੀਆਂ ਹਨ। ਗੋਲਡਨ ਆਵਰ ਦੌਰਾਨ ਜੇਕਰ ਪੀੜਤਾਂ ਨੂੰ ਸਹੀ ਡਾਕਟਰੀ ਸਹਾਇਤਾ ਮਿਲਦੀ ਹੈ ਤਾਂ ਬਹੁਤ ਸਾਰੀਆਂ ਜਾਨਾਂ ਬਚਾਈਆਂ ਜਾ ਸਕਦੀਆਂ ਹਨ, ਪਰ ਪੇਂਡੂ ਅਤੇ ਦੂਰ-ਦੁਰਾਡੇ ਦੇ ਖੇਤਰਾਂ ਵਿੱਚ, ਐਂਬੂਲੈਂਸ ਸੇਵਾਵਾਂ ਦੀ ਘਾਟ, ਟਰਾਮਾ ਸੈਂਟਰਾਂ ਦੀ ਘਾਟ ਅਤੇ ਹਸਪਤਾਲਾਂ ਤੱਕ ਪਹੁੰਚਣ ਵਿੱਚ ਦੇਰੀ ਕਾਰਨ ਸਥਿਤੀ ਨਾਜ਼ੁਕ ਹੋ ਜਾਂਦੀ ਹੈ। ਪੁਲਿਸ ਅਤੇ ਸਿਹਤ ਵਿਭਾਗਾਂ ਵਿਚਕਾਰ ਤਾਲਮੇਲ ਦੀ ਘਾਟ ਅਕਸਰ ਰਾਹਤ ਕਾਰਜਾਂ ਨੂੰ ਪ੍ਰਭਾਵਤ ਕਰਦੀ ਹੈ। ਪ੍ਰਸ਼ਾਸਕੀ ਪੱਧਰ 'ਤੇ ਵੀ, ਸੜਕ ਸੁਰੱਖਿਆ ਕਈ ਵਿਭਾਗਾਂ ਵਿਚਕਾਰ ਵੰਡੀ ਹੋਈ ਜ਼ਿੰਮੇਵਾਰੀ ਦਾ ਵਿਸ਼ਾ ਹੈ। ਸੜਕ ਨਿਰਮਾਣ ਇੱਕ ਵਿਭਾਗ ਦੁਆਰਾ ਸੰਭਾਲਿਆ ਜਾਂਦਾ ਹੈ, ਟ?ਰੈਫਿਕ ਨਿਯੰਤਰਣ ਪੁਲਿਸ ਦੁਆਰਾ, ਸਿਹਤ ਸੇਵਾਵਾਂ ਦੂਜੇ ਵਿਭਾਗ ਦੇ ਅਧੀਨ ਹਨ, ਅਤੇ ਸਥਾਨਕ ਸੰਸਥਾਵਾਂ ਦੀਆਂ ਆਪਣੀਆਂ ਭੂਮਿਕਾਵਾਂ ਹਨ। ਇਹ ਵੰਡੀ ਹੋਈ ਪ੍ਰਣਾਲੀ ਦੁਰਘਟਨਾ ਰੋਕਥਾਮ ਲਈ ਇੱਕ ਤਾਲਮੇਲ ਵਾਲੀ ਰਣਨੀਤੀ ਦੇ ਵਿਕਾਸ ਨੂੰ ਰੋਕਦੀ ਹੈ। ਨਤੀਜੇ ਵਜੋਂ, ਜਵਾਬਦੇਹੀ ਅਸਪਸ਼ਟ ਰਹਿੰਦੀ ਹੈ। ਸੜਕ ਸੁਰੱਖਿਆ ਨੂੰ ਯਕੀਨੀ ਬਣਾਉਣ ਲਈ, ਵਿਗਿਆਨਕ ਅਤੇ ਸੁਰੱਖਿਅਤ ਸੜਕ ਇੰਜੀਨੀਅਰਿੰਗ ਨੂੰ ਯਕੀਨੀ ਬਣਾਉਣਾ ਜ਼ਰੂਰੀ ਹੈ। ਹਰੇਕ ਸੜਕ ਪ੍ਰੋਜੈਕਟ ਲਈ ਸੁਰੱਖਿਆ ਆਡਿਟ ਲਾਜ਼ਮੀ ਹੋਣੇ ਚਾਹੀਦੇ ਹਨ, ਅਤੇ ਦੁਰਘਟਨਾ-ਸੰਭਾਵੀ ਖੇਤਰਾਂ ਦੀ ਪਛਾਣ ਕੀਤੀ ਜਾਣੀ ਚਾਹੀਦੀ ਹੈ ਅਤੇ ਉਹਨਾਂ ਨੂੰ ਤੁਰੰਤ ਹੱਲ ਕੀਤਾ ਜਾਣਾ ਚਾਹੀਦਾ ਹੈ। ਪੈਦਲ ਚੱਲਣ ਵਾਲਿਆਂ, ਸਾਈਕਲ ਸਵਾਰਾਂ ਅਤੇ ਅਪਾਹਜਾਂ ਦੀਆਂ ਜ਼ਰੂਰਤਾਂ ਨੂੰ ਵੀ ਸੜਕ ਡਿਜ਼ਾਈਨ ਦਾ ਅਨਿੱਖੜਵਾਂ ਅੰਗ ਹੋਣਾ ਚਾਹੀਦਾ ਹੈ। ਐਮਰਜੈਂਸੀ ਮੈਡੀਕਲ ਸੇਵਾਵਾਂ ਨੂੰ ਮਜ਼ਬੂਤ ਕਰਨਾ ਵੀ ਬਹੁਤ ਜ਼ਰੂਰੀ ਹੈ। ਰਾਸ਼ਟਰੀ ਅਤੇ ਰਾਜ ਮਾਰਗਾਂ ਦੇ ਨਾਲ-ਨਾਲ ਨਿਯਮਤ ਅੰਤਰਾਲਾਂ 'ਤੇ ਆਧੁਨਿਕ ਟਰਾਮਾ ਸੈਂਟਰ ਸਥਾਪਤ ਕੀਤੇ ਜਾਣੇ ਚਾਹੀਦੇ ਹਨ, ਐਂਬੂਲੈਂਸ ਸੇਵਾਵਾਂ ਦਾ ਵਿਸਥਾਰ ਕੀਤਾ ਜਾਣਾ ਚਾਹੀਦਾ ਹੈ, ਅਤੇ ਸਾਰੇ ਹਸਪਤਾਲਾਂ ਨੂੰ ਦੁਰਘਟਨਾ ਪੀੜਤਾਂ ਨੂੰ ਤੁਰੰਤ ਇਲਾਜ ਪ੍ਰਦਾਨ ਕਰਨ ਲਈ ਲਾਜ਼ਮੀ ਬਣਾਇਆ ਜਾਣਾ ਚਾਹੀਦਾ ਹੈ। ÷ਗੁੱਡ ਸਮੈਰੀਟਨ÷ ਦਿਸ਼ਾ-ਨਿਰਦੇਸ਼ਾਂ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਲਾਗੂ ਕਰਨਾ ਵੀ ਜ਼ਰੂਰੀ ਹੈ, ਤਾਂ ਜੋ ਜ਼ਖਮੀ ਵਿਅਕਤੀ ਦੀ ਸਹਾਇਤਾ ਕਰਨ ਵਾਲੇ ਨਾਗਰਿਕ ਕਾਨੂੰਨੀ ਨਤੀਜਿਆਂ ਦੇ ਡਰ ਤੋਂ ਨਾ ਡਰਨ। ਸੜਕ ਸੁਰੱਖਿਆ ਸਿਰਫ਼ ਕਾਨੂੰਨ ਦਾ ਮਾਮਲਾ ਨਹੀਂ ਹੈ, ਸਗੋਂ ਸਮਾਜਿਕ ਵਿਵਹਾਰ ਦਾ ਵੀ ਸਵਾਲ ਹੈ। ਸਕੂਲਾਂ ਤੋਂ ਲੈ ਕੇ ਯੂਨੀਵਰਸਿਟੀਆਂ ਤੱਕ, ਪਾਠਕ੍ਰਮ ਵਿੱਚ ਸੜਕ ਸੁਰੱਖਿਆ ਸਿੱਖਿਆ ਸ਼ਾਮਲ ਕੀਤੀ ਜਾਣੀ ਚਾਹੀਦੀ ਹੈ। ਜਨਤਕ ਜਾਗਰੂਕਤਾ ਮੁਹਿੰਮਾਂ ਰਾਹੀਂ ਨਾਗਰਿਕਾਂ ਵਿੱਚ ਜ਼ਿੰਮੇਵਾਰ ਡਰਾਈਵਿੰਗ ਦਾ ਸੱਭਿਆਚਾਰ ਵਿਕਸਤ ਕੀਤਾ ਜਾਣਾ ਚਾਹੀਦਾ ਹੈ। ਮਾਪਿਆਂ, ਅਧਿਆਪਕਾਂ, ਮੀਡੀਆ ਅਤੇ ਸਿਵਲ ਸੁਸਾਇਟੀ ਦੀ ਸਰਗਰਮ ਭਾਗੀਦਾਰੀ ਇਸ ਦਿਸ਼ਾ ਵਿੱਚ ਮਹੱਤਵਪੂਰਨ ਭੂਮਿਕਾ ਨਿਭਾ ਸਕਦੀ ਹੈ। ਜੇਕਰ ਭਾਰਤ ਨੇ ਇੱਕ ਵਿਕਸਤ ਰਾਸ਼ਟਰ ਬਣਨ ਵੱਲ ਵਧਣਾ ਹੈ, ਤਾਂ ਸੁਰੱਖਿਅਤ ਸੜਕਾਂ ਇੱਕ ਮੁੱਢਲੀ ਸ਼ਰਤ ਹੈ। ਸੜਕ ਹਾਦਸੇ ਕਿਸਮਤ ਜਾਂ ਸੰਜੋਗ ਦਾ ਮਾਮਲਾ ਨਹੀਂ ਹਨ, ਪਰ ਜ਼ਿਆਦਾਤਰ ਮਾਮਲਿਆਂ ਵਿੱਚ, ਰੋਕਥਾਮਯੋਗ ਹਨ। ਲੋੜ ਇਸ ਗੱਲ ਦੀ ਹੈ ਕਿ ਉਨ੍ਹਾਂ ਨੂੰ ਸਿਰਫ਼ ਵਿਅਕਤੀਗਤ ਗਲਤੀਆਂ ਵਜੋਂ ਨਾ ਦੇਖਿਆ ਜਾਵੇ, ਸਗੋਂ ਜਨਤਕ ਸਿਹਤ ਅਤੇ ਚੰਗੇ ਸ਼ਾਸਨ ਲਈ ਇੱਕ ਚੁਣੌਤੀ ਵਜੋਂ ਦੇਖਿਆ ਜਾਵੇ। ਸਿਰਫ਼ ਸੁਰੱਖਿਅਤ ਸੜਕ ਬੁਨਿਆਦੀ ਢਾਂਚੇ, ਸਖ਼ਤ ਅਤੇ ਪਾਰਦਰਸ਼ੀ ਕਾਨੂੰਨ ਲਾਗੂ ਕਰਨ, ਆਧੁਨਿਕ ਐਮਰਜੈਂਸੀ ਸਿਹਤ ਸੇਵਾਵਾਂ, ਜਨਤਕ ਜਾਗਰੂਕਤਾ ਅਤੇ ਪ੍ਰਭਾਵਸ਼ਾਲੀ ਪ੍ਰਸ਼ਾਸਕੀ ਤਾਲਮੇਲ ਰਾਹੀਂ ਹੀ ਹਾਦਸਿਆਂ ਨੂੰ ਕਾਫ਼ੀ ਹੱਦ ਤੱਕ ਘਟਾਇਆ ਜਾ ਸਕਦਾ ਹੈ। ਜਦੋਂ ਤੱਕ ਸਰਕਾਰ ਸੜਕ ਸੁਰੱਖਿਆ ਨੂੰ ਇੱਕ ਮੁੱਖ ਵਿਕਾਸ ਏਜੰਡਾ ਨਹੀਂ ਬਣਾਉਂਦੀ, ਲੱਖਾਂ ਪਰਿਵਾਰ ਦੁੱਖ ਝੱਲਦੇ ਰਹਿਣਗੇ ਅਤੇ ਦੇਸ਼ ਨੂੰ ਹਰ ਸਾਲ ਨਾ ਪੂਰਾ ਹੋਣ ਵਾਲਾ ਨੁਕਸਾਨ ਝੱਲਣਾ ਪਵੇਗਾ। ਸੁਰੱਖਿਅਤ ਸੜਕਾਂ ਸਿਰਫ਼ ਇੱਕ ਸਹੂਲਤ ਨਹੀਂ ਹਨ, ਸਗੋਂ ਹਰ ਨਾਗਰਿਕ ਦਾ ਸੰਵਿਧਾਨਕ ਅਤੇ ਮਨੁੱਖੀ ਅਧਿਕਾਰ ਹਨ।

**ਡਾ. ਸਤਿਆਵਾਨ ਸੌਰਭ**
**(ਪੀਐਚਡੀ (ਰਾਜਨੀਤੀ ਵਿਗਿਆਨ), ਇੱਕ ਕਵੀ ਅਤੇ ਸਮਾਜਿਕ ਚਿੰਤਕ ਹਨ)**

# ਕਿੰਨੀ ਦੇਰ ਤੱਕ ਪੰਜਾਬੀ ਸਿਆਸੀ ਭਰਮਜਾਲ 'ਚ ਫਸੇ ਰਹਿਣਗੇ

ਕਿੰਨੀ ਦੇਰ ਤੱਕ ਪੰਜਾਬੀ ਸਿਆਸੀ ਭਰਮਜਾਲ ਦਾ ਸ਼ਿਕਾਰ ਹੁੰਦੇ ਰਹਿਣਗੇ? ਕਿੰਨੀ ਦੇਰ ਤੱਕ ਪੰਜਾਬੀ ਗੁਮਰਾਹ ਹੁੰਦੇ ਰਹਿਣਗੇ ਅਤੇ ਸੱਚ ਨੂੰ ਪਛਾਣਨ ਲਈ ਹੋਰ ਕਿੰਨੀ ਦੇਰ ਲਾਉਣਗੇ? ਪੰਜਾਬੀਆਂ 'ਤੇ ਹਮਲੇ ਸਿਆਸੀ ਵੀ ਹਨ, ਧਾਰਮਿਕ ਵੀ ਹਨ ਅਤੇ ਸੱਭਿਆਚਾਰਕ ਵੀ। ਉਹ ਦੇਸ਼ 'ਤੇ ਸਰਹੱਦੀ ਹਮਲਿਆਂ ਨੂੰ ਪਛਾੜਨ ਲਈ ਕਾਮਯਾਬ ਹਨ, ਉਹ ਦੇਸ਼ ਦੇ ਅੰਨ ਭੰਡਾਰ ਭਰਨ ਲਈ ਕਾਮਯਾਬ ਹਨ, ਉਹ ਦੇਸ਼ ਲਈ ਕੁਰਬਾਨੀਆਂ ਕਰਨ ਲਈ ਸਭ ਤੋਂ ਅੱਗੇ ਹਨ ਅਤੇ ਜਾਨਾਂ ਵਾਰਨ ਤੱਕ ਜਾਂਦੇ ਹਨ। ਦੇਸ਼ ਦੀ ਆਜ਼ਾਦੀ ਲਈ ਉਨ੍ਹਾਂ ਸਭ ਤੋਂ ਵੱਧ ਕੁਰਬਾਨੀਆਂ ਕੀਤੀਆਂ ਅਤੇ ਮਨੁੱਖੀ ਅਧਿਕਾਰਾਂ ਦੀ ਰਾਖੀ ਲਈ ਉਹ ਹਮੇਸ਼ਾ ਮੋਹਰੀ ਹੋ ਕੇ ਜੂਝਦੇ ਰਹੇ। ਪਰ ਸਵਾਲ ਪੈਦਾ ਹੁੰਦਾ ਹੈ ਕਿ ਆਪਣੇ ਹਿੱਤਾਂ ਦੀ ਰਾਖੀ ਲਈ 'ਪਗੜੀ ਸੰਭਾਲ ਜੱਟਾ' ਵਰਗੇ ਇਤਿਹਾਸਕ ਮੋਰਚੇ ਲਾਉਣ ਵਾਲੀ ਇਹ ਅਣਖੀ ਕੌਮ ਹੁਣ ਉਸ ਵੇਲੇ ਆਨਾ-ਕਾਨੀ ਕਿਉਂ ਕਰ ਰਹੀ ਹੈ, ਜਦੋਂ ਉਨ੍ਹਾਂ ਦਾ ਪਾਣੀ ਲੁੱਟਿਆ ਜਾ ਰਿਹਾ ਹੈ, ਉਨ੍ਹਾਂ ਦੀ ਰਾਜਧਾਨੀ ਚੰਡੀਗੜ੍ਹ ਖੋਹੀ ਗਈ ਹੈ, ਉਨ੍ਹਾਂ ਦੀ ਮਾਂ-ਬੋਲੀ ਪੰਜਾਬੀ ਨੂੰ ਹਾਸ਼ੀਏ 'ਤੇ ਧੱਕ ਕੇ ਤਹਿਸ-ਨਹਿਸ ਕੀਤਾ ਜਾ ਰਿਹਾ ਹੈ, ਅਤੇ ਉਨ੍ਹਾਂ ਦਾ ਅਮੀਰ ਸੱਭਿਆਚਾਰ ਤਬਾਹ ਕੀਤਾ ਜਾ ਰਿਹਾ ਹੈ? ਉਨ੍ਹਾਂ 'ਤੇ ਚੌਤਰਫ਼ੇ ਧਾਰਮਿਕ ਹਮਲੇ ਹੋ ਰਹੇ ਹਨ, ਹਿੰਦੂ-ਸਿੱਖ ਦਾ ਰਵਾਇਤੀ ਪਾੜਾ ਪਾਉਣ ਦਾ ਕੋਝਾ ਯਤਨ ਹੋ ਰਿਹਾ ਹੈ, ਅਤੇ ਆਪਣੀ ਮਿਹਨਤ ਦੇ ਸਿਰ 'ਤੇ ਜਿਊਣ ਵਾਲੇ ਪੰਜਾਬੀਆਂ ਨੂੰ ਸਿਆਸੀ ਮੁਫ਼ਤਖੋਰੀ ਦੀਆਂ ਰੇਵੜੀਆਂ ਵੰਡ ਕੇ ਆਲਸੀ ਤੇ ਮੁਥਾਜ ਬਣਾਇਆ ਜਾ ਰਿਹਾ ਹੈ। ਸਿਆਸੀ ਪਾਰਟੀਆਂ ਸੂਬੇ ਪੰਜਾਬ ਦੇ ਵਿਕਾਸ ਦੀ ਜ਼ੋਰ-ਸ਼ੋਰ ਨਾਲ ਦੁਹਾਈ ਦੇ ਰਹੀਆਂ ਹਨ। ਦੇਸ਼ ਦਾ ਪ੍ਰਧਾਨ ਮੰਤਰੀ ਆਖਦਾ ਹੈ ਕਿ ਭਾਜਪਾ ਹੀ ਪੰਜਾਬ ਦਾ ਅਸਲ ਵਿਕਾਸ ਕਰਵਾ ਸਕਦੀ ਹੈ। ਉਹ ਪੰਜਾਬ ਫੇਰੀ ਦੌਰਾਨ ਸੂਬੇ ਲਈ 5,470 ਕਰੋੜ ਰੁਪਏ ਦੇ ਵਿਕਾਸ ਪ੍ਰੋਜੈਕਟਾਂ ਦਾ ਉਦਘਾਟਨ ਕਰਦਾ ਹੈ ਅਤੇ ਇਸ ਵਿੱਚ 'ਡਬਲ ਇੰਜਣ' ਸਰਕਾਰ ਦੀ ਵਕਾਲਤ ਕਰਦਾ ਹੈ। ਪਰ ਉਹ ਪੰਜਾਬ ਦੇ ਸਭ ਤੋਂ ਵੱਡੇ ਮਸਲੇ, ਯਾਨੀ ਪਾਣੀਆਂ ਦੇ ਸੰਕਟ ਦੀ ਗੱਲ ਨਹੀਂ ਕਰਦਾ। ਉਹ ਬੰਜਰ ਹੋ ਰਹੀ ਪੰਜਾਬ ਦੀ ਉਪਜਾਊ ਧਰਤੀ ਬਾਰੇ ਇੱਕ ਅੱਖਰ ਵੀ ਨਹੀਂ ਬੋਲਦਾ। ਉਹ ਕਿਸਾਨਾਂ ਦੇ ਮਸਲਿਆਂ- ਜਿਵੇਂ ਐੱਮ.ਐੱਸ.ਪੀ. ਦੀ ਕਾਨੂੰਨੀ ਗਾਰੰਟੀ ਅਤੇ ਸਵਾਮੀਨਾਥਨ ਰਿਪੋਰਟ ਲਾਗੂ ਕਰਨ ਦੇ ਹੱਲ ਲਈ ਕੋਈ ਗੱਲ ਨਹੀਂ ਕਰਦਾ। ਉਹ ਸਿਰਫ਼ ਅਕਾਲੀਆਂ, ਕਾਂਗਰਸੀਆਂ ਅਤੇ ਆਪ ਵਾਲਿਆਂ 'ਤੇ ਤਿੱਖੇ ਨਿਸ਼ਾਨੇ ਸਾਧਦਾ ਹੈ, ਸਿਆਸੀ ਸਟੇਜਾਂ 'ਤੇ ਬੱਲੇ-ਬੱਲੇ ਕਰਵਾਉਂਦਾ ਹੈ ਅਤੇ ਤੁਰਦਾ ਬਣਦਾ ਹੈ। ਪ੍ਰਧਾਨ ਮੰਤਰੀ ਅਤੇ ਕੇਂਦਰੀ ਲੀਡਰਸ਼ਿਪ ਪੰਜਾਬੀ ਨੌਜਵਾਨਾਂ ਦੇ ਵੱਡੇ ਪੱਧਰ 'ਤੇ ਹੋ ਰਹੇ ਪ੍ਰਵਾਸ, ਨਸ਼ਿਆਂ ਦੇ ਗੰਭੀਰ ਗ੍ਰਸੇ ਜਾਣ ਅਤੇ ਪੰਜਾਬ ਦੀ ਸਿਰ ਚੜ੍ਹੇ ਲੱਖਾਂ ਕਰੋੜਾਂ ਦੇ ਆਰਥਿਕ ਕਰਜ਼ੇ ਦੀ ਸਥਿਤੀ ਦੀ ਕੋਈ ਗੱਲ ਨਹੀਂ ਕਰਦੀ। ਆਖਰ ਪੰਜਾਬੀਆਂ ਨੂੰ ਇਹਨਾਂ ਵੱਡੇ ਹਾਈਵੇਜ਼ ਦਾ ਕੀ ਲਾਭ, ਜੇ ਪੰਜਾਬ ਦੇ ਕਿਸਾਨਾਂ ਦੀਆਂ ਜ਼ਮੀਨਾਂ ਨੂੰ ਉਜਾੜ ਕੇ, ਉਨ੍ਹਾਂ ਦਾ ਸੀਨਾ ਪਾੜ ਕੇ ਕਾਰਪੋਰੇਟਾਂ ਦੇ ਹਿੱਤਾਂ ਲਈ ਇਹਨਾਂ ਸੜਕਾਂ ਨੂੰ ਉਸਾਰਿਆ ਜਾ ਰਿਹਾ ਹੈ? ਪੰਜਾਬੀਆਂ ਨੂੰ ਕੀ ਲਾਹਾ ਅਧੁਨਿਕ ਰੇਲਵੇ ਸਟੇਸ਼ਨਾਂ ਦਾ, ਜੇਕਰ ਉਨ੍ਹਾਂ ਦੇ ਆਪਣੇ ਪਿੰਡਾਂ ਜਾਂ ਸ਼ਹਿਰਾਂ ਦੀਆਂ ਸੰਪਰਕ ਸੜਕਾਂ ਟੁੱਟੀਆਂ-ਫੁੱਟੀਆਂ ਅਤੇ ਖ਼ਸਤਾਹਾਲ ਹਨ? ਆਖ਼ਰ ਉਸ ਆਮ ਨਾਗਰਿਕ ਨੂੰ ਉਸ ਉੱਪਰੋਂ-ਉੱਪਰੋਂ ਦਿਸਦੇ ਵਿਕਾਸ ਦਾ ਕੀ ਫਾਇਦਾ, ਜੇਕਰ ਉਸ ਨੂੰ ਰੁਜ਼ਗਾਰ ਨਹੀਂ ਮਿਲਦਾ, ਉਸ ਦੇ ਬੱਚੇ ਨੂੰ ਸਰਕਾਰੀ ਸਕੂਲਾਂ ਵਿੱਚ ਸਹੀ ਸਿੱਖਿਆ ਨਹੀਂ ਮਿਲਦੀ, ਅਤੇ ਬੁਨਿਆਦੀ ਸਿਹਤ ਸਹੂਲਤਾਂ ਉਸ ਦੇ ਪੱਲੇ ਨਹੀਂ ਪੈਂਦੀਆਂ? ਜਦੋਂ ਇੱਕ ਆਮ ਪੰਜਾਬੀ ਇਹਨਾਂ ਬੁਨਿਆਦੀ ਸਹੂਲਤਾਂ ਦੀ ਪ੍ਰਾਪਤੀ ਲਈ ਆਪਣਾ ਝੱਗਾ-ਚੌੜ ਕਰਵਾਉਂਦਾ ਹੈ, ਆਪਣੀਆਂ ਬਚੀਆਂ-ਖੁਚੀਆਂ ਜ਼ਮੀਨਾਂ ਵੇਚਦਾ ਹੈ, ਘਰ ਗਿਰਵੀ ਰੱਖਦਾ ਹੈ ਅਤੇ ਬਾਅਦ ਵਿੱਚ ਕਰਜ਼ਾ ਨਾ ਚੁਕਾਉਣ ਦੀ ਸੂਰਤ ਵਿੱਚ ਛੱਤ ਦੇ ਸ਼ਤੀਰਾਂ ਜਾਂ ਪੱਖਿਆਂ ਨੂੰ ਜੱਫੇ ਪਾ ਕੇ ਖ਼ੁਦਕੁਸ਼ੀ ਕਰਨ ਲਈ ਮਜਬੂਰ ਹੋ ਜਾਂਦਾ ਹੈ।

ਗੱਲ ਇਕੱਲੇ ਪ੍ਰਧਾਨ ਮੰਤਰੀ ਅਤੇ ਭਾਜਪਾ ਦੀ ਨਹੀਂ ਹੈ, ਜਿਹੜੀ ਹਰ ਹਾਲ ਵਿੱਚ ਪੰਜਾਬ ਦੀ ਸੱਤਾ ਹਥਿਆਉਣਾ ਚਾਹੁੰਦੀ ਹੈ। ਕੇਂਦਰੀ ਹਾਕਮ ਹਰ ਹੀਲੇ ਪੰਜਾਬੀਆਂ ਦੀ ਖੇਤੀ ਅੰਦੋਲਨ ਵੇਲੇ ਦੀ ਇਤਿਹਾਸਕ ਪ੍ਰਾਪਤੀ ਦੀ ਹਉਮੈ ਨੂੰ ਭੰਨਣਾ ਚਾਹੁੰਦੇ ਹਨ। ਪੰਜਾਬ ਦੇ ਲੋਕਾਂ ਨੇ ਕਾਂਗਰਸ ਦੀਆਂ ਨਾਕਾਮੀਆਂ ਤੋਂ ਨਾਰਾਜ਼ ਹੁੰਦਿਆਂ ਅਤੇ ਅਕਾਲੀ ਦਲ ਦੇ ਰਵਾਇਤੀ ਪਰਿਵਾਰਵਾਦ ਤੋਂ ਪਾਸਾ ਵੱਟਦਿਆਂ, ਇੱਕ ਵੱਡੇ ਜਜ਼ਬਾਤੀ ਰੌਅ ਵਿੱਚ ਆਮ ਆਦਮੀ ਪਾਰਟੀ ਨੂੰ ਆਪਣੇ ਸੀਨੇ ਨਾਲ ਲਾ ਲਿਆ ਸੀ। ਇਹ ਇਨਕਲਾਬੀ ਬਦਲ ਇਸ ਆਸ ਨਾਲ ਲਿਆਂਦਾ ਗਿਆ ਸੀ ਕਿ ਇਹ ਪਾਰਟੀ ਉਨ੍ਹਾਂ ਦੇ ਦੁਖੜਿਆਂ ਦਾ ਹੱਲ ਕਰੇਗੀ, ਉਨ੍ਹਾਂ ਦੇ ਬੱਚਿਆਂ ਨੂੰ ਸੂਬੇ ਵਿੱਚ ਹੀ ਰੁਜ਼ਗਾਰ ਮਿਲੇਗਾ ਤੇ ਸੁੱਖ ਦਾ ਸਾਹ ਆਏਗਾ, ਭ੍ਰਿਸ਼ਟਾਚਾਰ ਸੂਬੇ ਵਿੱਚੋਂ ਜੜ੍ਹੋਂ ਖ਼ਤਮ ਹੋਵੇਗਾ, ਨਸ਼ਿਆਂ ਦੇ ਵਪਾਰੀ ਜੇਲ੍ਹਾਂ ਵਿੱਚ ਹੋਣਗੇ, ਅਤੇ ਇੱਕ ਸਾਫ਼-ਸੁਥਰਾ ਤੇ ਪਾਰਦਰਸ਼ੀ ਪ੍ਰਸ਼ਾਸਨ ਮਿਲੇਗਾ।

ਪਰ ਅੱਜ ਪੰਜਾਬੀ ਇਹ ਸੋਚਣ 'ਤੇ ਮਜਬੂਰ ਹੋ ਗਏ ਹਨ ਕਿ ਬਦਲਾਅ ਦੇ ਨਾਂ 'ਤੇ ਉਨ੍ਹਾਂ ਦਾ ਤਾਂ ਕੁਝ ਹੋਰ ਵੀ ਬਹੁਤ ਕੁਝ ਗੁਆਚ ਗਿਆ ਹੈ। ਰਵਾਇਤੀ ਪਾਰਟੀਆਂ ਵਾਂਗ ਹੀ ਨਵੇਂ ਹਾਕਮ ਵੀ ਦਿੱਲੀ ਦੇ ਇਸ਼ਾਰਿਆਂ 'ਤੇ ਚੱਲ ਰਹੇ ਹਨ, ਜਿਸ ਕਾਰਨ ਸੂਬੇ ਦੇ ਆਪਣੇ ਫ਼ੈਸਲੇ ਲੈਣ ਦੀ ਤਾਕਤ ਕਮਜ਼ੋਰ ਹੋਈ ਹੈ। ਪੰਜਾਬ ਅਤੇ ਪੰਜਾਬੀ ਆਪਣੀ ਨੈਤਿਕਤਾ, ਸਦੀਆਂ ਪੁਰਾਣਾ ਭਾਈਚਾਰਾ, ਸਾਂਝੀਵਾਲਤਾ ਦੇ ਸਿਧਾਂਤ, ਅਤੇ ਆਪਸੀ ਸਹਿਯੋਗ ਨੂੰ ਬਰਕਰਾਰ ਰੱਖਣਗੇ-ਇਹੀ ਉਨ੍ਹਾਂ ਦੇ ਸਾਹਮਣੇ ਸਭ ਤੋਂ ਵੱਡੀ ਚੁਣੌਤੀ ਅਤੇ ਆਸ ਸੀ।

ਪੰਜਾਬ ਦੀ ਸਿਆਸਤ ਹਮੇਸ਼ਾ ਹੀ ਬਹੁਤ ਪੇਚੀਦਗੀ ਭਰਪੂਰ ਰਹੀ ਹੈ। ਪੰਜਾਬ ਨਾਲ ਸਦਾ ਦਿੱਲੀ ਦੇ ਸਿਆਸਤਦਾਨ ਗੰਧਲੀਆਂ ਖੇਡਾਂ ਖੇਡਦੇ ਰਹੇ ਹਨ। ਸੂਬੇ ਦੇ ਸਰੋਤਾਂ ਨੂੰ ਲੁੱਟਣ ਅਤੇ ਇੱਥੋਂ ਦੀ ਖੇਤਰੀ ਤਾਕਤ ਨੂੰ ਕਮਜ਼ੋਰ ਕਰਨ ਲਈ ਕੇਂਦਰੀ ਸਿਆਸਤ ਨੇ ਹਮੇਸ਼ਾ ਸਾਜ਼ਿਸ਼ਾਂ ਘੜੀਆਂ ਹਨ। ਪੰਜਾਬ ਉਨ੍ਹਾਂ ਖੇਡਾਂ ਦਾ ਸ਼ਿਕਾਰ ਹੁੰਦਾ ਰਿਹਾ ਹੈ ਅਤੇ ਮੌਜੂਦਾ ਦੌਰ ਵਿੱਚ ਵੀ ਹੋ ਰਿਹਾ ਹੈ। ਅਸੀਂ ਦੇਖਿਆ ਹੈ ਕਿ ਪੰਜਾਬ ਵਿੱਚ ਅੱਸੀ-ਨੱਬੇ ਦੇ ਦਹਾਕੇ ਦੀਆਂ ਗਰਮ ਲਹਿਰਾਂ ਦੌਰਾਨ ਹਜ਼ਾਰਾਂ ਨੌਜਵਾਨਾਂ ਦੇ ਫਰਜ਼ੀ ਮੁਕਾਬਲੇ ਹੋਏ- ਇਸ ਖ਼ੂਨੀ ਖੇਡ ਪਿੱਛੇ ਆਖਰ ਕਿਸ ਦਾ ਹੱਥ ਸੀ? ਪੰਜਾਬ ਵਿੱਚ ਨਸ਼ਿਆਂ ਦਾ ਛੇਵਾਂ ਦਰਿਆ ਵਗਾਇਆ ਗਿਆ, ਜਿਸ ਨੇ ਲੱਖਾਂ ਘਰਾਂ ਦੇ ਚਿਰਾਗ ਬੁਝਾ ਦਿੱਤੇ-ਕੌਣ ਹਨ ਇਸ ਦੇ ਅਸਲ ਸਰਪ੍ਰਸਤ? ਪੰਜਾਬ ਦੇ ਨੌਜਵਾਨਾਂ ਦੀ ਬੇਰੁਜ਼ਗਾਰੀ ਅਤੇ ਮਜਬੂਰਨ ਪ੍ਰਵਾਸ ਦਾ ਅਸਲ ਜ਼ਿੰਮੇਵਾਰ ਕੌਣ ਹੈ? ਇਹਨਾਂ ਸਾਰੇ ਗੰਭੀਰ ਸਵਾਲਾਂ ਦੇ ਜਵਾਬ ਲੱਭਦਿਆਂ ਅਤੇ ਹੌਲੀ-ਹੌਲੀ ਜਾਗਰੂਕ ਹੁੰਦਿਆਂ, ਹੁਣ ਪੰਜਾਬੀ ਸਿਆਸੀ ਨੇਤਾਵਾਂ ਨਾਲ ਬੇਹੱਦ ਨਾਰਾਜ਼ ਹਨ, ਕਿਉਂਕਿ ਇਹ ਨੇਤਾ ਵੋਟਾਂ ਵੇਲੇ ਤਾਂ ਪੈਰਾਂ 'ਤੇ ਡਿੱਗਦੇ ਹਨ ਪਰ ਔਖੇ ਵੇਲਿਆਂ ਵਿੱਚ ਪੰਜਾਬ ਦੀ ਬਾਂਹ ਫੜਨ ਤੋਂ ਸਾਫ਼ ਮੁੱਕਰ ਜਾਂਦੇ ਹਨ। ਜੇਕਰ ਪੰਜਾਬ ਦੀ ਜਨਸੰਖਿਆ ਦੇ ਅੰਕੜਿਆਂ 'ਤੇ ਨਜ਼ਰ ਮਾਰੀਏ, ਤਾਂ ਇੱਥੇ ਲਗਭਗ 58 ਫ਼ੀਸਦੀ ਸਿੱਖ ਆਬਾਦੀ ਹੈ, ਜਿਸ ਵਿੱਚੋਂ ਕਰੀਬ 60 ਫ਼ੀਸਦੀ ਜੱਟ ਸਿੱਖ ਹਨ। ਹਿੰਦੂ ਭਾਈਚਾਰੇ ਦੀ ਗਿਣਤੀ ਲਗਭਗ 40 ਫ਼ੀਸਦੀ ਹੈ। ਇਸ ਹਿੰਦੂ-ਸਿੱਖ ਆਬਾਦੀ ਦੇ ਅੰਦਰ ਹੀ ਲਗਭਗ 33 ਫ਼ੀਸਦੀ (ਭਾਵ ਤੀਜਾ ਹਿੱਸਾ) ਦਲਿਤ ਵੋਟ ਬੈਂਕ ਹੈ, ਜੋ ਕਿ ਪੂਰੇ ਦੇਸ਼ ਵਿੱਚ ਕਿਸੇ ਵੀ ਸੂਬੇ ਨਾਲੋਂ ਫ਼ੀਸਦੀ ਦੇ ਹਿਸਾਬ ਨਾਲ ਸਭ ਤੋਂ ਵੱਧ ਹੈ। ਅੱਜ ਸਾਰੀਆਂ ਸਿਆਸੀ ਪਾਰਟੀਆਂ ਪੰਜਾਬੀਆਂ ਦੇ ਇਸ ਸਾਂਝੇ ਅਕਸ ਨੂੰ ਢਾਹ ਲਾ ਕੇ, ਉਨ੍ਹਾਂ ਨੂੰ ਧਰਮ ਅਤੇ ਜਾਤ ਦੇ ਨਾਂ 'ਤੇ ਵੰਡ ਕੇ ਵੋਟਾਂ ਹਥਿਆਉਣ ਦੇ ਸਸਤੇ ਚੱਕਰ ਵਿੱਚ ਹਨ। ਸਾਰੀਆਂ ਸਿਆਸੀ ਪਾਰਟੀਆਂ ਖ਼ਾਸ ਕਰਕੇ ਭਾਜਪਾ ਦਾ ਪੂਰਾ ਫੋਕਸ ਇਸ ਵੇਲੇ ਐੱਸ.ਸੀ. ਜਾਤੀ ਦੇ ਵੋਟ ਬੈਂਕ ਨੂੰ ਆਪਣੇ ਵੱਲ ਖਿੱਚਣ 'ਤੇ ਹੈ। ਦੋਆਬੇ ਦੇ ਚਾਰ ਪ੍ਰਮੁੱਖ ਜ਼ਿਲ੍ਹੇ-ਜਲੰਧਰ, ਕਪੂਰਥਲਾ, ਹੁਸ਼ਿਆਰਪੁਰ, ਅਤੇ ਨਵਾਂਸ਼ਹਿਰ (ਸ਼ਹੀਦ ਭਗਤ ਸਿੰਘ ਨਗਰ)-ਵਿੱਚ ਦਲਿਤ ਵੋਟਰ ਹੀ ਸਾਰੀਆਂ ਸਿਆਸੀ ਪਾਰਟੀਆਂ ਦੀ ਹਾਰ-ਜਿੱਤ ਤੈਅ ਕਰਦੇ ਹਨ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦਾ ਡੇਰਾ ਸੱਚਖੰਡ ਬੱਲਾਂ ਵਿਖੇ ਜਾਣਾ ਇਸੇ ਰਣਨੀਤੀ ਦਾ ਹਿੱਸਾ ਸੀ, ਤਾਂ ਜੋ ਦੋਆਬੇ ਦੇ ਇਸ ਪ੍ਰਭਾਵਸ਼ਾਲੀ ਵੋਟ ਬੈਂਕ ਨੂੰ ਭਾਜਪਾ ਦੇ ਪੱਖ ਵਿੱਚ ਭੁਗਤਾਇਆ ਜਾ ਸਕੇ। ਉਨ੍ਹਾਂ ਨੇ ਡੇਰੇ ਦੇ ਸੰਤ ਨਿਰੰਜਨ ਦਾਸ ਨੂੰ ਵਿਸ਼ੇਸ਼ ਅਹਿਮੀਅਤ ਦੇ ਕੇ ਇਹ ਸਪਸ਼ਟ ਸੰਦੇਸ਼ ਦਿੱਤਾ ਹੈ ਕਿ ਉਹ ਹੁਣ ਡੇਰਾਵਾਦ ਦੇ ਸਹਾਰੇ ਪੰਜਾਬ ਦੀ ਸਿਆਸਤ ਵਿੱਚ ਪੈਰ ਜਮਾਉਣਾ ਚਾਹੁੰਦੇ ਹਨ।

ਇਤਿਹਾਸਕ ਤੌਰ 'ਤੇ ਪੰਜਾਬ ਦੀ ਦਲਿਤ ਵੋਟ ਜ਼ਿਆਦਾਤਰ ਕਾਂਗਰਸ ਦੇ ਪੱਖ ਵਿੱਚ ਭੁਗਤਦੀ ਰਹੀ ਹੈ, ਖਾਸ ਕਰਕੇ ਦੋਆਬੇ ਦੇ ਇਲਾਕੇ ਵਿੱਚ। ਪਰ ਪਿਛਲੀਆਂ ਚੋਣਾਂ ਵਿੱਚ ਆਮ ਆਦਮੀ ਪਾਰਟੀ ਨੇ ਇਸ ਵੋਟ ਬੈਂਕ ਵਿੱਚ ਵੱਡੀ ਸੰਨ੍ਹ ਲਾਈ ਅਤੇ ਇੱਥੇ ਆਪਣਾ ਸਿਆਸੀ ਆਧਾਰ ਮਜ਼ਬੂਤ ਕੀਤਾ। ਦੂਜੇ ਪਾਸੇ, ਸ਼?ਰੋਮਣੀ ਅਕਾਲੀ ਦਲ ਅਤੇ ਬਸਪਾ ਦਾ ਗੱਠਜੋੜ ਵੀ ਇਸੇ ਵੋਟ ਨੂੰ ਹਾਸਲ ਕਰਨ ਲਈ ਹੱਥ-ਪੈਰ ਮਾਰਦਾ ਰਿਹਾ ਹੈ। ਉਂਜ, ਪੰਜਾਬ ਦੀ ਐੱਸ.ਸੀ. ਆਬਾਦੀ ਅਕਾਲੀਆਂ, ਗਰਮਖਿਆਲੀਆਂ, ਅਤੇ ਕਾਂਗਰਸ ਦੇ ਖੇਮਿਆਂ ਵਿੱਚ ਵੰਡੀ ਹੋਈ ਹੈ। ਜੇ ਗਣਿਤ ਸਮਝੀਏ ਤਾਂ ਦਲਿਤਾਂ ਦੀ ਕੁੱਲ 33 ਫ਼ੀਸਦੀ ਵੋਟ ਵਿੱਚੋਂ, ਸਿੱਖ ਦਲਿਤਾਂ ਦੀ ਹਿੱਸੇਦਾਰੀ ਬਹੁਤ ਵੱਡੀ ਹੈ, ਜੋ ਕਿ ਸਿਆਸਤ ਦਾ ਰੁਖ਼ ਬਦਲਣ ਦੇ ਸਮਰੱਥ ਹੈ।

ਸਿਆਸੀ ਪਾਰਟੀਆਂ, ਖ਼ਾਸ ਕਰਕੇ ਭਾਜਪਾ ਵੱਲੋਂ ਪੰਜਾਬੀਆਂ ਨੂੰ ਪਹਿਲਾਂ ਧਰਮ ਦੇ ਨਾਂ 'ਤੇ ਵੰਡਣਾ ਅਤੇ ਫਿਰ ਜਾਤ-ਪਾਤ ਦੀ ਵਰਗ-ਵੰਡ ਕਰਨਾ ਸੂਬੇ ਦੇ ਸਮਾਜਿਕ ਤਾਣੇ-ਬਾਣੇ ਲਈ ਬਹੁਤ ਘਾਤਕ ਸਿੱਧ ਹੋ ਰਿਹਾ ਹੈ। ਪਰ ਦੁਖਾਂਤ ਇਹ ਹੈ ਕਿ ਪੰਜਾਬੀਆਂ ਉੱਤੇ ਇਸ ਸਿਆਸੀ ਧਰੁਵੀਕਰਨ ਦਾ ਅਸਰ ਹੁਣ ਸਾਫ਼ ਦਿਖਣ ਲੱਗ ਪਿਆ ਹੈ। ਜੇਕਰ ਅਸੀਂ ਚੋਣ ਅੰਕੜਿਆਂ 'ਤੇ ਨਜ਼ਰ ਮਾਰੀਏ, ਤਾਂ 2022 ਦੀਆਂ ਪੰਜਾਬ ਵਿਧਾਨ ਸਭਾ ਚੋਣਾਂ ਵਿੱਚ ਭਾਜਪਾ ਨੂੰ ਸਿਰਫ਼ 6.6 ਫ਼ੀਸਦੀ ਵੋਟਾਂ ਮਿਲੀਆਂ ਸਨ। ਲੇਕਿਨ 2024 ਦੀਆਂ ਲੋਕ ਸਭਾ ਚੋਣਾਂ ਵਿੱਚ, ਅਕਾਲੀ ਦਲ ਤੋਂ ਵੱਖ ਹੋ ਕੇ ਇਕੱਲਿਆਂ ਲੜਨ ਦੇ ਬਾਵਜੂਦ, ਭਾਜਪਾ ਦਾ ਵੋਟ ਬੈਂਕ ਉਛਾਲ ਮਾਰ ਕੇ 18.65 ਫ਼ੀਸਦੀ ਤੱਕ ਪਹੁੰਚ ਗਿਆ। ਭਾਵੇਂ ਉਹ ਸੀਟਾਂ ਜ਼ਿਆਦਾ ਨਹੀਂ ਜਿੱਤ ਸਕੀ, ਪਰ ਸ਼ਹਿਰੀ ਹਿੰਦੂ ਖੇਤਰਾਂ ਵਿੱਚ ਉਸ ਨੇ ਵੱਡੀ ਲੀਡ ਹਾਸਲ ਕੀਤੀ।

ਦੂਜੇ ਪਾਸੇ ਕਾਂਗਰਸ ਅਤੇ 'ਆਪ' ਨੂੰ ਲਗਭਗ 26-26 ਫ਼ੀਸਦੀ ਵੋਟਾਂ ਮਿਲੀਆਂ, ਜਦਕਿ ਸ਼?ਰੋਮਣੀ ਅਕਾਲੀ ਦਲ ਸੁੰਘੜ ਕੇ 13.68 ਫ਼ੀਸਦੀ 'ਤੇ ਆ ਗਿਆ। ਇਸ ਦੇ ਨਾਲ ਹੀ, ਗਰਮਖਿਆਲੀ ਅਤੇ ਆਜ਼ਾਦ ਉਮੀਦਵਾਰਾਂ ਦੇ ਪੱਲੇ ਕੱਟੜ ਸਿੱਖ ਭਾਵਨਾਵਾਂ ਦੀਆਂ ਵੋਟਾਂ ਪਈਆਂ।

ਹੁਣ ਭਾਜਪਾ ਦੀ ਰਣਨੀਤੀ ਇਹ ਹੈ ਕਿ ਜੇਕਰ ਉਹ ਸੂਬੇ ਦੇ 40 ਫ਼ੀਸਦੀ ਹਿੰਦੂਆਂ ਵਿੱਚੋਂ 30 ਫ਼ੀਸਦੀ ਵੋਟਾਂ ਨੂੰ ਆਪਣੇ ਹੱਕ ਵਿੱਚ ਪੱਕਾ ਕਰ ਲਵੇ, ਅਤੇ ਨਾਲ ਹੀ ਵੱਖ-ਵੱਖ ਡੇਰਿਆਂ ਦੇ ਪ੍ਰਭਾਵ ਸਦਕਾ 10 ਤੋਂ 12 ਫ਼ੀਸਦੀ ਦਲਿਤ ਵੋਟ ਹਾਸਲ ਕਰ ਲਵੇ, ਤਾਂ ਉਹ ਹਿੰਦੂ-ਬਹੁਗਿਣਤੀ ਵਾਲੇ 55 ਵਿਧਾਨ ਸਭਾ ਚੋਣ ਖੇਤਰਾਂ ਵਿੱਚ ਇੱਕ ਮਜ਼ਬੂਤ ਸਿਆਸੀ ਸ਼ਕਤੀ ਬਣ ਕੇ ਉੱਭਰ ਸਕਦੀ ਹੈ। ਇਹ ਖੇਡ ਪੰਜਾਬ ਦੇ ਉੱਜਵਲ ਭਵਿੱਖ ਲਈ ਨਹੀਂ, ਸਗੋਂ ਸੱਤਾ ਹਥਿਆਉਣ ਲਈ ਖੇਡੀ ਜਾ ਰਹੀ ਹੈ। ਪੰਜਾਬ ਸ਼ੁਰੂ ਤੋਂ ਹੀ ਦੇਸ਼ ਅੰਦਰ ਫੈਡਰਲਿਜ਼ਮ ਯਾਨੀ ਸੂਬਿਆਂ ਦੇ ਵੱਧ ਅਧਿਕਾਰਾਂ ਦਾ ਪਹਿਰੇਦਾਰ ਰਿਹਾ ਹੈ। ਪ੍ਰੰਤੂ ਅਜੋਕੇ ਸਮੇਂ ਕੇਂਦਰ ਸਰਕਾਰ ਵੱਲੋਂ ਸੂਬੇ ਦੇ ਅਧਿਕਾਰਾਂ 'ਤੇ ਲਗਾਤਾਰ ਡਾਕੇ ਮਾਰੇ ਜਾ ਰਹੇ ਹਨ। ਪੰਜਾਬ ਦੇ ਪੇਂਡੂ ਵਿਕਾਸ ਫੰਡ ਨੂੰ ਰੋਕਣਾ, ਬੀ.ਐੱਸ.ਐੱਫ. ਦਾ ਅਧਿਕਾਰ ਖੇਤਰ ਸਰਹੱਦ ਤੋਂ 50 ਕਿਲੋਮੀਟਰ ਤੱਕ ਵਧਾ ਕੇ ਸੂਬੇ ਦੀ ਕਾਨੂੰਨ ਵਿਵਸਥਾ ਵਿੱਚ ਦਖ਼ਲ ਦੇਣਾ, ਅਤੇ ਪੰਜਾਬ ਦੇ ਕੋਲੇ ਦੇ ਕੋਟੇ 'ਤੇ ਸ਼ਰਤਾਂ ਲਾਉਣੀਆਂ-ਇਹ ਸਭ ਇਸ ਗੱਲ ਦਾ ਪ੍ਰਮਾਣ ਹਨ ਕਿ ਪੰਜਾਬ ਨੂੰ ਆਰਥਿਕ ਤੌਰ 'ਤੇ ਕੰਗਾਲ ਕਰਕੇ ਗੋਡਿਆਂ ਭਾਰ ਲਿਆਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਪੰਜਾਬੀ ਹਮੇਸ਼ਾ ਦੇਸ਼ ਦੇ ਅੰਨਦਾਤਾ ਰਹੇ ਹਨ, ਪਰ ਅੱਜ ਉਨ੍ਹਾਂ ਨੂੰ ਆਪਣੀ ਹੀ ਫ਼ਸਲ ਦੀ ਕੀਮਤ ਮੰਗਣ ਲਈ ਦਿੱਲੀ ਦੀਆਂ ਸਰਹੱਦਾਂ 'ਤੇ ਕੀਲੀਆਂ ਵਾਲੀਆਂ ਤਾਰਾਂ ਅਤੇ ਅੱਥਰੂ ਗੈਸ ਦੇ ਗੋਲਿਆਂ ਦਾ ਸਾਹਮਣਾ ਕਰਨਾ ਪੈਂਦਾ ਹੈ। ਸਿਆਸੀ ਪਾਰਟੀਆਂ ਇਹਨਾਂ ਗੰਭੀਰ ਮਸਲਿਆਂ 'ਤੇ ਲੜਨ ਦੀ ਬਜਾਏ ਇੱਕ-ਦੂਜੇ ਨੂੰ ਨੀਵਾਂ ਦਿਖਾਉਣ ਵਿੱਚ ਮਸਰੂਫ਼ ਹਨ, ਜਿਸ ਕਾਰਨ ਆਮ ਪੰਜਾਬੀ ਖ਼ੁਦ ਨੂੰ ਬੇਸਹਾਰਾ ਮਹਿਸੂਸ ਕਰ ਰਹੇ ਹਨ। ਕੀ ਪੰਜਾਬੀ ਆਪਣੀ ਜਨਸੰਖਿਆ ਦੇ ਸਰੂਪਾਂ ਨੂੰ ਧਰਮ ਅਤੇ ਜਾਤ ਦੀ ਵੰਡ ਦੇ ਕੋਝੇ ਪੇਚੇ ਪਾ ਕੇ ਆਪਣੇ ਉਸ ਸ਼ਾਨਦਾਰ ਇਤਿਹਾਸ ਨੂੰ ਖ਼ਰਾਬ ਕਰ ਲੈਣਗੇ, ਜਿਹੜੀ ਉਨ੍ਹਾਂ ਨੇ ਲੰਮੇ ਸੰਘਰਸ਼ਾਂ ਵਿੱਚੋਂ ਸਾਂਝੀਵਾਲਤਾ ਦੇ ਸੰਦੇਸ਼ ਰਾਹੀਂ ਪ੍ਰਾਪਤ ਕੀਤੀ ਹੈ? ਕੀ ਪੰਜਾਬ ਵਿੱਚ ਹਿੰਦੂ-ਸਿੱਖ ਦੀ ਵੰਡ ਅਤੇ ਧਰੁਵੀਕਰਨ ਪੰਜਾਬ ਦੇ ਹਿਤ ਵਿੱਚ ਹੈ? ਬਿਲਕੁਲ ਨਹੀਂ। ਜਿਸ ਪੋਲਰਾਈਜ਼ੇਸ਼ਨ ਵਾਸਤੇ ਕੇਂਦਰੀ ਅਤੇ ਸਥਾਨਕ ਸਿਆਸੀ ਧਿਰਾਂ ਆਪਣਾ ਪੂਰਾ ਤਾਣ ਲਾ ਰਹੀਆਂ ਹਨ, ਜੇਕਰ ਉਹ ਕਾਮਯਾਬ ਹੋ ਗਈਆਂ, ਤਾਂ ਇਹ ਪੰਜਾਬੀ ਦੀ ਸੂਝਵਾਨ ਸੋਚ ਉੱਤੇ ਇੱਕ ਵੱਡਾ ਕਲੰਕ ਹੋਵੇਗਾ। ਇਹ ਵੰਡ ਪੰਜਾਬੀ ਸੱਭਿਆਚਾਰ, ਪੰਜਾਬੀਅਤ ਦੀ ਰੂਹ ਅਤੇ ਪੰਜਾਬ ਦੇ ਹਿਤਾਂ ਨੂੰ ਪੂਰੀ ਤਰ੍ਹਾਂ ਤਹਿਸ-ਨਹਿਸ ਕਰ ਦੇਵੇਗੀ।



ਗੁਰਮੀਤ ਸਿੰਘ ਪਲਾਹੀ

ਹੁਣ ਆਉਣ ਵਾਲੇ ਸਮੇਂ ਵਿੱਚ ਇਹ ਦੇਖਣਾ ਬੇਹੱਦ ਦਿਲਚਸਪ ਅਤੇ ਅਹਿਮ ਹੋਵੇਗਾ ਕਿ ਕੀ ਪੰਜਾਬੀ ਆਪਣੇ ਨਿਡਰ ਸਰੂਪ, ਜਾਗਰੂਕ ਜ਼ਮੀਰ ਅਤੇ ਦੂਰਅੰਦੇਸ਼ੀ ਸੋਚ ਨੂੰ ਕਾਇਮ ਰੱਖਦੇ ਹਨ? ਕੀ ਉਹ ਪੰਜਾਬ ਦੇ ਹੱਕਾਂ, ਵੱਧ ਸੂਬਾਈ ਅਧਿਕਾਰਾਂ ਦੀ ਰਾਖੀ ਕਰਨ ਵਾਲਿਆਂ, ਮਨੁੱਖੀ ਅਧਿਕਾਰਾਂ ਦੇ ਸੱਚੇ ਪਹਿਰੇਦਾਰਾਂ, ਸਾਂਝੀਵਾਲਤਾ ਦੇ ਹਿਤੈਸ਼ੀਆਂ ਅਤੇ ਪੰਜਾਬ ਦੇ ਅਸਲ ਮਸਲਿਆਂ ਦਾ ਹੱਲ ਕਰਨ ਵਾਲਿਆਂ ਦਾ ਸਾਥ ਦਿੰਦੇ ਹਨ? ਜਾਂ ਫਿਰ ਉਹ ਕਾਰਪੋਰੇਟਾਂ ਦੇ ਉਹਨਾਂ ਸੌਦਾਗਰਾਂ ਅਤੇ ਵੱਡੇ-ਵੱਡੇ ਦਿਖਾਵਟੀ ਵਿਕਾਸ ਕਾਰਜਾਂ ਦੇ ਝੂਠੇ ਜਾਲ ਵਿੱਚ ਫਸਦੇ ਹਨ, ਜਿਹੜੇ ਦੇਸ਼ ਦੇ ਜਮਹੂਰੀ ਸੰਵਿਧਾਨ ਨੂੰ ਬਦਲ ਕੇ ਇਸ ਦਾ ਚਿਹਰਾ-ਮੋਹਰਾ ਹੀ ਵਿਗਾੜਨਾ ਚਾਹੁੰਦੇ ਹਨ। ਪੰਜਾਬ ਅਤੇ ਇੱਥੋਂ ਦੇ ਵਸਨੀਕ ਭਾਵੇਂ ਕੁਝ ਸਮੇਂ ਲਈ ਜਜ਼ਬਾਤੀ ਹੋ ਕੇ ਸਿਆਸੀ ਗੁੰਮਰਾਹਕੁਨ ਪ੍ਰਚਾਰ ਦਾ ਸ਼ਿਕਾਰ ਹੋ ਸਕਦੇ ਹਨ, ਪਰ ਇਤਿਹਾਸ ਗਵਾਹ ਹੈ ਕਿ ਜਦੋਂ ਵੀ ਪੰਜਾਬ ਦੀ ਧਰਤੀ, ਇਸ ਦੀ ਮਾਂ-ਬੋਲੀ, ਸੱਭਿਆਚਾਰ ਅਤੇ ਅਣਖ 'ਤੇ ਵਾਰ ਹੋਇਆ ਹੈ, ਉਨ੍ਹਾਂ ਨੇ ਹਮੇਸ਼ਾ ਸਿਆਸੀ ਭਰਮਜਾਲ ਨੂੰ ਤੋੜ ਕੇ ਸੰਘਰਸ਼ਾਂ ਨੂੰ ਤਰਜੀਹ ਦਿੱਤੀ ਹੈ। ਪੰਜਾਬੀ ਹਮੇਸ਼ਾ ਜ਼ੁਲਮ ਅਤੇ ਹਾਕਮਾਂ ਦੇ ਦਾਬੇ ਵਿਰੁੱਧ ਹਿੱਕ ਤਾਣ ਕੇ ਖੜ੍ਹੇ ਹੋਏ ਹਨ। ਭਾਵੇਂ ਉਹ 1975 ਦੀ ਦੇਸ਼ ਵਿਆਪੀ ਐਮਰਜੈਂਸੀ ਦਾ ਦੌਰ ਹੋਵੇ, ਜਾਂ ਦਿੱਲੀ ਦੀਆਂ ਬਰੂਹਾਂ 'ਤੇ ਲੜਿਆ ਗਿਆ ਕਾਲੇ ਖੇਤੀ ਕਾਨੂੰਨਾਂ ਦਾ ਇਤਿਹਾਸਕ ਅੰਦੋਲਨ- ਪੰਜਾਬੀਆਂ ਲਈ ਹਮੇਸ਼ਾ ਨੈਤਿਕ ਕਦਰਾਂ-ਕੀਮਤਾਂ ਕਾਇਮ ਰੱਖੀਆਂ ਹਨ। ਉਹ ਆਪਣੇ ਹੱਕਾਂ ਲਈ ਮਰ-ਮਿਟਣ ਵਾਸਤੇ ਪੂਰੀ ਦੁਨੀਆ ਵਿੱਚ ਜਾਣੇ ਜਾਂਦੇ ਹਨ। ਪੰਜਾਬ ਦੇ ਲੋਕਾਂ ਨੇ ਬਹੁਤ ਔਖੇ ਅਤੇ ਕਾਲੇ ਸਮਿਆਂ ਵਿੱਚ ਵੀ ਆਪਣੇ ਹਿੰਦੂ-ਸਿੱਖ ਭਾਈਚਾਰੇ ਦੀ ਸਾਂਝ ਨੂੰ ਟੁੱਟਣ ਨਹੀਂ ਦਿੱਤਾ ਕੀ ਪੰਜਾਬੀ, ਸਿਆਸਤਦਾਨਾਂ ਦੇ ਧਰਮ ਅਤੇ ਜਾਤ ਦੇ ਪਾਏ ਜਾ ਰਹੇ ਭਰਮਜਾਲ ਵਿੱਚੋਂ ਬਾਹਰ ਨਿਕਲਣਗੇ ਅਤੇ ਕੀ ਉਹ ਪੰਜਾਬ ਦੇ ਉੱਜਵਲ, ਸਾਂਝੇ ਤੇ ਸੁਨਹਿਰੀ ਭਵਿੱਖ ਲਈ ਇੱਕਜੁੱਟ ਹੋ ਕੇ ਆਪਣੇ ਅੰਦਰਲੇ ਅਸਲ ਪੰਜਾਬੀ ਅਤੇ ਨੈਤਿਕ ਆਦਰਸ਼ਾਂ 'ਤੇ ਪਹਿਰਾ ਦੇਣਗੇ?

**ਮੋਬਾਇਲ : 9815802070**

# ਪ੍ਰਧਾਨ ਮੰਤਰੀ ਮੋਦੀ ਦੇ 5ਐੱਫ ਦ੍ਰਿਸ਼ਟੀਕੋਣ ਨੂੰ ਬੁਣਦਾ ਭਾਰਤ ਟੈਕਸ 2026

ਜ਼ਿਕਰ ਪੰਜਾਬ

ਕਸ਼ਮੀਰੀ ਪਸ਼ਮੀਨਾ ਦੀ ਨਰਮ ਗਰਮਾਹਟ ਤੋਂ ਲੈ ਕੇ ਅਸਾਮ ਦੇ ਮੂੰਗਾ ਸਿਲਕ ਦੀ ਸ਼ਾਨਦਾਰ ਚਮਕ ਤੱਕ, ਰਾਜਸਥਾਨੀ ਬਾਂਧਨੀ ਦੇ ਜੀਵੰਤ ਜਿਓਮੈਟ੍ਰਿਕਲ ਪੈਟਰਨਾਂ ਤੋਂ ਲੈ ਕੇ ਕਾਂਜੀਵਰਮ ਸਿਲਕ ਦੀ ਸਦਾਬਹਾਰ ਅਤੇ ਬਿਹਤਰੀਨ ਬਣਾਵਟ ਤੱਕ, ਭਾਰਤ ਦੀ ਭੂਗੋਲਿਕ ਅਤੇ ਸੱਭਿਆਚਾਰਕ ਵਿਭਿੰਨਤਾ ਧਾਗਿਆਂ ਨਾਲ ਬੁਣਿਆ ਇੱਕ ਜਿਊਂਦਾ-ਜਾਗਦਾ ਨਕਸ਼ਾ ਹੈ। ਅੱਜ, ਸੱਭਿਅਤਾ ਦੀ ਇਹ ਬੇਮਿਸਾਲ ਤਸਵੀਰ ਇੱਕ ਹੀ ਛੱਤ ਹੇਠਾਂ ਇਕੱਠੀ ਨਜ਼ਰ ਆ ਰਹੀ ਹੈ। ਨਵੀਂ ਦਿੱਲੀ ਦੇ ਪ੍ਰਸਿੱਧ ਭਾਰਤ ਮੰਡਪਮ ਵਿੱਚ 14 ਤੋਂ 17 ਜੁਲਾਈ ਤੱਕ 'ਭਾਰਤ ਟੈਕਸ 2026' ਦਾ ਆਯੋਜਨ, ਸਾਡੇ ਦੇਸ਼ ਦੀ ਖ਼ੂਬਸੂਰਤ ਵਿਭਿੰਨਤਾ ਨੂੰ ਇੱਕ ਹੀ ਮੰਚ 'ਤੇ ਲਿਆ ਰਿਹਾ ਹੈ।

ਟੈਕਸਟਾਈਲ ਉਦਯੋਗ ਸਿਰਫ਼ ਸਾਡੀ ਵਿਰਾਸਤ ਦੀ ਝਲਕ ਨਹੀਂ ਹੈ, ਇਹ ਭਾਰਤ ਦੇ ਮੈਕਰੋ-ਇਕਨਾਮਿਕ ਢਾਂਚੇ ਦੀ ਇੱਕ ਮਜ਼ਬੂਤ ਨੀਂਹ ਵੀ ਹੈ। ਇਹ ਖੇਤਰ ਲਗਾਤਾਰ ਵਿਕਾਸ ਅਤੇ ਸਮਾਨਤਾ ਦਾ ਇੱਕ ਬਹੁਤ ਵੱਡਾ ਇੰਜਣ ਬਣਿਆ ਹੋਇਆ ਹੈ, ਜੋ ਜੀਡੀਪੀ ਵਿੱਚ 2.3%, ਉਦਯੋਗਿਕ ਉਤਪਾਦਨ ਵਿੱਚ 13% ਅਤੇ ਨਿਰਯਾਤ ਵਿੱਚ 8.6% ਦਾ ਯੋਗਦਾਨ ਦਿੰਦਾ ਹੈ। ਖੇਤੀਬਾੜੀ ਤੋਂ ਬਾਅਦ ਭਾਰਤ ਵਿੱਚ ਸਭ ਤੋਂ ਵੱਧ ਰੁਜ਼ਗਾਰ ਦੇਣ ਵਾਲਾ ਇਹ ਖੇਤਰ 100 ਮਿਲੀਅਨ ਤੋਂ ਵੱਧ ਲੋਕਾਂ ਦੀ ਆਜੀਵਿਕਾ ਦਾ ਸਾਧਨ ਹੈ, ਜੋ ਗ੍ਰਾਮੀਣ ਭਾਈਚਾਰਿਆਂ ਨੂੰ ਮਜ਼ਬੂਤ ਬਣਾਉਂਦਾ ਹੈ ਅਤੇ ਦੇਸ਼ ਭਰ ਵਿੱਚ ਲੱਖਾਂ ਮਹਿਲਾਵਾਂ ਨੂੰ ਆਰਥਿਕ ਤੌਰ 'ਤੇ ਆਤਮ-ਨਿਰਭਰ ਬਣਾਉਂਦਾ ਹੈ।

ਆਰਥਿਕ ਸ਼ਕਤੀ ਦੇ ਇਸ ਕੇਂਦਰ ਨੂੰ ਸਹੀ ਅਰਥਾਂ ਵਿੱਚ ਸਮਝਣ ਲਈ 'ਭਾਰਤ ਟੈਕਸ' ਦਾ ਅਨੁਭਵ ਕਰਨਾ ਬੇਹੱਦ ਜ਼ਰੂਰੀ ਹੈ। ਇਹ ਗਲੋਬਲ ਪੱਧਰ 'ਤੇ ਪ੍ਰਮੁੱਖ ਭਾਰਤੀ ਕੱਪੜਿਆਂ ਦਾ ਵਪਾਰ ਮੇਲਾ ਹੈ, ਜਿਸ ਨੂੰ ਪੂਰੀ ਦੁਨੀਆ ਦੇ ਸਾਹਮਣੇ ਸਾਡੀ ਨਿਰਮਾਣ ਅਤੇ ਰਚਨਾਤਮਕਤਾ ਦੀ ਸਮਰੱਥਾ ਦਾ ਦਬਦਬਾ ਦਿਖਾਉਣ ਲਈ ਤਿਆਰ ਕੀਤਾ ਗਿਆ ਹੈ। ਇਹ ਇੱਕ ਅਜਿਹਾ ਵਿਆਪਕ ਬਾਜ਼ਾਰ ਹੈ, ਜਿੱਥੇ ਘਰੇਲੂ ਨਿਰਮਾਤਾ, ਰਾਜਾਂ ਦੇ ਪਵੇਲੀਅਨ, ਅੰਤਰਰਾਸ਼ਟਰੀ ਪ੍ਰਦਰਸ਼ਕ ਅਤੇ ਗਲੋਬਲ ਖਰੀਦਦਾਰ ਇੱਕ ਹੀ ਛੱਤ ਹੇਠਾਂ ਹੁੰਦੇ ਹਨ। ਇਸ ਨਾਲ ਵੱਡੇ ਪੱਧਰ 'ਤੇ ਸੋਰਸਿੰਗ, ਕਾਰਪੋਰੇਟ ਜੁੜਾਅ ਅਤੇ ਬ੍ਰਾਂਡ ਨੂੰ ਪ੍ਰਦਰਸ਼ਿਤ ਕਰਨ ਦੇ ਮੌਕੇ ਵੀ ਮਿਲਦੇ ਹਨ।

ਇਸ ਸ਼ਾਨਦਾਰ ਪਹਿਲ ਦੇ ਸਫ਼ਰ 'ਤੇ ਨਜ਼ਰ ਮਾਰੀਏ ਤਾਂ ਮੈਨੂੰ 'ਭਾਰਤ ਟੈਕਸ' ਦੇ ਪਿਛਲੇ ਦੋ ਆਯੋਜਨਾਂ ਤੋਂ ਬੇਹੱਦ ਮਾਣ ਦਾ ਅਹਿਸਾਸ ਹੁੰਦਾ ਹੈ। ਜਦੋਂ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ 'ਭਾਰਤ ਟੈਕਸ' ਦੇ ਪਿਛਲੇ ਸੰਸਕਰਨ ਦੌਰਾਨ ਪੂਰੇ ਟੈਕਸਟਾਈਲ ਭਾਈਚਾਰੇ ਨੂੰ ਸੰਬੋਧਨ ਕੀਤਾ ਸੀ, ਤਾਂ ਉਨ੍ਹਾਂ ਨੇ ਬਹੁਤ ਖ਼ੂਬਸੂਰਤੀ ਨਾਲ ਕਿਹਾ ਸੀ ਕਿ ਅਸੀਂ ਜੋ ਬੀਜ ਬੀਜਿਆ ਸੀ, ਉਹ ਹੁਣ ਤੇਜ਼ੀ ਨਾਲ ਬੋਹੜ ਦੇ ਰੁੱਖ ਦਾ ਰੂਪ ਲੈ ਰਿਹਾ ਹੈ। ਉਨ੍ਹਾਂ ਨੇ ਕਿਹਾ ਕਿ ਇਹ ਸ਼ਾਨਦਾਰ ਆਯੋਜਨ ਨਾ ਸਿਰਫ਼ ਸਾਡੀਆਂ ਖ਼ੁਸ਼ਹਾਲ ਪਰੰਪਰਾਵਾਂ ਦਾ ਜਸ਼ਨ ਮਨਾਉਂਦਾ ਹੈ, ਸਗੋਂ ਇੱਕ ਵਿਕਸਿਤ ਭਾਰਤ ਦੀਆਂ ਅਥਾਹ ਸੰਭਾਵਨਾਵਾਂ ਨੂੰ ਵੀ ਉਜਾਗਰ ਕਰਦਾ ਹੈ। ਪਹਿਲੇ ਦੋ ਆਯੋਜਨਾਂ ਦੀ ਜ਼ਬਰਦਸਤ ਸਫ਼ਲਤਾ ਨੇ ਇੱਕ ਮਜ਼ਬੂਤ ਨੀਂਹ ਰੱਖੀ, ਵੱਡੀ ਗਿਣਤੀ ਵਿੱਚ ਅੰਤਰਰਾਸ਼ਟਰੀ ਖਰੀਦਦਾਰਾਂ ਨੂੰ ਆਕਰਸ਼ਿਤ ਕੀਤਾ ਅਤੇ ਸਹਿਯੋਗ ਦੀ ਦਿਸ਼ਾ ਵਿੱਚ ਵੀ ਤੇਜ਼ੀ ਦੇਖਣ ਨੂੰ ਮਿਲੀ। 'ਭਾਰਤ ਟੈਕਸ 2025' ਦੇ ਦੌਰਾਨ ਮੇਰੇ ਨਿੱਜੀ ਅਨੁਭਵ ਨੇ ਭਵਿੱਖ ਲਈ ਇੱਕ ਬਹੁਤ ਹੀ ਸਕਾਰਾਤਮਕ ਨਜ਼ਰੀਆ ਦਿੱਤਾ, ਜਿੱਥੇ ਮੈਂ ਸਰਕਾਰ-ਤੋਂ-ਸਰਕਾਰ ਅਤੇ ਵਪਾਰ-ਤੋਂ-ਸਰਕਾਰ ਵਿਚਕਾਰ ਡੂੰਘੀ ਗੱਲਬਾਤ ਨੂੰ ਠੋਸ ਨਤੀਜਿਆਂ ਵਿੱਚ ਬਦਲਦੇ ਦੇਖਿਆ ਅਤੇ ਇਸੇ ਦੇ ਚਲਦਿਆਂ ਭਾਰਤ ਦੀ ਕਾਰਜ ਸਮਰੱਥਾ ਵਿੱਚ ਵਧਦੇ ਗਲੋਬਲ ਭਰੋਸੇ ਦੀ ਝਲਕ ਵੀ ਦਿਖੀ। ਇਹ ਤੀਜਾ ਆਯੋਜਨ ਉਸ ਰਫ਼ਤਾਰ ਨੂੰ ਹੋਰ ਅੱਗੇ ਲੈ ਜਾਂਦਾ ਹੈ ਅਤੇ ਸ਼ੁਰੂਆਤੀ ਸੰਭਾਵਨਾਵਾਂ ਨੂੰ ਪੂਰੀ ਤਰ੍ਹਾਂ ਉਦਯੋਗਿਕ ਪ੍ਰਭਾਵ ਵਿੱਚ ਬਦਲਦਾ ਹੈ।

ਇਸ ਸਾਲ ਦੇ ਆਯੋਜਨ ਦਾ ਬਹੁਤ ਵੱਡਾ ਪੈਮਾਨਾ ਇੱਕ ਸੋਚੀ-ਸਮਝੀ ਉਦਯੋਗਿਕ ਰਣਨੀਤੀ ਨੂੰ ਦਰਸਾਉਂਦਾ ਹੈ। ਭਾਰਤ ਮੰਡਪਮ ਵਿੱਚ ਖ਼ਾਸ ਪ੍ਰਦਰਸ਼ਨੀ ਹਾਲਾਂ ਵਿੱਚ ਫੈਲੀ ਇਹ ਪ੍ਰਦਰਸ਼ਨੀ ਭਾਰਤ ਦੀ ਪੂਰੀ ਟੈਕਸਟਾਈਲ ਵੈਲਿਊ ਚੇਨ ਨੂੰ ਦਿਖਾਉਂਦੀ ਹੈ, ਜਿਸ ਵਿੱਚ ਫਾਈਬਰ, ਯਾਰਨ, ਫੈਬਰਿਕ, ਕੱਪੜੇ ਅਤੇ ਫੈਸ਼ਨ, ਹੋਮ ਟੈਕਸਟਾਈਲ, ਤਕਨੀਕੀ ਟੈਕਸਟਾਈਲ ਅਤੇ ਸਹਾਇਕ ਉਦਯੋਗ ਸ਼ਾਮਲ ਹਨ। ਇਸ ਵਿੱਚ 1,600 ਤੋਂ ਵੱਧ ਪ੍ਰਦਰਸ਼ਕ ਹਿੱਸਾ ਲੈ ਰਹੇ ਹਨ, ਜੋ ਸਥਾਨਕ ਉਤਪਾਦਨ ਦੀ ਤਾਕਤ ਨੂੰ ਸਿੱਧੇ ਗਲੋਬਲ ਮੰਚ 'ਤੇ ਪੇਸ਼ ਕਰਨਗੇ। ਇਹ ਪ੍ਰਧਾਨ ਮੰਤਰੀ ਮੋਦੀ ਦੇ ਕ੍ਰਾਂਤੀਕਾਰੀ 5ਐੱਫ ਵਿਜ਼ਨ- ਫਾਰਮ (ਖੇਤ) ਤੋਂ ਫਾਈਬਰ ਤੋਂ ਫੈਕਟਰੀ ਤੋਂ ਫੈਸ਼ਨ ਤੋਂ ਫੌਰਨ (ਵਿਦੇਸ਼) ਤੱਕ ਦੇ ਸਫ਼ਰ ਨੂੰ ਦਰਸਾਉਂਦਾ ਹੈ। ਪੂਰੀ ਵੈਲਿਊ ਚੇਨ ਨੂੰ ਇੱਕ ਹੀ ਉਦਯੋਗਿਕ ਲੜੀ ਵਿੱਚ ਜੋੜ ਕੇ, ਇਹ ਆਯੋਜਨ ਨਿਰਮਾਣ ਦੇ ਹਰ ਪੜਾਅ ਨੂੰ ਦੇਸ਼ ਵਿੱਚ ਹੀ ਸੰਭਾਲਣ ਦੀ ਭਾਰਤ ਦੀ ਆਤਮ-ਨਿਰਭਰ ਸਮਰੱਥਾ ਨੂੰ ਦਿਖਾਉਂਦਾ ਹੈ।

ਇਸ ਪਹਿਲਕਦਮੀ ਨੂੰ ਦੁਨੀਆ ਭਰ ਤੋਂ ਜ਼ਬਰਦਸਤ ਹੁੰਗਾਰਾ ਮਿਲਿਆ ਹੈ। ਇਸ ਸੰਸਕਰਨ ਵਿੱਚ ਅਮਰੀਕਾ, ਯੂਨਾਈਟਿਡ ਕਿੰਗਡਮ, ਜਾਪਾਨ, ਪੁਰਤਗਾਲ, ਸਪੇਨ, ਨਿਊਜ਼ੀਲੈਂਡ, ਦੱਖਣੀ ਕੋਰੀਆ, ਦੱਖਣੀ ਅਫਰੀਕਾ ਅਤੇ ਨੇਪਾਲ ਸਮੇਤ 14 ਦੇਸ਼ਾਂ ਦੇ ਅੰਤਰਰਾਸ਼ਟਰੀ ਪ੍ਰਦਰਸ਼ਕ ਸ਼ਾਮਲ ਹਨ, ਨਾਲ ਹੀ, ਸੰਯੁਕਤ ਰਾਸ਼ਟਰ ਅਤੇ ਯੂਰਪੀਅਨ ਯੂਨੀਅਨ ਦੀ ਵੀ ਮਜ਼ਬੂਤ ਸੰਸਥਾਗਤ ਪ੍ਰਤੀਨਿਧਤਾ ਹੈ। ਕਈ ਦੇਸ਼ਾਂ ਦੇ ਮੰਤਰੀ-ਪੱਧਰੀ ਵਫ਼ਦ ਅਤੇ ਵੱਡੇ ਵਪਾਰਕ ਪ੍ਰਤੀਨਿਧੀ ਲੰਬੇ ਸਮੇਂ



ਦੀ ਭਾਈਵਾਲੀ ਦੀਆਂ ਸੰਭਾਵਨਾਵਾਂ ਤਲਾਸ਼ਣ ਲਈ ਇਸ ਵਿੱਚ ਹਿੱਸਾ ਲੈ ਰਹੇ ਹਨ। ਉਮੀਦ ਹੈ ਕਿ ਚਾਰ ਦਿਨਾਂ ਵਿੱਚ 110 ਤੋਂ ਵੱਧ ਰਜਿਸਟਰਡ ਦੇਸ਼ਾਂ ਤੋਂ 7,000 ਤੋਂ ਵੱਧ ਖਰੀਦਦਾਰ ਅਤੇ 1.3 ਲੱਖ ਵਪਾਰਕ ਮਹਿਮਾਨ ਆਉਣਗੇ, ਜੋ ਉੱਥੇ ਦਿਖਾਏ ਜਾ ਰਹੇ 20,000 ਤੋਂ ਵੱਧ ਕੱਪੜਾ ਉਤਪਾਦਾਂ ਨੂੰ ਦੇਖਣਗੇ। ਇਸ ਵਪਾਰਕ ਗਤੀਵਿਧੀ ਵਿੱਚ 3,500 ਤੋਂ ਵੱਧ ਵਿਸ਼ੇਸ਼ ਤੌਰ 'ਤੇ ਆਯੋਜਿਤ 'ਬਿਜ਼ਨਸ ਟੂ ਬਿਜ਼ਨਸ' ਮੀਟਿੰਗਾਂ ਹੋਣਗੀਆਂ। ਇਸ ਤੋਂ ਇਲਾਵਾ, ਰਾਜ ਨਿਵੇਸ਼ਕ ਸੰਪਰਕ ਸੈਸ਼ਨ ਵੀ ਹੋਣਗੇ, ਜੋ ਵੱਖ-ਵੱਖ ਭਾਰਤੀ ਰਾਜਾਂ ਨੂੰ ਆਪਣੇ ਵਿਸ਼ੇਸ਼ ਉਦਯੋਗਿਕ ਢਾਂਚੇ ਨੂੰ ਪੇਸ਼ ਕਰਨ ਦਾ ਇੱਕ ਮੰਚ ਪ੍ਰਦਾਨ ਕਰਨਗੇ।

ਉਦਯੋਗਾਂ ਨੂੰ ਅੱਗੇ ਵਧਾਉਣ ਲਈ ਅਸਲ ਅਗਵਾਈ ਲਈ ਗਿਆਨ ਅਤੇ ਭਵਿੱਖ ਦੀ ਯੋਜਨਾ ਪ੍ਰਤੀ ਡੂੰਘੀ ਵਚਨਬੱਧਤਾ ਦੀ ਜ਼ਰੂਰਤ ਹੁੰਦੀ ਹੈ। 'ਭਾਰਤ ਟੈਕਸ 2026' ਇਸ ਜ਼ੁੰਮੇਵਾਰੀ ਨੂੰ ਗਲੋਬਲ ਟੈਕਸਟਾਈਲ ਗੱਲਬਾਤ ਦੇ ਜ਼ਰੀਏ ਨਿਭਾਉਂਦਾ ਹੈ, ਜਿਸ ਵਿੱਚ ਪੈਨਲ ਚਰਚਾ, ਰਾਊਂਡਟੇਬਲ, ਮਾਸਟਰਕਲਾਸ, ਰਾਜ ਸੈਸ਼ਨ, ਐਵਾਰਡਜ਼ ਪਿੱਚ ਫੈਸਟ ਅਤੇ ਵਰਕਸ਼ਾਪਾਂ ਵਰਗੇ 100 ਤੋਂ ਵੱਧ ਵਿਸ਼ੇਸ਼ ਸੈਸ਼ਨ ਸ਼ਾਮਲ ਹਨ। 370 ਤੋਂ ਵੱਧ ਅੰਤਰਰਾਸ਼ਟਰੀ ਅਤੇ ਰਾਸ਼ਟਰੀ ਸੀਐਕਸਓ, ਪਾਲਿਸੀ ਨਿਰਮਾਤਾਵਾਂ ਅਤੇ ਨਵੀਨਤਾਕਾਰਾਂ ਦੀ ਅਗਵਾਈ ਵਿੱਚ ਹੋਣ ਵਾਲੇ ਇਹ ਖ਼ਾਸ ਸੈਸ਼ਨ ਵਪਾਰ ਅਤੇ ਨਿਵੇਸ਼ ਨੂੰ ਵਧਾਉਣ, ਤਕਨੀਕ ਅਤੇ ਨਵੀਨਤਾਵਾਂ ਨੂੰ ਅੱਗੇ ਵਧਾਉਣ ਅਤੇ ਫੈਸ਼ਨ ਤੇ ਕ੍ਰਾਫਟ ਨੂੰ ਬਿਹਤਰ ਬਣਾਉਣ 'ਤੇ ਫੋਕਸ ਕਰਨਗੇ। ਇਸ ਪ੍ਰੋਗਰਾਮ ਵਿੱਚ ਵਪਾਰ, ਨਿਵੇਸ਼ਕ, ਤਕਨੀਕ ਅਤੇ ਸੰਸਥਾਗਤ ਸਹਿਯੋਗ ਨਾਲ ਜੁੜੇ ਕਈ ਰਣਨੀਤਕ ਸਮਝੌਤਿਆਂ 'ਤੇ ਦਸਤਖ਼ਤ ਕੀਤੇ ਜਾਣਗੇ ਅਤੇ ਵੱਖ-ਵੱਖ ਖੇਤਰਾਂ ਨਾਲ ਜੁੜੀਆਂ ਰਿਪੋਰਟਾਂ ਨੂੰ ਲਾਂਚ ਵੀ ਕੀਤਾ ਜਾਵੇਗਾ।

ਇਨ੍ਹਾਂ ਚਰਚਾਵਾਂ ਵਿੱਚ ਟਿਕਾਊਪਨ ਅਤੇ ਸਰਕੂਲੈਰਿਟੀ ਵਰਗੇ ਅਹਿਮ ਪਹਿਲੂਆਂ 'ਤੇ ਵੀ ਖ਼ਾਸ ਧਿਆਨ ਦਿੱਤਾ ਜਾਵੇਗਾ। ਪਿਛਲੇ ਪ੍ਰੋਗਰਾਮ ਦੌਰਾਨ, ਪ੍ਰਧਾਨ ਮੰਤਰੀ ਨੇ ਇਸ ਗੱਲ 'ਤੇ ਜ਼ੋਰ ਦਿੱਤਾ ਸੀ ਕਿ ਗਲੋਬਲ ਫੈਸ਼ਨ ਭਾਈਚਾਰਾ ਤੇਜ਼ੀ ਨਾਲ ਵਾਤਾਵਰਨ ਲਈ ਫੈਸ਼ਨ ਦੇ ਦ੍ਰਿਸ਼ਟੀਕੋਣ ਨੂੰ ਅਪਨਾ ਰਿਹਾ ਹੈ ਅਤੇ ਟਿਕਾਊਪਨ ਹਮੇਸ਼ਾ ਤੋਂ ਭਾਰਤ ਦੀ ਟੈਕਸਟਾਈਲ ਵਿਰਾਸਤ ਦਾ ਅਹਿਮ ਹਿੱਸਾ ਰਿਹਾ ਹੈ। ਭਾਰਤ ਟੈਕਸ ਦਾ ਇਹ ਸੰਸਕਰਣ ਗਲੋਬਲ ਵਾਤਾਵਰਨ ਨਾਲ ਜੁੜੀਆਂ ਚੁਣੌਤੀਆਂ ਨੂੰ ਇੱਕ ਵੱਡੇ ਮੌਕੇ ਵਿੱਚ ਬਦਲਦਾ ਹੈ ਅਤੇ ਇਹ ਦਿਖਾਉਂਦਾ ਹੈ ਕਿ ਕਿਵੇਂ ਨਵੀਨਤਾਵਾਂ ਦੀ ਮਦਦ ਨਾਲ ਸਾਡੀਆਂ ਰਵਾਇਤੀ ਤਕਨੀਕਾਂ ਹੋਰ ਬਿਹਤਰ ਹੋਈਆਂ ਹਨ। ਇਸ ਦੌਰਾਨ ਇਹ ਵੀ ਖਿਆਲ ਰੱਖਿਆ ਗਿਆ ਹੈ ਕਿ ਇਸ ਪ੍ਰਕਿਰਿਆ ਵਿੱਚ ਸਰੋਤਾਂ ਦੀ ਵੱਧ ਤੋਂ ਵੱਧ ਵਰਤੋਂ ਹੋ ਸਕੇ ਅਤੇ ਬਰਬਾਦੀ ਘੱਟ ਹੋਵੇ, ਜਿਸ ਨਾਲ ਸਾਡੇ ਬੁਨਕਰਾਂ ਅਤੇ ਕਾਰੀਗਰਾਂ ਨੂੰ ਸਿੱਧਾ ਫਾਇਦਾ ਹੋਵੇ। ਸਾਡੇ ਟੈਕਸਟਾਈਲ ਮੰਤਰੀ ਸ਼੍ਰੀ ਗਿਰੀਰਾਜ ਸਿੰਘ ਜੀ ਦੀ ਅਗਵਾਈ ਵਿੱਚ, ਮੰਤਰਾਲੇ ਨੇ ਜ਼ਮੀਨੀ ਪੱਧਰ 'ਤੇ ਇਨ੍ਹਾਂ ਆਧੁਨਿਕੀਕਰਨ ਅਤੇ ਟਿਕਾਊ ਵਿਕਾਸ ਦੀਆਂ ਪਹਿਲਕਦਮੀਆਂ ਨੂੰ ਤੇਜ਼ੀ ਨਾਲ ਅੱਗੇ ਵਧਾਇਆ ਹੈ। ਇਸ ਨਾਲ ਇਹ ਯਕੀਨੀ ਹੁੰਦਾ ਹੈ ਕਿ ਸਾਡੀ ਪੂਰੀ ਟੈਕਸਟਾਈਲ ਵੈਲਿਊ ਚੇਨ ਨੂੰ ਮਜ਼ਬੂਤ ਆਧੁਨਿਕ ਤਕਨੀਕ, ਵੱਡੇ ਪੱਧਰ 'ਤੇ ਲਾਗੂ ਹੋਣ ਵਾਲੇ ਨੀਤੀਗਤ ਫਰੇਮਵਰਕ ਅਤੇ ਮਜ਼ਬੂਤ ਮਾਰਕੀਟ ਲਿੰਕੇਜ ਦਾ ਸਹਾਰਾ ਮਿਲੇ।

ਅੱਜ 'ਭਾਰਤ ਟੈਕਸ' ਵਿੱਚ ਲਗਾਤਾਰ ਵਧਦਾ ਪੈਮਾਨਾ ਅਤੇ ਆਤਮ-ਵਿਸ਼ਵਾਸ ਜੋ ਦਿਖ ਰਿਹਾ ਹੈ, ਉਹ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦੀ ਅਗਵਾਈ ਵਿੱਚ ਪਿਛਲੇ ਇੱਕ ਦਹਾਕੇ ਤੋਂ ਲਗਾਤਾਰ ਕੀਤੇ ਜਾ ਰਹੇ ਨੀਤੀਗਤ ਸੁਧਾਰਾਂ ਦਾ ਨਤੀਜਾ ਹੈ। ਪਿਛਲੇ 12 ਸਾਲਾਂ ਵਿੱਚ, ਮੋਦੀ ਸਰਕਾਰ ਨੇ ਵੱਡੇ ਬਦਲਾਅ ਲਿਆਉਣ ਵਾਲੇ ਕਦਮਾਂ ਦੇ ਜ਼ਰੀਏ ਟੈਕਸਟਾਈਲ ਵੈਲਿਊ ਚੇਨ ਦੀ ਹਰ ਕੜੀ ਨੂੰ ਮਜ਼ਬੂਤ ਕੀਤਾ ਹੈ। ਟੈਕਸਟਾਈਲ ਲਈ 'ਪ੍ਰੋਡਕਸ਼ਨ ਲਿੰਕਡ ਇੰਸੈਂਟਿਵ' (ਪੀਐੱਲਆਈ) ਯੋਜਨਾ ਨੇ ?31,687 ਕਰੋੜ ਤੋਂ ਵੱਧ ਦੇ ਨਿਵੇਸ਼ ਦਾ ਵਾਅਦਾ ਹਾਸਲ ਕੀਤਾ ਹੈ। ਇਸ ਨਾਲ ਮੈਨ-ਮੇਡ ਫਾਈਬਰ ਵਾਲੇ ਕੱਪੜਿਆਂ, ਫੈਬਰਿਕ ਅਤੇ ਟੈਕਨੀਕਲ ਟੈਕਸਟਾਈਲ ਦੇ ਵੱਡੇ ਪੱਧਰ 'ਤੇ ਨਿਰਮਾਣ ਨੂੰ ਉਤਸ਼ਾਹ ਮਿਲਿਆ ਹੈ ਅਤੇ ਨਾਲ ਹੀ ਵੱਡੇ ਪੱਧਰ 'ਤੇ ਰੁਜ਼ਗਾਰ ਦੇ ਮੌਕੇ ਵੀ ਪੈਦਾ ਹੋਏ ਹਨ। ਇਸ ਦੇ ਨਾਲ ਹੀ, ਪ੍ਰਧਾਨ ਮੰਤਰੀ ਦੇ ਦੂਰ-ਅੰਦੇਸ਼ੀ 5ਐੱਫ ਦ੍ਰਿਸ਼ਟੀਕੋਣ ਨੂੰ ਅਪਨਾਉਂਦੇ ਹੋਏ ਸੱਤ 'ਪੀਐੱਮ ਪਾਰਕਾਂ' ਨੂੰ ਇੱਕਜੁੱਟ ਨਿਰਮਾਣ ਵਿਵਸਥਾ ਵਜੋਂ ਵਿਕਸਿਤ ਕੀਤਾ ਜਾ ਰਿਹਾ ਹੈ। ਜ਼ਮੀਨੀ ਪੱਧਰ 'ਤੇ ਲੋਕਾਂ ਨੂੰ ਮਜ਼ਬੂਤ ਬਣਾਉਣ ਦਾ ਕੰਮ ਵੀ ਤੇਜ਼ੀ ਨਾਲ ਚੱਲ ਰਿਹਾ ਹੈ, ਰਾਸ਼ਟਰੀ ਹੱਥ-ਖੱਡੀ (ਹੈਂਡਲੂਮ) ਵਿਕਾਸ ਪ੍ਰੋਗਰਾਮ ਦੇ ਤਹਿਤ 794 ਹੈਂਡਲੂਮ ਕਲੱਸਟਰਾਂ ਵਿੱਚ ਲਗਭਗ ?2,000 ਕਰੋੜ ਦਾ ਨਿਵੇਸ਼ ਕੀਤਾ ਗਿਆ ਹੈ। ਇਸ ਨਾਲ 1.17 ਲੱਖ ਬੁਨਕਰਾਂ ਨੂੰ ਬਿਹਤਰ ਖੱਡੀਆਂ ਮਿਲੀਆਂ ਹਨ ਅਤੇ ਲਗਭਗ 90,000 ਕਾਮਿਆਂ ਨੂੰ ਹੁਨਰ ਸਿਖਲਾਈ ਦਿੱਤੀ ਗਈ ਹੈ। ਉੱਥੇ ਹੀ, ਰਾਸ਼ਟਰੀ ਦਸਤਕਾਰੀ ਵਿਕਾਸ ਪ੍ਰੋਗਰਾਮ ਦੇ ਤਹਿਤ ਦਸਤਕਾਰੀ ਖੇਤਰ ਵਿੱਚ ?1,335 ਕਰੋੜ ਤੋਂ ਵੱਧ ਦਾ ਨਿਵੇਸ਼ ਕੀਤਾ ਗਿਆ ਹੈ। ਇਸ ਤੋਂ ਇਲਾਵਾ, 1.5 ਲੱਖ ਤੋਂ ਵੱਧ ਬੁਨਕਰਾਂ ਨੂੰ 'ਗਵਰਨਮੈਂਟ ਈ-ਮਾਰਕੀਟਪਲੇਸ' (ਜੈੱਮ) ਨਾਲ ਜੋੜਿਆ ਗਿਆ ਹੈ ਅਤੇ 'ਬੁਨਕਰ ਮੁਦਰਾ ਯੋਜਨਾ' ਦੇ ਤਹਿਤ ਲਗਭਗ 3 ਲੱਖ ਲੋਕਾਂ ਨੂੰ ਬਿਨਾਂ ਗਾਰੰਟੀ ਦੇ ਲੋਨ ਦਿੱਤੇ ਗਏ ਹਨ। ਆਪਣੇ ਘਰੇਲੂ ਨਿਰਮਾਤਾਵਾਂ, ਕਾਰੀਗਰਾਂ ਅਤੇ ਨਵੀਨਤਾਕਾਰਾਂ ਨੂੰ ਸਿੱਧੇ ਗਲੋਬਲ ਬਾਜ਼ਾਰ ਨਾਲ ਜੋੜ ਕੇ, ਇਨ੍ਹਾਂ ਵਿਆਪਕ ਸੁਧਾਰਾਂ ਨੇ ਸਾਨੂੰ ਉਸ ਵੱਡੇ ਗਲੋਬਲ ਪੱਧਰ 'ਤੇ ਅੱਗੇ ਵਧਣ ਲਈ ਤਿਆਰ ਕੀਤਾ ਹੈ, ਜਿਸ ਦੀ ਝਲਕ ਇਸ ਹਫ਼ਤੇ ਦੇਖਣ ਨੂੰ ਮਿਲ ਰਹੀ ਹੈ।



ਪਬਿੱਤਰਾ ਮਾਰਗਰੀਟਾ

ਅੱਜ ਜਦੋਂ ਅਸੀਂ ਭਾਰਤ ਮੰਡਪਮ ਦੇ ਜੀਵੰਤ ਪ੍ਰਦਰਸ਼ਨੀ ਹਾਲਾਂ 'ਤੇ ਨਜ਼ਰ ਮਾਰਦੇ ਹਾਂ, ਤਾਂ ਸਾਡਾ ਨਜ਼ਰੀਆ ਇਸ ਵਪਾਰ ਪ੍ਰਦਰਸ਼ਨੀ ਦੇ ਤਤਕਾਲੀ ਦਾਇਰੇ ਤੋਂ ਕਿਤੇ ਅੱਗੇ ਤੱਕ ਵਿਸਤ੍ਰਿਤ ਹੁੰਦਾ ਨਜ਼ਰ ਆਉਂਦਾ ਹੈ। ਇਹ ਆਯੋਜਨ ਭਾਰਤ ਦੇ ਟੈਕਸਟਾਈਲ ਉਦਯੋਗ ਨੂੰ 350 ਬਿਲੀਅਨ ਡਾਲਰ ਦੇ ਗਲੋਬਲ ਸ਼ਕਤੀ ਕੇਂਦਰ ਵਿੱਚ ਬਦਲਣ ਦੇ ਸਾਡੇ 'ਵਿਜ਼ਨ 2030' ਰੋਡਮੈਪ ਵਿੱਚ ਇੱਕ ਮਹੱਤਵਪੂਰਨ ਮੀਲ ਦਾ ਪੱਥਰ ਹੈ, ਜੋ 'ਵਿਕਸਿਤ ਭਾਰਤ 0 2047' ਦੇ ਰਾਸ਼ਟਰੀ ਟੀਚੇ ਨਾਲ ਪੂਰੀ ਤਰ੍ਹਾਂ ਮੇਲ ਖਾਂਦਾ ਹੈ। ਮੈਂ ਆਪ ਸਭ ਨੂੰ 'ਭਾਰਤ ਟੈਕਸ 2026' ਵਿੱਚ ਅਗਲੇ ਚਾਰ ਦਿਨਾਂ ਤੱਕ ਸਾਡੇ ਨਾਲ ਜੁੜਨ ਲਈ ਸੱਦਾ ਦਿੰਦਾ ਹਾਂ, ਤਾਂ ਜੋ ਤੁਸੀਂ ਸਾਡੇ ਕਾਮਿਆਂ ਦੀ ਬੇਮਿਸਾਲ ਸ਼ਕਤੀ, ਸਾਡੇ ਰਚਨਾਕਾਰਾਂ ਦੀਆਂ ਸ਼ਾਨਦਾਰ ਨਵੀਨਤਾਵਾਂ ਅਤੇ ਗਲੋਬਲ ਕੱਪੜਿਆਂ ਦੇ ਭਵਿੱਖ ਨੂੰ ਦੇਖ ਸਕੋ, ਜਿਨ੍ਹਾਂ ਨੂੰ ਮਾਣ ਨਾਲ ਭਾਰਤ ਵਿੱਚ ਡਿਜ਼ਾਈਨ ਕੀਤਾ ਗਿਆ ਹੈ, ਟਿਕਾਊ ਤਰੀਕੇ ਨਾਲ ਨਿਰਮਿਤ ਕੀਤਾ ਗਿਆ ਹੈ ਅਤੇ ਵੱਡੇ ਪੱਧਰ 'ਤੇ ਇੱਕਜੁੱਟ ਕੀਤਾ ਗਿਆ ਹੈ।

**(ਲੇਖਕ ਕੇਂਦਰੀ ਟੈਕਸਟਾਈਲ ਰਾਜ ਮੰਤਰੀ ਹਨ। ਪ੍ਰਗਟ ਕੀਤੇ ਗਏ ਵਿਚਾਰ ਲੇਖਕ ਦੇ ਨਿੱਜੀ ਹਨ।)**

# ਸਾਈਬਰ ਸੁਰੱਖਿਆ ਅਤੇ ਏਆਈ-ਦੋ ਧਾਰੀ ਤਲਵਾਰ

ਜ਼ਿਕਰ ਪੰਜਾਬ

ਡਿਜੀਟਲ ਯੁੱਗ ਵਿੱਚ ਸਾਡੀ ਜ਼ਿੰਦਗੀ ਇੰਟਰਨੈੱਟ ਅਤੇ ਡਾਟਾ ਨਾਲ ਗੰਢੀ ਹੋਈ ਹੈ। ਬੈਂਕਿੰਗ ਤੋਂ ਲੈ ਕੇ ਸਿਹਤ ਸੇਵਾਵਾਂ ਤੱਕ, ਸਭ ਕੁਝ ਔਨਲਾਈਨ ਹੈ। ਇਸ ਤਰੱਕੀ ਨੇ ਸਾਡੇ ਲਈ ਆਸਾਨੀਆਂ ਵਧਾਈਆਂ ਹਨ ਪਰ ਨਾਲ ਹੀ ਨਵੇਂ ਖਤਰਿਆਂ ਨੂੰ ਵੀ ਜਨਮ ਦਿੱਤਾ ਹੈ। ਸਾਈਬਰ ਹਮਲੇ ਅੱਜ ਕੱਲ੍ਹ ਇੱਕ ਵੱਡੀ ਚੁਣੌਤੀ ਬਣ ਚੁੱਕੇ ਹਨ ਅਤੇ ਇਨ੍ਹਾਂ ਵਿੱਚ ਆਰਟੀਫਿਸ਼ੀਅਲ ਇੰਟੈਲੀਜੈਂਸ ਨੇ ਇਹਨਾਂ ਹਮਲਿਆਂ ਨੂੰ ਹੋਰ ਵੀ ਅਡਵਾਂਸ ਬਣਾ ਦਿੱਤਾ ਹੈ। ਏਆਈ ਇੱਕ ਦੋ ਧਾਰੀ ਤਲਵਾਰ ਵਾਂਗ ਹੈ, ਇੱਕ ਪਾਸੇ ਇਹ ਹੈਕਰਾਂ ਨੂੰ ਹਮਲਿਆਂ ਲਈ ਤਾਕਤਵਰ ਔਜ਼ਾਰ ਮੁਹੱਈਆ ਕਰਵਾ ਰਿਹਾ ਹੈ ਅਤੇ ਦੂਜੇ ਪਾਸੇ ਇਹ ਸਾਡੀਆਂ ਰੱਖਿਆ ਪ੍ਰਣਾਲੀਆਂ ਲਈ ਇੱਕ ਮਜ਼ਬੂਤ ਢਾਲ ਵਜੋਂ ਕੰਮ ਕਰ ਰਿਹਾ ਹੈ। ਇਸ ਲੇਖ ਵਿੱਚ ਅਸੀਂ ਇਸ ਤਰੱਕੀ ਦੇ ਦੋਵਾਂ ਪਹਿਲੂਆਂ ਬਾਰੇ ਗੱਲ ਕਰਾਂਗੇ।

ਹੈਕਰ ਏਆਈ ਨੂੰ ਆਪਣੇ ਹਮਲਿਆਂ ਵਿੱਚ ਵਰਤ ਕੇ ਪੁਰਾਣੀਆਂ ਤਕਨੀਕਾਂ ਨੂੰ ਹੋਰ ਵੀ ਖਤਰਨਾਕ ਬਣਾ ਰਹੇ ਹਨ। ਇੱਕ ਸਮਾਂ ਸੀ ਜਦੋਂ ਫਿਸ਼ਿੰਗ ਈਮੇਲਾਂ ਵਿੱਚ ਗਲਤੀਆਂ ਅਤੇ ਅਜੀਬ ਭਾਸ਼ਾ ਹੁੰਦੀ ਸੀ ਜਿਸ ਨਾਲ ਉਹਨਾਂ ਨੂੰ ਆਸਾਨੀ ਨਾਲ ਪਛਾਣਿਆ ਜਾ ਸਕਦਾ ਸੀ। ਪਰ ਅੱਜ ਜਨਰੇਟਿਵ ਏਆਈ ਟੂਲਜ਼ ਦੀ ਮਦਦ ਨਾਲ ਹੈਕਰ ਬਿਲਕੁਲ ਵਾਸਤਵਿਕ ਅਤੇ ਨਿੱਜੀਕ੍ਰਿਤ ਫਿਸ਼ਿੰਗ ਸੰਦੇਸ਼ ਤਿਆਰ ਕਰ ਰਹੇ ਹਨ। ਇਹ ਟੂਲਜ਼ ਲੱਖਾਂ ਡਾਟਾ ਪੁਆਇੰਟਸ ਤੋਂ ਸਿੱਖ ਕੇ ਉਸ ਵਿਅਕਤੀ ਦੀ ਭਾਸ਼ਾ, ਲਿਖਣ ਦਾ ਢੰਗ ਅਤੇ ਉਸਦੀਆਂ ਰੁਚੀਆਂ ਨੂੰ ਨਕਲ ਕਰਦੇ ਹਨ। ਨਤੀਜਾ ਇੱਕ ਅਜਿਹੀ ਈਮੇਲ ਹੁੰਦੀ ਹੈ ਜੋ ਤੁਹਾਡੇ ਬਾਸ ਜਾਂ ਬੈਂਕ ਵੱਲੋਂ ਆਈ ਲੱਗਦੀ ਹੈ ਅਤੇ ਉਸ ਵਿੱਚ ਇੱਕ ਲਿੰਕ ਜਾਂ ਅਟੈਚਮੈਂਟ ਹੁੰਦੀ ਹੈ ਜੋ ਤੁਹਾਡੀ ਜਾਣਕਾਰੀ ਚੋਰੀ ਕਰ ਲੈਂਦੀ ਹੈ। ਡੀਪਫੇਕ ਟੈਕਨਾਲੌਜੀ ਇਸ ਖੇਤਰ ਵਿੱਚ ਹੋਰ ਵੀ ਵੱਡਾ ਖਤਰਾ ਬਣ ਰਹੀ ਹੈ। ਹੈਕਰ ਏਆਈ ਦੀ ਮਦਦ ਨਾਲ ਕਿਸੇ ਵੀ ਵਿਅਕਤੀ ਦੀ ਆਵਾਜ਼ ਅਤੇ ਚਿਹਰਾ ਨਕਲ ਕਰਕੇ ਵੀਡੀਓ ਜਾਂ ਆਡੀਓ ਬਣਾ ਲੈਂਦੇ ਹਨ। ਇਸ ਤਰ੍ਹਾਂ ਉਹ ਇੱਕ ਬਾਸ ਜਾਂ ਸਹਿਕਰਮੀ ਵਜੋਂ ਬੋਲ ਕੇ ਗੱਲਬਾਤ ਕਰਦੇ ਹਨ ਅਤੇ ਫੰਡ ਟ?ਰਾਂਸਫਰ ਜਾਂ ਗੁਪਤ ਜਾਣਕਾਰੀ ਮੰਗਦੇ ਹਨ। ਉਦਾਹਰਣ ਵਜੋਂ, ਕਈ ਕੰਪਨੀਆਂ ਵਿੱਚ ਏਆਈ ਨਾਲ ਬਣਾਈਆਂ ਡੀਪਫੇਕ ਕਾਲਾਂ ਨਾਲ ਲੱਖਾਂ ਡਾਲਰ ਦਾ ਘਾਟਾ ਹੋ ਚੁੱਕਾ ਹੈ। ਇਹ ਹਮਲੇ ਖਾਸ ਕਰਕੇ ਸੋਸ਼ਲ ਇੰਜੀਨੀਅਰਿੰਗ ਵਿੱਚ ਬਹੁਤ ਪ੍ਰਭਾਵੀ ਹਨ ਕਿਉਂਕਿ ਇਹਨਾਂ ਵਿੱਚ ਮਾਨਵੀ ਭਾਵਨਾਵਾਂ ਨੂੰ ਟਾਰਗੇਟ ਕੀਤਾ ਜਾਂਦਾ ਹੈ। ਇੱਕ ਆਮ ਇੰਨਸਾਨ ਆਪਣੀ ਆਵਾਜ਼ ਵਾਲੀ ਕਾਲ ਤੇ ਆਸਾਨੀ ਨਾਲ ਭਰੋਸਾ ਕਰ ਲੈਂਦਾ ਹੈ।

ਇਸ ਤੋਂ ਇਲਾਵਾ, ਏਆਈ ਹੈਕਰਾਂ ਨੂੰ ਮਾਲਵੇਅਰ ਬਣਾਉਣ ਵਿੱਚ ਵੀ ਮਦਦ ਕਰ ਰਿਹਾ ਹੈ। ਪਹਿਲਾਂ ਮਾਲਵੇਅਰ ਬਣਾਉਣ ਲਈ ਡੂੰਘੀ ਟੈਕਨੀਕਲ ਜਾਣਕਾਰੀ ਚਾਹੀਦੀ ਸੀ ਪਰ ਹੁਣ ਏਆਈ ਟੂਲਜ਼ ਨਾਲ ਘੱਟ ਗਿਆਨ ਵਾਲੇ ਹੈਕਰ ਵੀ ਆਟੋਮੈਟਿਕ ਤਰੀਕੇ ਨਾਲ ਨਵੇਂ-ਨਵੇਂ ਵਾਇਰਸ ਤਿਆਰ ਕਰ ਰਹੇ ਹਨ। ਇਹ ਮਾਲਵੇਅਰ ਪੌਲੀਮੌਰਫਿਕ ਹੁੰਦਾ ਹੈ, ਯਾਨੀ ਇਹ ਆਪਣਾ ਰੂਪ ਬਦਲਦਾ ਰਹਿੰਦਾ ਹੈ ਤਾਂ ਜੋ ਐਂਟੀਵਾਇਰਸ ਸਾਫਟਵੇਅਰ ਉਸਨੂੰ ਪਛਾਣ ਨਾ ਸਕੇ। ਏਆਈ ਇਸ ਨੂੰ ਆਟੋਮੈਟਿਕ ਤਰੀਕੇ ਨਾਲ ਟੈਸਟ ਵੀ ਕਰਦਾ ਹੈ ਅਤੇ ਉਸਨੂੰ ਹੋਰ ਵੀ ਛੁਪਣਯੋਗ ਬਣਾਉਂਦਾ ਹੈ। ਇਸ ਤਰ੍ਹਾਂ ਹਮਲੇ ਵਧੇਰੇ ਤੇਜ਼ ਅਤੇ ਵੱਡੇ ਪੱਧਰ ਤੇ ਹੋ ਰਹੇ ਹਨ।





ਰਿਪੋਰਟਾਂ ਅਨੁਸਾਰ ਏਆਈ ਨਾਲ ਸਬੰਧਤ ਹਮਲਿਆਂ ਵਿੱਚ ਇੱਕ ਵੱਡਾ ਵਾਧਾ ਹੋਇਆ ਹੈ ਅਤੇ ਇਹਨਾਂ ਵਿੱਚੋਂ ਕਈ ਆਟੋਨੋਮਸ ਹਨ, ਯਾਨੀ ਇੱਕ ਵਾਰ ਸ਼ੁਰੂ ਹੋਣ ਤੋਂ ਬਾਅਦ ਉਹ ਬਿਨਾਂ ਮਨੁੱਖੀ ਦਖਲ ਤੋਂ ਅੱਗੇ ਵਧਦੇ ਰਹਿੰਦੇ ਹਨ। ਏਆਈ ਨਾਲ ਬ੍ਰੂਟ ਫੋਰਸ ਅਟੈਕ ਵੀ ਹੋਰ ਤੇਜ਼ ਹੋ ਗਏ ਹਨ। ਇਹ ਟੂਲਜ਼ ਪਾਸਵਰਡ ਕ੍ਰੈਕਿੰਗ ਵਿੱਚ ਆਮ ਤਰੀਕਿਆਂ ਨਾਲੋਂ ਵਧੀਆ ਕੰਮ ਕਰਦੇ ਹਨ ਅਤੇ ਵੱਡੀਆਂ ਡਾਟਾਬੇਸ ਤੋਂ ਪੈਟਰਨ ਸਿੱਖ ਕੇ ਤੇਜ਼ੀ ਨਾਲ ਗੁਪਤ ਕੋਡ ਖੋਲ੍ਹਦੀਆਂ ਹਨ। ਇਸ ਤੋਂ ਇਲਾਵਾ, ਏਆਈ ਰਾਹੀਂ ਕੈਪਚਾ ਬਾਈਪਾਸ ਕਰਨਾ ਜਾਂ ਓਪਨ ਸੋਰਸ ਕੋਡ ਵਿੱਚ ਛੁਪੇ ਖਤਰਿਆਂ ਨੂੰ ਵਰਤਣਾ ਵੀ ਆਸਾਨ ਹੋ ਗਿਆ ਹੈ। ਇਸ ਤਰ੍ਹਾਂ ਛੋਟੇ-ਮੋਟੇ ਹੈਕਰ ਵੀ ਵੱਡੀਆਂ ਕੰਪਨੀਆਂ ਤੱਕ ਪਹੁੰਚ ਬਣਾ ਰਹੇ ਹਨ ਕਿਉਂਕਿ ਏਆਈ ਨੇ ਹਮਲਿਆਂ ਦੀ ਲਾਗਤ ਅਤੇ ਮਿਹਨਤ ਘਟਾ ਦਿੱਤੀ ਹੈ।

ਪਰ ਇਸੇ ਏਆਈ ਨੇ ਸਾਈਬਰ ਸੁਰੱਖਿਆ ਲਈ ਇੱਕ ਨਵੀਂ ਉਮੀਦ ਵੀ ਜਗਾਈ ਹੈ। ਏਆਈ ਇੱਕ ਢਾਲ ਵਾਂਗ ਕੰਮ ਕਰਦਾ ਹੈ ਜੋ ਰਵਾਇਤੀ ਤਰੀਕਿਆਂ ਨਾਲੋਂ ਬਹੁਤ ਵਧੀਆ ਤਰੀਕੇ ਨਾਲ ਖਤਰਿਆਂ ਨੂੰ ਪਛਾਣਦਾ ਅਤੇ ਰੋਕਦਾ ਹੈ। ਰਵਾਇਤੀ ਸਿਸਟਮ ਸਿਰਫ਼ ਪੁਰਾਣੇ ਸਿਗਨੇਚਰ ਜਾਂ ਨਿਯਮਾਂ ਤੇ ਨਿਰਭਰ ਕਰਦੇ ਸਨ ਪਰ ਏਆਈ ਵੱਡੀ ਮਾਤਰਾ ਵਿੱਚ ਡਾਟਾ ਵਿਸ਼ਲੇਸ਼ਣ ਕਰਕੇ ਅਸਾਧਾਰਨ ਵਿਵਹਾਰ ਨੂੰ ਲੱਭਦਾ ਹੈ। ਇਸਨੂੰ ਐਨੋਮਲੀ ਡਿਟੈਕਸ਼ਨ ਕਿਹਾ ਜਾਂਦਾ ਹੈ। ਉਦਾਹਰਣ ਵਜੋਂ, ਇੱਕ ਨੈੱਟਵਰਕ ਵਿੱਚ ਆਮ ਟ?ਰੈਫਿਕ ਦਾ ਇੱਕ ਪੈਟਰਨ ਬਣਾਇਆ ਜਾਂਦਾ ਹੈ ਅਤੇ ਜਦੋਂ ਕੋਈ ਗਲਤ ਗਤੀਵਿਧੀ ਵਾਪਰਦੀ ਹੈ ਤਾਂ ਏਆਈ ਤੁਰੰਤ ਚੇਤਾਵਨੀ ਦਿੰਦਾ ਹੈ। ਇਸ ਤਰ੍ਹਾਂ ਜ਼ੀਰੋ-ਡੇ ਐਟੈਕ ਜਿਨ੍ਹਾਂ ਬਾਰੇ ਪਹਿਲਾਂ ਕਦੇ ਨਾ ਸੁਣਿਆ ਹੋਵੇ, ਉਹਨਾਂ ਨੂੰ ਵੀ ਰੋਕਿਆ ਜਾ ਸਕਦਾ ਹੈ। ਏਆਈ ਫਿਸ਼ਿੰਗ ਅਤੇ ਸਪੈਮ ਈਮੇਲਾਂ ਨੂੰ ਰੋਕਣ ਵਿੱਚ ਵੀ ਬਹੁਤ ਪ੍ਰਭਾਵੀ ਹੈ। ਇਹ ਈਮੇਲ ਦੀ ਭਾਸ਼ਾ, ਲਿੰਕਾਂ ਅਤੇ ਅਟੈਚਮੈਂਟ ਨੂੰ ਵਿਸ਼ਲੇਸ਼ਣ ਕਰਦਾ ਹੈ ਅਤੇ ਉਸਨੂੰ ਖਤਰਨਾਕ ਮੰਨ ਕੇ ਬਲਾਕ ਕਰ ਦਿੰਦਾ ਹੈ। ਐਂਡਪੁਆਇੰਟ ਸੁਰੱਖਿਆ ਵਿੱਚ ਏਆਈ ਲੈਪਟਾਪ, ਮੋਬਾਈਲ ਜਾਂ ਸਰਵਰ ਤੇ ਚੱਲ ਰਹੀਆਂ ਗਤੀਵਿਧੀਆਂ ਨੂੰ ਨਿਗਰਾਨੀ ਹੇਠ ਰੱਖਦਾ ਹੈ ਅਤੇ ਮਾਲਵੇਅਰ ਨੂੰ ਤੁਰੰਤ ਰੋਕਦਾ ਹੈ। ਇਸ ਤੋਂ ਇਲਾਵਾ, ਏਆਈ ਥ?ਰੈਟ ਇੰਟੈਲੀਜੈਂਸ ਵਿੱਚ ਵੀ ਮਦਦ ਕਰਦਾ ਹੈ। ਇਹ ਡਾਰਕ ਵੈੱਬ ਤੋਂ ਲੈ ਕੇ ਵੱਖ-ਵੱਖ ਸਰੋਤਾਂ ਤੋਂ ਡਾਟਾ ਇਕੱਠਾ ਕਰਕੇ ਭਵਿੱਖ ਵਾਲੇ ਹਮਲਿਆਂ ਦੀ ਭਵਿੱਖਬਾਣੀ ਕਰਦਾ ਹੈ ਅਤੇ ਸੁਰੱਖਿਆ ਟੀਮਾਂ ਨੂੰ ਤਿਆਰ ਰਹਿਣ ਲਈ ਸਲਾਹ ਦਿੰਦਾ ਹੈ।

ਏਆਈ ਦੀ ਆਟੋਮੇਟਿਕ ਰਿਸਪਾਂਸ ਸਮਰੱਥਾ ਇੱਕ ਵੱਡੀ ਤਾਕਤ ਹੈ। ਜਦੋਂ ਇੱਕ ਹਮਲਾ ਖਤਰਾ ਬਣਦਾ ਹੈ ਤਾਂ ਏਆਈ ਆਪਣੇ ਆਪ ਉਸ ਡਿਵਾਈਸ ਨੂੰ ਆਈਸੋਲੇਟ ਕਰ ਸਕਦਾ ਹੈ, ਖਤਰਨਾਕ ਟ?ਰੈਫਿਕ ਰੋਕ ਸਕਦਾ ਹੈ ਅਤੇ ਟੀਮ ਨੂੰ ਤੁਰੰਤ ਰਿਪੋਰਟ ਭੇਜ ਸਕਦਾ ਹੈ। ਇਸ ਨਾਲ ਹਮਲੇ ਦਾ ਨੁਕਸਾਨ ਘੱਟ ਤੋਂ ਘੱਟ ਹੋ ਜਾਂਦਾ ਹੈ। ਬਹੁਤੀਆਂ ਆਧੁਨਿਕ ਸੁਰੱਖਿਆ ਪ੍ਰਣਾਲੀਆਂ ਵਿੱਚ ਏਆਈ ਲਗਾਤਾਰ ਸਿਖਲਾਈ ਲੈਂਦਾ ਰਹਿੰਦਾ ਹੈ ਤਾਂ ਜੋ ਨਵੀਆਂ ਤਕਨੀਕਾਂ ਨਾਲ ਵੀ ਲੜ ਸਕੇ। ਇਸ ਤਰ੍ਹਾਂ ਇਹ ਮਨੁੱਖੀ ਟੀਮਾਂ ਦਾ ਬੋਝ ਘਟਾਉਂਦਾ ਹੈ ਅਤੇ ਉਹਨਾਂ ਨੂੰ ਵਧੇਰੇ ਰਣਨੀਤਕ ਕੰਮਾਂ ਤੇ ਧਿਆਨ ਕੇਂਦਰਿਤ ਕਰਨ ਦੀ ਆਗਿਆ ਦਿੰਦਾ ਹੈ। ਏਆਈ ਵਾਲੀਆਂ ਰੱਖਿਆ ਪ੍ਰਣਾਲੀਆਂ ਸਾਈਬਰ ਸਿਕਿਉਰਟੀ ਪ੍ਰਕਿਰਿਆ ਵਿੱਚ ਵੀ ਬਹੁਤ ਮਦਦਗਾਰ ਹਨ। ਇਹ ਐਪਲੀਕੇਸ਼ਨ ਕੋਡ ਵਿੱਚ ਖਾਮੀਆਂ ਲੱਭਦਾ ਹੈ ਅਤੇ ਉਹਨਾਂ ਨੂੰ ਠੀਕ ਕਰਨ ਲਈ ਸੁਝਾਅ ਦਿੰਦਾ ਹੈ। ਇਸ ਤੋਂ ਇਲਾਵਾ, ਿ ਬ ਹ ੇ ਵ ੀ ਅ ਰ ਲ ਐਨਾਲਿਸਿਸ ਰਾਹੀਂ ਇੰਸਾਈਡਰ ਥ?ਰੈਟ ਨੂੰ ਵੀ ਪਛਾਣਿਆ ਜਾ ਸਕਦਾ ਹੈ, ਜਿਸ ਵਿੱਚ ਕੋਈ ਅੰਦਰੂਨੀ ਵਿਅਕਤੀ ਗਲਤ ਕੰਮ ਕਰ ਰਿਹਾ ਹੋਵੇ। ਏਆਈ ਇਸ ਤਰ੍ਹਾਂ ਇੱਕ ਲਗਾਤਾਰ ਨਿਗਰਾਨ ਵਜੋਂ ਕੰਮ ਕਰਦਾ ਹੈ ਜੋ ਰਾਤ-ਦਿਨ ਡਾਟਾ ਵਿਸ਼ਲੇਸ਼ਣ ਕਰਦਾ ਰਹਿੰਦਾ ਹੈ। ਬੇਸ਼ਕ ਏਆਈ ਇੱਕ ਤਾਕਤਵਰ ਢਾਲ ਹੈ ਪਰ ਇਸਦੀਆਂ ਆਪਣੀਆਂ ਸੀਮਾਵਾਂ ਵੀ ਹਨ। ਹੈਕਰ ਵੀ ਏਆਈ ਸਿਸਟਮਾਂ ਤੇ ਹਮਲਾ ਕਰ ਸਕਦੇ ਹਨ ਜਿਵੇਂ ਕਿ ਪ੍ਰੌਂਪਟ ਇੰਜੈਕਸ਼ਨ ਜਾਂ ਏਆਈ ਮਾਡਲਾਂ ਨੂੰ ਗੁੰਮਰਾਹ ਕਰਨਾ। ਇਸ ਲਈ ਏਆਈ ਰੱਖਿਆ ਨੂੰ ਵੀ ਲਗਾਤਾਰ ਅਪਡੇਟ ਅਤੇ ਸੁਰੱਖਿਅਤ ਰੱਖਣਾ ਜ਼ਰੂਰੀ ਹੈ। ਇਸ ਤੋਂ ਇਲਾਵਾ, ਏਆਈ ਫੈਸਲਿਆਂ ਵਿੱਚ ਪਾਰਦਰਸ਼ਤਾ ਅਤੇ ਗੋਪਨੀਯਤਾ ਦੇ ਮੁੱਦੇ ਵੀ ਉਠਦੇ ਹਨ।



ਸੰਦੀਪ ਕੁਮਾਰ

ਅੰਤ ਵਿੱਚ, ਸਾਈਬਰ ਸੁਰੱਖਿਆ ਵਿੱਚ ਏਆਈ ਇੱਕ ਅਜਿਹੀ ਤਕਨਾਲੌਜੀ ਹੈ ਜੋ ਖਤਰੇ ਅਤੇ ਰੱਖਿਆ ਦੋਵਾਂ ਨੂੰ ਬਦਲ ਰਹੀ ਹੈ। ਹੈਕਰ ਇਸਨੂੰ ਵਰਤ ਕੇ ਹਮਲਿਆਂ ਨੂੰ ਹੋਰ ਤੇਜ਼ ਅਤੇ ਛੁਪਣਯੋਗ ਬਣਾ ਰਹੇ ਹਨ ਜਦਕਿ ਰੱਖਿਆ ਟੀਮਾਂ ਇਸਨੂੰ ਵਰਤ ਕੇ ਤੇਜ਼ ਅਤੇ ਬੁੱਧੀਮਾਨ ਢੰਗ ਨਾਲ ਉੱਤਰ ਦੇ ਰਹੀਆਂ ਹਨ। ਇਸ ਲਈ ਲੋੜ ਇਸ ਗੱਲ ਦੀ ਹੈ ਕਿ ਅਸੀਂ ਏਆਈ ਨੂੰ ਜ਼ਿੰਮੇਵਾਰੀ ਨਾਲ ਵਰਤੀਏ, ਲਗਾਤਾਰ ਨਵੀਨਤਾ ਲਿਆਈਏ ਅਤੇ ਮਨੁੱਖੀ ਨਿਗਰਾਨੀ ਨੂੰ ਲਗਾਤਾਰ ਚੁਸਤ-ਦਰੁਸਤ ਰੱਖਿਆ ਜਾਵੇ। ਸਾਈਬਰ ਸੁਰੱਖਿਆ ਇੱਕ ਲਗਾਤਾਰ ਚੱਲ ਰਿਹਾ ਯੁੱਧ ਹੈ ਅਤੇ ਏਆਈ ਇਸ ਵਿੱਚ ਇੱਕ ਮਹੱਤਵਪੂਰਨ ਹਥਿਆਰ ਬਣ ਚੁੱਕਾ ਹੈ। ਜੇ ਅਸੀਂ ਇਸਨੂੰ ਸਮਝਦਾਰੀ ਨਾਲ ਵਰਤੀਏ ਤਾਂ ਇਹ ਸਾਡੀ ਡਿਜੀਟਲ ਦੁਨੀਆਂ ਨੂੰ ਹੋਰ ਵੀ ਸੁਰੱਖਿਅਤ ਬਣਾ ਸਕਦਾ ਹੈ।

**ਮੋਬਾਇਲ : 70098-07121**

**20 ਜੁਲਾਈ ਨੂੰ 'ਕੌਮਾਂਤਰੀ ਸ਼ਤਰੰਜ ਦਿਵਸ' 'ਤੇ ਵਿਸ਼ੇਸ਼**

# ਸੂਝਬੂਝ ਨਾਲ ਲੜੀ ਜਾਣ ਵਾਲੀ ਦਿਮਾਗੀ ਜੰਗ ਹੈ 'ਸ਼ਤਰੰਜ'

ਜ਼ਿਕਰ ਪੰਜਾਬ

ਮਨੁੱਖ ਨੇ ਆਪਣੇ ਦਿਮਾਗ ਦੀ ਵਰਤੋਂ ਕਰਦਿਆਂ ਹੋਇਆਂ ਹੁਣ ਤੱਕ ਜਿੰਨੀਆਂ ਵੀ ਖੇਡਾਂ ਦੀ ਘਾੜਤ ਘੜੀ ਹੈ ਉਨ੍ਹਾਂ ਵਿੱਚੋਂ ਸਭ ਤੋਂ ਵੱਧ ਦਿਮਾਗ ਲਗਾ ਕੇ ਖੇਡੀ ਜਾਣ ਵਾਲੀ ਕੋਈ ਖੇਡ ਜੇਕਰ ਹੈ ਤਾਂ ਉਹ ਹੈ -'ਸ਼ਤਰੰਜ'। ਇਸ ਖੇਡ ਨੂੰ ਖੇਡਦਿਆਂ ਸਬੰਧਿਤ ਖਿਡਾਰੀ ਦਾ ਸ਼ਰੀਰ ਬੇਸ਼ੱਕ ਪਸੀਨੇ ਨਾਲ ਤਰ-ਬ-ਤਰ ਹੋਵੇ ਜਾਂ ਨਾ ਹੋਵੇ ਪਰੰਤੂ ਉਸਦੇ ਦਿਮਾਗ ਦਾ ਖ਼ੂਨ-ਪਸੀਨਾ ਜ਼ਰੂਰ ਇਕ ਹੋ ਜਾਂਦਾ ਹੈ। ਇਹ ਖੇਡ ਅਸਲ ਵਿਚ ਦਿਮਾਗੀ ਜੰਗ ਦੀ ਅਜਿਹੀ ਖੇਡ ਹੈ ਜਿਸ ਵਿਚ ਬਰਾਬਰ ਤਾਕਤ ਤੇ ਸੰਖਿਆ ਦੀਆਂ ਦੋ ਫੌਜਾਂ ਸੰਕੇਤਕ ਰੂਪ ਵਿਚ ਇਕ ਦੂਜੇ ਨਾਲ ਭਿੜਦੀਆਂ ਹਨ ਤੇ ਫਿਰ 'ਸ਼ਤਰੰਜੀ ਚਾਲਾਂ' ਦੀ ਬਦੌਲਤ ਇਕ ਸੈਨਾ,ਦੂਜੀ ਸੈਨਾ ਨੂੰ ਮਾਤ ਪਾ ਦਿੰਦੀ ਹੈ।

20 ਜੁਲਾਈ ਦਾ ਦਿਨ ਦੁਨੀਆਂ ਭਰ ਵਿਚ 'ਕੌਮਾਂਤਰੀ ਸ਼ਤਰੰਜ ਦਿਵਸ' ਵਜੋਂ ਮਨਾਇਆ ਜਾਂਦਾ ਹੈ। ਇਸ ਦਿਵਸ ਨੂੰ ਮਨਾਉਣ ਦਾ ਪ੍ਰਸਤਾਵ ਵਿਸ਼ਵ ਪ੍ਰਸਿੱਧ ਸੰਸਥਾ 'ਯੂਨੈਸਕੋ' ਨੇ ਪੇਸ਼ ਕੀਤਾ ਸੀ ਤੇ ਸੰਨ 1966 ਵਿਚ ਇਹ ਦਿਵਸ ਪਹਿਲੀ ਵਾਰ ਮਨਾਇਆ ਗਿਆ ਸੀ। ਹੁਣ ਪ੍ਰਸ਼ਨ ਇਹ ਹੈ ਕਿ ਇਹ ਦਿਵਸ ਮਨਾਉਣ ਲਈ 20 ਜੁਲਾਈ ਦਾ ਦਿਨ ਹੀ ਕਿਉਂ ਚੁਣਿਆ ਗਿਆ ਤਾਂ ਇਸਦਾ ਜਵਾਬ ਇਹ ਹੈ ਕਿ 20 ਜੁਲਾਈ,1924 ਵਿਚ 'ਇਟਰਨੈਸ਼ਨਲ ਚੈੱਸ ਫ਼ੈਡਰੇਸ਼ਨ' ਭਾਵ ਕੌਮਾਂਤਰੀ ਸ਼ਤਰੰਜ ਫੈਡਰੇਸ਼ਨ ਦੀ ਸਥਾਪਨਾ ਹੋਈ ਸੀ ਤੇ ਉਸ ਦਿਨ ਨੂੰ ਇਤਿਹਾਸ ਵਿਚ ਯਾਦਗਾਰੀ ਬਣਾਉਣ ਲਈ 20 ਜੁਲਾਈ ਨੂੰ ਉਕਤ ਦਿਵਸ ਮਨਾਉਣ ਦੀ ਪ੍ਰੰਪਰਾ ਸ਼ੁਰੂ ਕੀਤੀ ਗਈ ਸੀ। ਮਹੱਤਵਪੂਰਨ ਤੱਥ ਇਹ ਹੈ ਕਿ 'ਇਟਰਨੈਸ਼ਨਲ ਚੈੱਸ ਫ਼ੈਡਰੇਸ਼ਨ' ਵਿਚ 171 ਸ਼ਤਰੰਜ ਫੈਡਰੇਸ਼ਨਾਂ ਸ਼ਾਮਿਲ ਹਨ ਤੇ ਇਹ ਦਿਵਸ ਦੁਨੀਆ ਭਰ ਵਿਚ ਮੌਜੂਦ 605 ਮਿਲੀਅਨ ਭਾਵ 60.5 ਕਰੋੜ ਸ਼ਤਰੰਜ ਖਿਡਾਰੀਆਂ ਵੱਲੋਂ ਪੂਰੇ ਜੋਸ਼ ਅਤੇ ਉਤਸ਼ਾਹ ਨਾਲ ਹਰ ਸਾਲ ਮਨਾਇਆ ਜਾਂਦਾ ਹੈ। ਬੜੀ ਮਜ਼ੇਦਾਰ ਗੱਲ ਹੈ ਕਿ ਅਮਰੀਕਾ,ਜਰਮਨੀ,ਯੂ.ਕੇ. ਅਤੇ ਰੂਸ ਦੀ 70 ਫ਼ੀਸਦੀ ਆਬਾਦੀ ਨੇ ਆਪਣੇ ਜੀਵਨ ਕਾਲ ਵਿਚ ਘੱਟ ਘੱਟ ਇਕ ਵਾਰ ਸ਼ਤਰੰਜ ਦੀ ਖੇਡ ਜ਼ਰੂਰ ਖੇਡੀ ਹੋਈ ਹੈ।

ਇਹ ਯਾਦ ਰੱਖਣ ਯੋਗ ਹੈ ਕਿ ਸ਼ਤਰੰਜ ਦੀ ਖੇਡ ਵਿਚ ਵਿਸ਼ਵ ਦਾ ਚੋਟੀ ਦਾ ਖਿਡਾਰੀ ਚੁਣਨ ਲਈ ਹਰ ਸਾਲ 'ਵਿਸ਼ਵ ਸ਼ਤਰੰਜ ਚੈਂਪੀਅਨਸ਼ਿਪ' ਕਰਵਾਈ ਜਾਂਦੀ ਹੈ ਤੇ ਭਾਰਤ ਲਈ ਇਹ ਬੜੇ ਹੀ ਮਾਣ ਦੀ ਗੱਲ ਹੈ ਕਿ

**ਕੁਝ ਖੇਡ ਇਤਿਹਾਸਕਾਰਾਂ ਦਾ ਵਿਚਾਰ ਹੈ ਕਿ ਸ਼ਤਰੰਜ ਦੀ ਖੇਡ ਦਾ ਮੁਹਾਂਦਰਾ ਤੇ ਖੇਡ ਵਿਧੀ ਜਾਂ ਸ਼ੈਲੀ ਛੇਵੀਂ ਸਦੀ ਤੋਂ ਪਹਿਲਾਂ ਭਾਰਤ ਵਿਚ ਖੇਡੀ ਜਾਂਦੀ ਖੇਡ 'ਚਤੁਰੰਗ' ਨਾਲ ਕਾਫੀ ਮੇਲ ਖਾਂਦੀ ਹੈ। 'ਚਤੁਰੰਗ' ਦਾ ਭਾਵ ਹੁੰਦਾ ਹੈ ਚਾਰ ਭਾਗ। ਇਹ ਨਾਮ ਕਿਸੇ ਵੀ ਫ਼ੌਜ ਦੇ ਚਾਰ ਭਾਗਾਂ ਵੱਲ ਇਸ਼ਾਰਾ ਕਰਦਾ ਹੈ ਜਿਵੇਂ ਕਿ ਪੈਦਲ ਫ਼ੌਜ,ਘੋੜਿਆਂ ਵਾਲੀ ਫ਼ੌਜ,ਹਾਥੀਆਂ ਵਾਲੀ ਫ਼ੌਜ ਅਤੇ ਫ਼ੌਜ ਦਾ ਚੌਥਾ ਭਾਗ ਰਥ 'ਤੇ ਸਵਾਰ ਰਾਜਾ, ਰਾਣੀ, ਸੈਨਾ ਪ੍ਰਮੁੱਖ ਜਾਂ ਹੋਰ ਵੱਡੇ ਅਧਿਕਾਰੀਆਂ ਨੂੰ ਸ਼ਾਮਿਲ ਕਰਦਾ ਹੈ।**

ਸਾਲ 2024 ਵਿਚ ਡੀ.ਗੁਕੇਸ਼ ਨਾਮਕ ਭਾਰਤੀ ਖਿਡਾਰੀ ਨੇ 'ਵਿਸ਼ਵ ਚੈਂਪੀਅਨ' ਬਣਨ ਦਾ ਸ਼ਰਫ਼ ਹਾਸਿਲ ਕੀਤਾ ਸੀ ਜਦੋਂ ਕਿ ਇਸ ਤੋਂ ਪਹਿਲਾਂ ਉਹ ਤਿੰਨ ਵਾਰ 'ਚਾਈਨੀਜ਼ ਚੈੱਸ ਚੈਂਪੀਅਨ' ਰਹਿ ਚੁੱਕਾ ਸੀ। ਉਸਨੇ ਵਿਸ਼ਵ ਚੈਂਪੀਅਨਸ਼ਿਪ ਮੁਕਾਬਲੇ ਵਿਚ ਪਿਛਲੀ ਵਾਰ ਦੇ ਵਿਸ਼ਵ ਚੈਂਪੀਅਨ ਡਿੰਗ ਲਿਰੇਨ ਨੂੰ ਮਾਤ ਦਿੱਤੀ ਸੀ। ਜ਼ਿਕਰਯੋਗ ਹੈ ਕਿ ਮੈਗਨਸ ਕਾਰਲਸਨ ਨਾਮਕ ਖਿਡਾਰੀ ਸਾਲ 2013 ਤੋਂ 2023 ਤੱਕ ਵਿਸ਼ਵ ਚੈਂਪੀਅਨ ਰਿਹਾ ਸੀ ਤੇ ਸਾਲ 2023 ਵਿਚ ਉਸਨੇ ਇਹ ਖ਼ਿਤਾਬ ਹਾਸਿਲ ਕਰਨ ਦਾ ਮੌਕਾ ਡਿੰਗ ਲਿਰੇਨ ਨੂੰ ਪ੍ਰਦਾਨ ਕਰ ਦਿੱਤਾ ਸੀ। ਭਾਰਤੀ ਖਿਡਾਰੀ ਵਿਸ਼ਵਨਾਥਨ ਅਨੰਦ ਪੰਜ ਵਾਰ 'ਵਿਸ਼ਵ ਸ਼ਤਰੰਜ ਚੈਂਪੀਅਨਸ਼ਿਪ' ਜਿੱਤ ਕੇ ਦੁਨੀਆਂ ਭਰ ਵਿਚ ਭਾਰਤ ਦਾ ਡੰਕਾ ਵਜਾ ਚੁੱਕਾ ਹੈ। ਉਹ ਸੰਨ 1988 ਵਿਚ ਭਾਰਤ ਨਾਲ ਸਬੰਧਿਤ ਵਿਸ਼ਵ ਦਾ 'ਸਭ ਤੋਂ ਪਹਿਲਾ ਗਰੈਂਡ ਮਾਸਟਰ' ਹੋਣ ਦਾ ਸ਼ਰਫ਼ ਵੀ ਹਾਸਿਲ ਕਰ ਚੁੱਕਾ ਹੈ। ਉਸਨੂੰ 'ਪਦਮ ਸ੍ਰੀ','ਪਦਮ ਭੂਸ਼ਣ','ਪਦਮ ਵਿਭੂਸ਼ਣ', 'ਅਰਜੁਨ ਪੁਰਸਕਾਰ','ਰਾਜੀਵ ਗਾਂਧੀ ਖੇਲ ਰਤਨ ਪੁਰਸਕਾਰ' ਅਤੇ 'ਚੈੱਸ ਆਸਕਰ' ਆਦਿ ਜਿਹੇ ਵੱਕਾਰੀ ਸਨਮਾਨਾਂ ਨਾਲ ਨਿਵਾਜ਼ਿਆ ਜਾ ਚੁੱਕਾ ਹੈ।



ਇਥੇ ਹੀ ਬਸ ਨਹੀਂ ਸੁਬਰਾਮਣੀਅਮ ਵਿਜੇਲਕਸ਼ਮੀ ਉਹ ਪਹਿਲੀ ਭਾਰਤੀ ਖਿਡਾਰਨ ਹੈ ਜਿਸਨੇ ਸ਼ਤਰੰਜ ਵਿਚ 'ਇੰਟਰਨੈਸ਼ਨਲ ਮਾਸਟਰ' ਅਤੇ 'ਮਹਿਲਾ ਗ੍ਰੈਂਡਮਾਸਟਰ' ਦੇ ਖ਼ਿਤਾਬ ਆਪਣੇ ਨਾਂ ਕਰਨ ਵਿਚ ਕਾਮਯਾਬੀ ਹਾਸਿਲ ਕੀਤੀ ਸੀ। ਉਸਦੇ ਵਾਂਗ ਹੀ ਕੇ.ਹੰਪੀ, ਹਰਿਕਾ ਦ੍ਰੋਣਾਵਲੀ,ਤਾਨੀਆ ਸਹਿਦੇਵ ਅਤੇ ਦਿਵਿਆ ਦੇਸ਼ਮੁਖ ਨਾਮਕ ਭਾਰਤੀ ਖਿਡਾਰਨਾਂ ਵੀ 'ਗ੍ਰੈਂਡਮਾਸਟਰ' ਜਾਂ 'ਮਹਿਲਾ ਗ੍ਰੈਂਡਮਾਸਟਰ' ਦੇ ਖ਼ਿਤਾਬ ਹਾਸਿਲ ਕਰਕੇ ਦੇਸ਼ ਦਾ ਮਾਣ ਵਧਾ ਚੁੱਕੀਆਂ ਹਨ। ਉਸ ਤੋਂ ਇਲਾਵਾ ਭਾਰਤ ਦੇ ਜਿਨ ਾ ਕੁਝ ਹੋਰ ਹੋਣਹਾਰ ਖਿਡਾਰੀਆਂ ਨੇ ਸ਼ਤਰੰਜ ਦੀ ਖੇਡ ਵਿਚ ਭਾਰਤ ਦਾ ਮਾਣ ਦੂਣ-ਸਵਾਇਆ ਕੀਤਾ ਹੈ,ਉਨ ਾ ਵਿਚ ਅਰਜੁਨ ਐਰੀਗੈਸੀ, ਰਮੇਸ਼ ਬਾਬੂ ਪ੍ਰਗਨਾਨੰਦ, ਪੀ.ਹਰੀਕ੍ਰਿਸ਼ਨਾ, ਵਿਦਿਤ ਗੁਜਰਾਤੀ, ਵੈਸ਼ਾਲੀ ਰਮੇਸ਼ ਬਾਬੂ, ਕ੍ਰਿਸ਼ਨਨ ਸ਼ਸ਼ੀਕਰਣ, ਨਿਹਾਲ ਸਰੀਨ, ਵੰਤਿਕਾ ਸਚਦੇਵ,ਪਦਮਿਨੀ ਰਾਵਤ,ਸੂਰਿਆ ਸ਼ੇਖ਼ਰ ਗਾਂਗੁਲੀ ਅਤੇ ਐਸ.ਐਲ.ਨਾਰਾਇਣਨ ਆਦਿ ਸਣੇ ਕਈ ਹੋਰ ਖਿਡਾਰੀ ਵੀ ਸ਼ਾਮਿਲ ਹਨ। ਇਸੇ ਤਰ ਾਂ ਜੇਕਰ ਵਿਸ਼ਵ ਪੱਧਰ 'ਤੇ ਇਸ ਖੇਡ ਵਿਚ ਨਾਮਣਾ ਖੱਟਣ ਵਾਲੇ ਮਹਾਨ ਖਿਡਾਰੀਆਂ ਦੀ ਗੱਲ ਕੀਤੀ ਜਾਵੇ ਤਾਂ ਗੈਰੀ ਕਾਸਪਰੋਵ, ਮੈਗਨਸ ਕਾਰਲਸਨ, ਬੌਬੀ ਫ਼ਿਸ਼ਰ,ਐਂਤਲੀ ਕਾਰਪੋਵ, ਮਿਖ਼ਾਇਲ ਬੌਤਵਿਨਿਕ, ਵਲਾਦੀਮੀਰ ਕ੍ਰੈਮਨਿਕ, ਐਗਜ਼ੈਂਡਰ ਐਲੇਕਾਈਨ, ਪੌਲ ਮਰਫ਼ੀ, ਲਿਵੋਨ ਆਰੋਨੀਅਨ, ਫ਼ੈਬੀਆਨੋ ਕੈਰੋਆਨਾ, ਐਲਗਜ਼ੈਂਡਰ ਗ੍ਰਿਸਚੁੱਕ, ਵੈਸਲੀਨ ਤੋਪਾਲੋਵ ਅਤੇ ਵੈਜ਼ਲੀ ਸੋਅ ਜਿਹੇ ਖਿਡਾਰੀਆਂ ਦੇ ਨਾਂ ਸ਼ਾਮਿਲ ਹਨ।

ਕੁਝ ਖੇਡ ਇਤਿਹਾਸਕਾਰਾਂ ਦਾ ਵਿਚਾਰ ਹੈ ਕਿ ਸ਼ਤਰੰਜ ਦੀ ਖੇਡ ਦਾ ਮੁਹਾਂਦਰਾ ਤੇ ਖੇਡ ਵਿਧੀ ਜਾਂ ਸ਼ੈਲੀ ਛੇਵੀਂ ਸਦੀ ਤੋਂ ਪਹਿਲਾਂ ਭਾਰਤ ਵਿਚ ਖੇਡੀ ਜਾਂਦੀ ਖੇਡ 'ਚਤੁਰੰਗ' ਨਾਲ ਕਾਫੀ ਮੇਲ ਖਾਂਦੀ ਹੈ। 'ਚਤੁਰੰਗ' ਦਾ ਭਾਵ ਹੁੰਦਾ ਹੈ ਚਾਰ ਭਾਗ।ਇਹ ਨਾਮ ਕਿਸੇ ਵੀ ਫ਼ੌਜ ਦੇ ਚਾਰ ਭਾਗਾਂ ਵੱਲ ਇਸ਼ਾਰਾ ਕਰਦਾ ਹੈ ਜਿਵੇਂ ਕਿ ਪੈਦਲ ਫ਼ੌਜ,ਘੋੜਿਆਂ ਵਾਲੀ ਫ਼ੌਜ,ਹਾਥੀਆਂ ਵਾਲੀ ਫ਼ੌਜ ਅਤੇ ਫ਼ੌਜ ਦਾ ਚੌਥਾ ਭਾਗ ਰਥ 'ਤੇ ਸਵਾਰ ਰਾਜਾ,ਰਾਣੀ,ਸੈਨਾ ਪ੍ਰਮੁੱਖ ਜਾਂ ਹੋਰ ਵੱਡੇ ਅਧਿਕਾਰੀਆਂ ਨੂੰ ਸ਼ਾਮਿਲ ਕਰਦਾ ਹੈ। ਪੁਰਾਤਨ ਰੂਪ ਵਿਚ ਇਹ ਖੇਡ ਚਾਰ ਖਿਡਾਰੀਆਂ ਦੁਆਰਾ ਖੇਡੀ ਜਾਂਦੀ ਸੀ ਜਿਸ ਕਰਕੇ ਇਸਨੂੰ 'ਚਤੁਰੰਗ' ਨਾਮ ਦਿੱਤਾ ਗਿਆ ਸੀ ਜੋ ਸਮਾਂ ਬੀਤਣ ਨਾਲ 'ਸ਼ਤਰੰਜ' ਸ਼ਬਦ ਵਿਚ ਤਬਦੀਲ ਹੋ ਗਿਆ ਸੀ। ਭਾਰਤ ਤੋਂ ਇਹ ਖੇਡ ਛੇਵੀਂ ਸਦੀ ਵਿਚ ਪਰਸ਼ੀਆ ਭਾਵ ਈਰਾਨ ਵੱਲ ਚਲੀ ਗਈ ਸੀ। ਛੇਵੀਂ ਸਦੀ ਦੇ ਇਕ ਇਤਿਹਾਸਕ ਹਵਾਲੇ ਤੋਂ ਪਤਾ ਲੱਗਦਾ ਹੈ ਕਿ ਈਰਾਨ ਦੇ ਬਾਦਸ਼ਾਹ ਖ਼ੁਰਸਾਅ ਦੇ ਸੰਨ 521 ਤੋਂ 579 ਤੱਕ ਦੇ ਜੀਵਨ ਕਾਲ ਦੌਰਾਨ ਭਾਰਤ ਤੋਂ ਇਕ ਰਾਜਦੂਤ ਈਰਾਨ ਗਿਆ ਸੀ ਜਿਸਨੇ ਤੋਹਫ਼ੇ ਵਜੋਂ ਇਹ ਖੇਡ ਰਾਜਾ ਨੂੰ ਭੇਂਟ ਕੀਤੀ ਸੀ ਤੇ ਬਾਅਦ ਵਿਚ ਜਦੋਂ ਅਰਬ ਦੇਸ਼ ਦੇ ਲੋਕਾਂ ਨੇ ਈਰਾਨ 'ਤੇ ਜਿੱਤ ਹਾਸਿਲ ਕਰਕੇ ਉਸ ਉੱਤੇ ਕਬਜ਼ਾ ਕਰ ਲਿਆ ਤਾਂ ਥੋੜ੍ਹੇ-ਬਹੁਤ ਹੀ ਪਰਿਵਰਤਨਾਂ ਸਹਿਤ ਇਹ ਖੇਡ ਉਨ ਾ ਦੇ ਹੱਥਾਂ ਵਿਚ ਚਲੀ ਗਈ। ਮੁਸਲਮਾਨਾਂ ਨੇ ਇਸ ਖੇਡ ਨੂੰ ਸੰਨ 1000 ਤੱਕ ਦੱਖਣੀ ਯੂਰਪ ਤੱਕ ਫੈਲਾਅ ਦਿੱਤਾ ਸੀ ਤੇ ਫਿਰ ਮੱਧ ਯੁਗ 'ਚੋਂ ਗੁਜ਼ਰਦੀ ਹੋਈ ਇਹ ਦਿਲਚਸਪ ਦਿਮਾਗੀ ਖੇਡ ਅਜੋਕੇ ਰੂਪ ਵਿਚ 15ਵੀਂ ਸ਼ਤਾਬਦੀ ਅੰਦਰ ਲੱਖਾਂ ਲੋਕਾਂ ਦੀ ਪਸੰਦ ਬਣ ਚੁੱਕੀ ਸੀ।

**ਪਰਮਜੀਤ ਸਿੰਘ ਨਿੱਕੇ ਘੁੰਮਣ**
**410,ਚੰਦਰ ਨਗਰ, ਬਟਾਲਾ।**
**ਮੋਬਾ :97816-46008**

# ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਲੁਧਿਆਣਾ ਵੱਲੋਂ ਵਿਸ਼ੇਸ਼ ਲੋਕ ਅਦਾਲਤ ਆਯੋਜਿਤ

ਜ਼ਿਕਰ ਪੰਜਾਬ

**ਲੁਧਿਆਣਾ/ਧੀਮਾਨ**

ਮਾਨਯੋਗ ਜ਼ਿਲ੍ਹਾ ਅਤੇ ਸੈਸ਼ਨਜ਼ ਜੱਜ-ਕਮ-ਚੇਅਰਪਰਸਨ, ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਲੁਧਿਆਣਾ ਮੈਡਮ ਹਰਪ੍ਰੀਤ ਕੌਰ ਰੰਧਾਵਾ ਦੀ ਯੋਗ ਅਗਵਾਈ ਅਤੇ ਸ਼?ਰੀ ਹਿਮਾਂਸ਼ੂ ਅਰੋੜਾ, ਸਕੱਤਰ, ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਲੁਧਿਆਣਾ ਦੀ ਨਿਗਰਾਨੀ ਹੇਠ ਅੱਜ ਮਿਤੀ 18.07.2026 ਨੂੰ ਜ਼ਿਲ੍ਹਾ ਅਦਾਲਤਾਂ, ਲੁਧਿਆਣਾ ਵਿਖੇ ਧਾਰਾ 138 ਨੈਗੋਸ਼ਿਏਬਲ ਇੰਸਟਰੂਮੈਂਟਸ ਐਕਟ ਨਾਲ ਸੰਬੰਧਿਤ ਮਾਮਲਿਆਂ ਦੇ ਨਿਪਟਾਰੇ ਲਈ ਵਿਸ਼ੇਸ਼ ਲੋਕ ਅਦਾਲਤ ਦਾ ਆਯੋਜਨ ਕੀਤਾ ਗਿਆ। ਇਸ ਵਿਸ਼ੇਸ਼ ਲੋਕ ਅਦਾਲਤ ਲਈ ਜ਼ਿਲ੍ਹਾ ਪੱਧਰ 'ਤੇ 17 ਬੈਂਚਾਂ ਅਤੇ ਉਪ ਮੰਡਲ ਪੱਧਰ (ਜਗਰਾਉਂ, ਖੰਨਾ, ਸਮਰਾਲਾ ਅਤੇ ਪਾਇਲ) ਵਿਖੇ 8 ਬੈਂਚਾਂ ਦਾ ਗਠਨ ਕੀਤਾ ਗਿਆ, ਜਿਨ੍ਹਾਂ ਵੱਲੋਂ ਚੈਕ ਬਾਊਂਸ ਨਾਲ ਸੰਬੰਧਿਤ ਮਾਮਲਿਆਂ ਦਾ ਆਪਸੀ ਸਹਿਮਤੀ ਅਤੇ ਰਾਜ਼ੀਨਾਮੇ ਰਾਹੀਂ ਨਿਪਟਾਰਾ ਕਰਨ ਲਈ ਯਤਨ ਕੀਤੇ ਗਏ। ਇਸ ਲੋਕ ਅਦਾਲਤ ਦੌਰਾਨ 8894 ਕੇਸਾਂ ਦੀ ਸੁਣਵਾਈ ਕੀਤੀ ਗਈ ਜਿਨ੍ਹਾਂ ਵਿੱਚੋ 3619 ਕੇਸਾਂ ਦਾ ਨਿਪਟਾਰਾ ਕੀਤਾ ਗਿਆ ਅਤੇ 66,13,27715 ਰੁਪਏ ਦੇ ਐਵਾਰਡ ਪਾਸ ਕੀਤੇ ਗਏ। ਇਸ ਵਿਸ਼ੇਸ਼ ਲੋਕ ਅਦਾਲਤ ਦਾ ਮੁੱਖ ਉਦੇਸ਼ ਚੈਕ ਬਾਊਂਸ ਨਾਲ ਸੰਬੰਧਿਤ ਲੰਬਿਤ ਮਾਮਲਿਆਂ ਦਾ ਜਲਦ, ਸਸਤੇ ਅਤੇ ਪ੍ਰਭਾਵਸ਼ਾਲੀ ਢੰਗ ਨਾਲ ਨਿਪਟਾਰਾ ਕਰਵਾਉਣਾ ਸੀ, ਤਾਂ ਜੋ ਮੁਕੱਦਮੇਬਾਜ਼ਾਂ ਦਾ ਸਮਾਂ ਅਤੇ ਧਨ ਦੋਵਾਂ ਦੀ ਬਚਤ ਹੋ ਸਕੇ ਅਤੇ ਅਦਾਲਤਾਂ ਵਿੱਚ ਲੰਬਿਤ ਕੇਸਾਂ ਦੀ ਗਿਣਤੀ ਵਿੱਚ ਕਮੀ ਆ ਸਕੇ। ਇਸ ਮੌਕੇ ਪੱਖਕਾਰਾਂ ਨੂੰ ਲੋਕ ਅਦਾਲਤ ਰਾਹੀਂ ਸਮਝੌਤੇ ਨਾਲ ਮਾਮਲੇ ਨਿਪਟਾਉਣ ਦੇ ਲਾਭਾਂ ਬਾਰੇ ਜਾਣੂ ਕਰਵਾਇਆ ਗਿਆ ਅਤੇ ਵੱਧ ਤੋਂ ਵੱਧ ਮਾਮਲਿਆਂ ਦਾ ਆਪਸੀ ਸਹਿਮਤੀ ਨਾਲ ਨਿਪਟਾਰਾ ਕਰਨ ਲਈ ਪ੍ਰੇਰਿਤ ਕੀਤਾ ਗਿਆ। ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਲੁਧਿਆਣਾ ਵੱਲੋਂ ਸਮੂਹ ਲੋਕਾਂ ਨੂੰ ਅਪੀਲ ਕੀਤੀ ਗਈ ਕਿ ਉਹ ਆਪਣੇ ਯੋਗ ਮਾਮਲਿਆਂ ਦਾ ਨਿਪਟਾਰਾ ਲੋਕ ਅਦਾਲਤਾਂ ਰਾਹੀਂ ਕਰਵਾ ਕੇ ਸਮਾਂ, ਧਨ ਅਤੇ ਮਿਹਨਤ ਦੀ ਬਚਤ ਕਰਨ ਅਤੇ ਵਿਕਲਪਿਕ ਵਿਵਾਦ ਨਿਪਟਾਰਾ ਪ੍ਰਣਾਲੀ ਦਾ ਵੱਧ ਤੋਂ ਵੱਧ ਲਾਭ ਉਠਾਉਣ।



ਇਸ ਤੋਂ ਇਲਾਵਾ ਇਹ ਵੀ ਦੱਸਿਆ ਗਿਆ ਕਿ ਧਾਰਾ 138 ਨੈਗੋਸ਼ਿਏਬਲ ਇੰਸਟਰੂਮੈਂਟਸ ਐਕਟ ਨਾਲ ਸੰਬੰਧਿਤ ਮਾਮਲਿਆਂ ਦੇ ਨਿਪਟਾਰੇ ਲਈ ਅਗਲੀ ਸਪੈਸ਼ਲ ਲੋਕ ਅਦਾਲਤ 21.11.2026 ਨੂੰ ਲੱਗਣ ਜਾ ਰਹੀ ਹੈ ਜਿਸ ਵਿੱਚ ਲੋਕਾਂ ਨੂੰ ਇਸ ਸਪੈਸ਼ਲ ਲੋਕ ਅਦਾਲਤ ਦਾ ਵੱਧ ਤੋਂ ਵੱਧ ਲਾਭ ਲੈਣ ਦੀ ਵੀ ਅਪੀਲ ਕੀਤੀ ਗਈ। ਮੈਡਮ ਹਰਪ੍ਰੀਤ ਕੌਰ ਰੰਧਾਵਾ, ਮਾਨਯੋਗ ਜ਼ਿਲ੍ਹਾ ਅਤੇ ਸੈਸ਼ਨਜ਼ ਜੱਜ-ਕਮ-ਚੇਅਰਪਰਸਨ, ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਲੁਧਿਆਣਾ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਮਿਤੀ 12.09.2026 ਨੂੰ ਕੌਮੀ ਲੋਕ ਅਦਾਲਤ ਦਾ ਆਯੋਜਨ ਵੀ ਕੀਤਾ ਜਾ ਰਿਹਾ ਹੈ, ਜਿਸ ਵਿੱਚ ਸਭ ਤਰ੍ਹਾਂ ਦੇ ਪ੍ਰੀ-ਲੀਟੀਗੇਟਿਵ, ਪੈਂਡਿੰਗ (ਸਿਵਲ, ਕ੍ਰਿਮਨਲ) ਆਦਿ ਕੇਸਾਂ ਦਾ ਨਿਪਟਾਰਾ ਦੋਵੇਂ ਪਾਰਟੀਆਂ ਦੀ ਆਪਸੀ ਰਜਾਮੰਦੀ ਨਾਲ ਕਰਵਾਇਆ ਜਾਵੇਗਾ। ਉਨ੍ਹਾਂ ਲੋਕਾਂ ਨੂੰ ਅਪੀਲ ਕੀਤੀ ਕਿ ਇਸ ਲੋਕ ਅਦਾਲਤ ਦਾ ਵੱਧ ਤੋਂ ਵੱਧ ਲਾਭ ਲਿਆ ਜਾਵੇ। ਸ੍ਰੀ ਹਿਮਾਂਸ਼ੂ ਅਰੋੜਾ, ਚੀਫ ਜੁਡੀਸ਼ੀਅਲ ਮੈਜਿਸਟਰੇਟ-ਕਮ-ਸਕੱਤਰ, ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਲੁਧਿਆਣਾ ਨੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਮਾਨਯੋਗ ਸੁਪਰੀਮ ਕੋਰਟ ਵਿਖੇ ਸਮਾਧਾਨ ਸਮਾਰੋਹ ਅਧੀਨ ਮਿਤੀ 21, 22 ਅਤੇ 23 ਅਗਸਤ, 2026 ਨੂੰ ਸਪੈਸ਼ਲ ਲੋਕ ਅਦਾਲਤ ਦਾ ਆਯੋਜਨ ਕੀਤਾ ਜਾ ਰਿਹਾ ਹੈ ਜਿਸ ਅਧੀਨ ਜਿਲ੍ਹਾ ਲੁਧਿਆਣਾ ਨਾਲ ਸਬੰਧਤ ਕੁੱਲ 547 ਕੇਸ ਪ੍ਰਾਪਤ ਹੋਏ ਹਨ ਅਤੇ ਇਨ੍ਹਾ ਕੇਸਾਂ ਵਿੱਚ ਪਾਰਟੀਆਂ ਨੂੰ ਨੋਟਿਸ ਭੇਜੇ ਗਏ ਹਨ ਤਾਂ ਜੋ ਮੀਡੀਏਸ਼ਨ ਸੈਂਟਰ ਲੁਧਿਆਣਾ ਵਿਖੇ ਕੇਸਾਂ ਦਾ ਨਿਪਟਾਰਾ ਕਰਨ ਦੀ ਕੋਸ਼ਿਸ਼ ਕੀਤੀ ਜਾ ਸਕੇ।

# ਲੁਧਿਆਣਾ ਫਸਟ ਕਲੱਬ ਨੇ ਮਨਾਈ ਸਿਲਵਰ ਜੁਬਲੀ

**• ਬਾਵਾ, ਡਾ. ਜਸਵੰਤ, ਅਰੋੜਾ ਦਾ ਲੁਧਿਆਣਾ ਰਤਨ ਐਵਾਰਡ ਨਾਲ ਕੀਤਾ ਵਿਸ਼ੇਸ਼ ਸਨਮਾਨ • ਐਨ. ਐਸ. ਨੰਦਾ, ਗੁਪਤਾ, ਭਿੰਡਰ, ਠਕੁਰਾਲ, ਟੋਨੀ ਦੀਆਂ ਸੇਵਾਵਾਂ ਨੂੰ ਕੀਤਾ ਯਾਦ**

ਜ਼ਿਕਰ ਪੰਜਾਬ

**ਲੁਧਿਆਣਾ/ਇੰਦਰਜੀਤ**

ਲੁਧਿਆਣਾ ਫਸਟ ਕਲੱਬ ਦੀ ਵਿਸ਼ੇਸ਼ ਇਕੱਤਰਤਾ ਪਾਮਕੋਰਟ ਹੋਟਲ ਵਿਖੇ ਹੋਈ ਜਿਸ ਵਿੱਚ ਸਮੂਹ ਮੈਂਬਰਾਂ ਨੇ ਹਿੱਸਾ ਲਿਆ ਅਤੇ ਕਲੱਬ ਦੇ ਸਿਲਵਰ ਜੁਬਲੀ ਸਮਾਗਮ ਦੀਆਂ ਖੁਸ਼ੀਆਂ ਸਾਂਝੀਆਂ ਕਰਨ ਤੋਂ ਪਹਿਲਾਂ ਵਿਛੜੀਆਂ ਸ਼ਖਸ਼ੀਅਤਾਂ ਐੱਸ.ਕੇ ਗੁਪਤਾ, ਮੇਜਰ ਭਿੰਡਰ, ਭੂਸ਼ਣ ਠੁਕਰਾਲ, ਐਨ.ਐੱਸ ਨੰਦਾ ਅਤੇ ਟੋਨੀ ਦੀਆਂ ਸੇਵਾਵਾਂ ਨੂੰ ਯਾਦ ਕੀਤਾ। ਇਸ ਸਮੇਂ ਸਿਆਸੀ ਸਮਾਜਿਕ ਅਤੇ ਸਭਿਆਚਾਰਕ ਖੇਤਰ ਵਿੱਚ ਵੱਖਰੀ ਪਹਿਚਾਣ ਰੱਖਣ ਵਾਲੇ ਕ੍ਰਿਸ਼ਨ ਕੁਮਾਰ ਬਾਵਾ, ਪ੍ਰਸ਼ਾਸਨਿਕ ਖੇਤਰ ਵਿੱਚ ਵਿਲੱਖਣ ਸੇਵਾ ਨਿਭਾਉਣ ਵਾਲੇ ਕਮਿਸ਼ਨਰ ਕਾਰਪੋਰੇਸ਼ਨ ਪਟਿਆਲਾ ਰਹੇ ਅਤੇ ਲੁਧਿਆਣਾ ਵਿੱਚ ਸਰਵਿਸ ਸਮੇਂ ਦੋਸਤੀ ਦਾ ਰਿਸ਼ਤਾ ਵਿਸ਼ਾਲ ਕਰਨ ਵਾਲੇ ਡਾ. ਜਸਵੰਤ ਸਿੰਘ ਅਤੇ ਐੱਸ.ਕੇ ਗੁਪਤਾ ਤੋਂ ਬਾਅਦ ਲੁਧਿਆਣਾ ਫਸਟ ਕਲੱਬ ਦੀਆਂ ਸਮੁੱਚੇ ਪ੍ਰਬੰਧਾਂ ਦੀਆਂ ਜਿੰਮੇਵਾਰੀਆਂ ਨਿਭਾਉਣ ਵਾਲੇ ਸਮਾਜ ਸੇਵੀ ਅਸ਼ਵਨੀ ਅਰੋੜਾ ਨੂੰ ਲੁਧਿਆਣਾ ਰਤਨ ਐਵਾਰਡ ਦੇ ਕੇ ਸਨਮਾਨਿਤ ਕੀਤਾ ਗਿਆ। ਇਸ ਸਮੇਂ ਡਾ. ਰੋਹਿਤ ਦੱਤਾ, ਗੁਰਿੰਦਰ ਕੈਰੋਂ ਅਤੇ ਡਾ. ਏ.ਐੱਸ ਚਾਵਲਾ ਵੱਲੋਂ ਸਤਲੁਜ ਕਲੱਬ ਦੇ ਜਨਰਲ ਸੈਕਟਰੀ ਹੋਣ ਸਮੇਂ ਭਾਈਚਾਰਕ ਸਾਂਝ ਨੂੰ ਮਜਬੂਤ ਕਰਦੇ ਹੋਏ ਨਿਭਾਈਆਂ ਜਿੰਮੇਵਾਰੀਆਂ ਨੂੰ ਅਤੇ ਕੀਤੇ ਕੰਮਾਂ ਦੀ ਸਲਾਘਾ ਕੀਤੀ ਗਈ।



ਇਸ ਸਮੇਂ ਸ਼੍ਰੀ ਬਾਵਾ ਨੇ ਕਿਹਾ ਕਿ ਪੰਜਾਬੀਆਂ ਦਾ ਮਾਣ ਵੀਰ ਚੱਕਰ ਵਿਜੇਤਾ ਕਰਨਲ ਹਰਬੰਤ ਸਿੰਘ ਕਾਹਲੋ. ਆਰਮੀ ਵਿੱਚ ਨਿਧੜਕ ਹੋ ਕੇ ਸੇਵਾ ਨਿਭਾਉਣ ਵਾਲੇ ਮੇਜਰ ਆਈ.ਐੱਸ ਸੰਧੂ, ਡੀ.ਐੱਸ ਮਲਹੋਤਰਾ, ਰਿਟਾ. ਐੱਸ.ਈ ਕਾਰਪੋਰੇਸ਼ਨ ਲੁਧਿਆਣਾ ਸਮਾਜਸੇਵੀ ਮਹਿੰਦਰ ਸਿੰਘ ਇਰੋਜ ਅਤੇ ਕ੍ਰਿਸ਼ਨ ਕਾਂਸਲ ਜੋ ਲੁਧਿਆਣਾ ਫਸਟ ਕਲੱਬ ਦੇ ਬਾਨੀ ਹਨ, ਆਰ. ਐੱਸ ਖੋਖਰ ਰਿਟਾ. ਜੱਜ ਅਤੇ ਜੋਗਾ ਸਿੰਘ ਮਾਨ ਉੱਘੇ ਸਨਤਕਾਰ ਨੂੰ ਲੁਧਿਆਣਾ ਫਸਟ ਕਲੱਬ ਦੇ ਸੱਤ ਸਿਤਾਰਿਆਂ ਦੀ ਸੂਚੀ ਵਿੱਚ ਸ਼ਾਮਿਲ ਕੀਤਾ ਗਿਆ। ਇਸ ਸਮੇਂ ਬੋਲਦੇ ਵੱਖ-ਵੱਖ ਮੈਂਬਰਾਂ ਬਾਵਾ, ਡਾ. ਜਸਵੰਤ ਸਿੰਘ, ਮੇਜਰ ਭੰਬ, ਆਰ.ਐੱਸ ਖੋਖਰ, ਮਹਿੰਦਰ ਸਿੰਘ ਨੇ ਕਿਹਾ ਕਿ ਲੁਧਿਆਣਾ ਫਸਟ ਕਲੱਬ ਨੇ ਜੋ ਰਿਸ਼ਤਿਆਂ ਦੀਆਂ ਤੰਦਾਂ ਜੋੜੀਆਂ ਹਨ ਉਹ ਭਾਈਚਾਰਕ ਸਾਂਝ ਖੁਸ਼ੀਆਂ ਪ੍ਰਦਾਨ ਕਰਦੀਆਂ ਹਨ। ਜਨਮਦਿਨ ਮਨਾਉਣਾ, ਘੁੰਮਣ ਜਾਣਾ ਅਤੇ ਸਮਾਜਿਕ ਬੁਰਾਈਆਂ ਖਿਲਾਫ ਲੜਨਾ, ਟਰੈਫਿਕ ਦੀ ਸਮੱਸਿਆ ਤੋਂ ਲੋਕਾਂ ਨੂੰ ਜਾਗਰੂਕ ਕਰਨਾ, ਬੂਟੇ ਲਗਾਉਣੇ, ਇਤਿਹਾਸ ਨਾਲ ਜੋੜਨ ਦਾ ਉਪਰਾਲਾ ਕਰਨਾ, ਰੋਜਾਨਾ ਸਵੇਰੇ ਚਾਹ 'ਤੇ ਵਿਲੱਖਣ ਖੁਸ਼ੀਆਂ ਦਾ ਆਨੰਦ ਮਾਨਣਾ, ਇਹ ਸਭ ਸਾਡੇ ਮੈਂਬਰਾਂ ਦੇ ਹਿੱਸੇ ਆਉਂਦਾ ਹੈ। ਉਹਨਾਂ ਕਿਹਾ ਕਿ ਇਹ ਕੋਈ ਪਿਛਲੇ ਜਨਮ ਦਾ ਸੰਬੰਧ ਲੱਗਦਾ ਹੈ ਜੋ ਸਾਡੇ ਅੰਦਰ ਇੱਕ ਦੂਜੇ ਨੂੰ ਮਿਲਣ ਦੀ ਤਾਂਘ ਹੁੰਦੀ ਹੈ। ਇਹੀ ਸੱਚਾ ਰਿਸ਼ਤਾ ਹੈ। ਇਸ ਸਮੇਂ 89 ਦੀ ਉਮਰ ਵਿੱਚ 25 ਸਾਲ ਦੀ ਤਰ੍ਹਾਂ ਸਮਾਜ ਵਿੱਚ ਵਿਚਰਨ ਵਾਲੇ ਆਰਮੀ ਆਫਿਸਰ ਮੇਜਰ ਭੰਬ, ਰਿਟਾ. ਜੁਆਇੰਟ ਸੈਕਟਰੀ ਇੰਡ: ਪੰਜਾਬ ਸੁਰਿੰਦਰ ਸਿੰਘ ਬੇਦੀ, ਉੱਘੇ ਇੰਡਸਟਰੀਲਿਸਟ ਅਤੇ ਸਮਾਜਸੇਵੀ ਮੁਕੇਸ਼ ਸੂਦ, ਸਮਾਜਸੇਵੀ ਮਨਮੋਹਨ ਸਿੰਘ ਗਾਂਧੀ, ਰਿਟਾ. ਕਰਨਲ ਸਿੱਧੂ ਅੰਮ੍ਰਿਤਸਰ, ਰਿਟਾ. ਐੱਸ.ਸੀ ਮਨਪ੍ਰੀਤ ਚਾਹਲ, ਸਮਾਜਸੇਵੀ ਸਾਬਕਾ ਸਪੋਰਟਸ ਸੈਕਟਰੀ ਵਿਵੇਕ ਸ਼ਰਮਾ, ਯੂਥ ਨੇਤਾ ਮਿਲਣਸਾਰ ਚਿਹਰਾ ਪੰਕਜ ਪ੍ਰਭਾਕਰ, ਰਿਟਾ. ਆਫਿਸਰ ਕਾਰਪੋਰੇਸ਼ਨ ਲੁਧਿਆਣਾ ਐੱਸ.ਪੀ.ਐੱਸ ਕਾਲੜਾ, ਪ੍ਰੋ. ਸਤੀਸ਼ ਸ਼ਰਮਾ ਯੂ.ਐੱਸ.ਏ, ਸਮਾਜਸੇਵੀ ਵਿਨੋਦ ਤਲਵਾੜ ਅਤੇ ਸੀ.ਐੱਸ ਮਾਨ ਤੋਂ ਇਲਾਵਾ ਸਿੰਚਾਈ ਵਿਭਾਗ ਦੇ ਰਿਟਾ. ਐੱਸ.ਈ ਐਚ.ਐੱਸ ਅਰੋੜਾ ਅਤੇ ਲੁਧਿਆਣਾ ਵਿੱਚ ਜੋ ਕਿਸੇ ਪਹਿਚਾਣ ਦੇ ਮੁਹਤਾਜ ਨਹੀਂ ਉੱਘੇ ਦਾਨੀ ਹਸਮੁਖ ਸ਼ਖਸ਼ੀਅਤ ਨਮੇਸ਼ ਗੁਪਤਾ ਜੀ ਦਾ ਵਿਸ਼ੇਸ਼ ਧੰਨਵਾਦ ਕੀਤਾ ਜੋ ਹਮੇਸ਼ਾ ਸਮਾਜਿਕ ਰਿਸ਼ਤਿਆਂ ਨੂੰ ਮਜਬੂਤੀ ਪ੍ਰਦਾਨ ਕਰਦੇ ਹਨ, ਖੁਸ਼ੀਆਂ ਵੰਡਦੇ ਹਨ। ਇਸ ਸਮੇਂ ਸਰਬੱਤ ਦੇ ਭਲੇ ਦੀ ਅਰਦਾਸ ਕਰਦੇ ਹੋਏ ਲੰਮੀ ਉਮਰ ਅਤੇ ਸਿਹਤਯਾਬੀ ਲਈ ਪ੍ਰਭੂ ਤੋਂ ਮੰਗ ਕੀਤੀ।

# ਆਧਾਰ ਐਪ 40 ਮਿਲੀਅਨ ਡਾਊਨਲੋਡ ਦੇ ਪਾਰ, ਸੁਵਿਧਾਜਨਕ ਡਿਜੀਟਲ ਪਛਾਣ ਸੇਵਾਵਾਂ ਨੂੰ ਦੇ ਰਿਹਾ ਹੁਲਾਰਾ

ਜ਼ਿਕਰ ਪੰਜਾਬ

**ਨਵੀਂ ਦਿੱਲੀ/ਪੀ.ਆਈ.ਬੀ**

ਆਧਾਰ ਐਪ ਨੇ 40 ਮਿਲੀਅਨ (4 ਕਰੋੜ) ਡਾਊਨਲੋਡ ਦਾ ਇੱਕ ਮਹੱਤਵਪੂਰਨ ਮੀਲ ਪੱਥਰ ਪਾਰ ਕਰ ਲਿਆ ਹੈ, ਜੋ ਸੁਵਿਧਾਜਨਕ ਅਤੇ ਡਿਜੀਟਲ-ਪਹਿਲ ਪਛਾਣ ਸੇਵਾਵਾਂ ਵਿੱਚ ਨਿਵਾਸੀਆਂ ਦੇ ਵਧ ਰਹੇ ਭਰੋਸੇ ਨੂੰ ਰੇਖਾਂਕਿਤ ਕਰਦਾ ਹੈ। ਆਧਾਰ ਐਪ ਦੀ ਵਧ ਰਹੀ ਵਰਤੋਂ ਘਰ ਬੈਠੇ ਪਤਾ ਅਪਡੇਟ ਕਰਨ, ਮੋਬਾਈਲ ਨੰਬਰ ਅਪਡੇਟ, ਈਮੇਲ ਅਪਡੇਟ, ਬਾਇਓਮੈਟ੍ਰਿਕ ਲਾਕ/ਅਨਲਾਕ ਅਤੇ ਈ-ਆਧਾਰ ਡਾਊਨਲੋਡ ਸਮੇਤ ਆਧਾਰ ਨਾਲ ਜੁੜੀਆਂ ਸੇਵਾਵਾਂ ਦੀ ਇੱਕ ਵਿਸ਼ਾਲ ਸ਼੍ਰੇਣੀ ਤੱਕ ਪਹੁੰਚਣ ਲਈ ਇੱਕ ਵਨ-ਸਟਾਪ ਡਿਜੀਟਲ ਪਲੈਟਫਾਰਮ ਵਜੋਂ ਇਸਦੇ ਉਭਰਨ ਨੂੰ ਦਰਸਾਉਂਦੀ ਹੈ। ਆਪਣੇ ਲਾਂਚ ਦੇ ਬਾਅਦ ਤੋਂ, ਆਧਾਰ ਐਪ ਨੇ 11.65 ਲੱਖ ਪਤੇ ਦੇ ਅਪਡੇਟ ਦੀ ਸੁਵਿਧਾ ਪ੍ਰਦਾਨ ਕੀਤੀ ਹੈ, ਜਿਸ ਨਾਲ ਨਿਵਾਸੀ ਆਧਾਰ ਕੇਂਦਰ 'ਤੇ ਗਏ ਬਿਨਾਂ ਆਸਾਨੀ ਨਾਲ ਆਪਣੇ ਆਧਾਰ ਵੇਰਵਿਆਂ ਨੂੰ ਅਪਡੇਟ ਰੱਖ ਸਕਦੇ ਹਨ। ਇਸ ਐਪ ਨੇ ਲਗਭਗ 49 ਲੱਖ ਮੋਬਾਈਲ ਨੰਬਰ ਅਪਡੇਟ ਨੂੰ ਵੀ ਸਮਰੱਥ ਬਣਾਇਆ ਹੈ, ਜਿਸ ਨਾਲ ਨਿਵਾਸੀਆਂ ਨੂੰ ਆਪਣੇ ਆਧਾਰ ਨਾਲ ਜੁੜੇ ਸਹੀ ਸੰਪਰਕ ਵੇਰਵੇ ਬਣਾਏ ਰੱਖਣ ਵਿੱਚ ਮਦਦ ਮਿਲੀ ਹੈ। 1 ਜੁਲਾਈ ਨੂੰ ਈਮੇਲ ਅਪਡੇਟ ਸੁਵਿਧਾ ਸ਼ੁਰੂ ਹੋਣ ਤੋਂ ਬਾਅਦ, ਆਧਾਰ ਐਪ ਦੇ ਮਾਧਿਅਮ ਰਾਹੀਂ ਲਗਭਗ 12.5 ਲੱਖ ਈਮੇਲ ਪਤੇ ਜੋੜੇ ਜਾਂ ਅਪਡੇਟ ਕੀਤੇ ਗਏ ਹਨ, ਜਿਸ ਨਾਲ ਜਿੱਥੇ ਵੀ ਲਾਗੂ ਹੋਵੇ, ਨਿਵਾਸੀਆਂ ਅਤੇ ਯੂ. ਆਈ. ਡੀ. ਏ. ਆਈ. ਵਿਚਕਾਰ ਸੰਚਾਰ ਨੂੰ ਹੋਰ ਮਜ਼ਬੂਤੀ ਮਿਲੀ ਹੈ। ਇਹ ਸੁਵਿਧਾ, ਜਿਸਦੇ ਲਈ ਪਹਿਲਾਂ 75 ਰੁਪਏ ਦੀ ਫੀਸ ਲਈ ਜਾਂਦੀ ਸੀ, ਆਧਾਰ ਐਪ 'ਤੇ 31 ਦਸੰਬਰ 2026 ਤੱਕ ਮੁਫ਼ਤ ਕਰ ਦਿੱਤੀ ਗਈ ਹੈ। ਇਸ ਐਪ ਨੇ ਆਪਣੀ ਗੋਪਨੀਯਤਾ ਅਤੇ ਸੁਰੱਖਿਆ ਵਿਸ਼ੇਸ਼ਤਾਵਾਂ ਦੇ ਮਾਮਲੇ ਵਿੱਚ ਵੀ ਮਜ਼ਬੂਤ ਸਵੀਕਾਰਤਾ ਦੇਖੀ ਹੈ। ਨਿਵਾਸੀਆਂ ਨੇ ਬਾਇਓਮੈਟ੍ਰਿਕ ਲਾਕ/ਅਨਲਾਕ ਸੁਵਿਧਾ ਦੀ 19.1 ਮਿਲੀਅਨ (1.91 ਕਰੋੜ) ਤੋਂ ਵੱਧ ਵਾਰ ਵਰਤੋਂ ਕੀਤੀ ਹੈ। ਇਹ ਸੁਵਿਧਾ ਆਧਾਰ ਨੰਬਰ ਧਾਰਕਾਂ ਨੂੰ ਲੋੜ ਪੈਣ 'ਤੇ ਆਪਣੇ ਬਾਇਓਮੈਟ੍ਰਿਕਸ ਨੂੰ ਤੁਰੰਤ ਲਾਕ ਜਾਂ ਅਨਲਾਕ ਕਰਨ ਦੀ ਆਗਿਆ ਦੇ ਕੇ ਉਨ੍ਹਾਂ ਦੀ ਨਿੱਜੀ ਜਾਣਕਾਰੀ 'ਤੇ ਵਧੇਰੇ ਨਿਯੰਤਰਣ ਪ੍ਰਦਾਨ ਕਰਦੀ ਹੈ, ਜਿਸ ਨਾਲ ਸਿਰਫ਼ ਕੁਝ ਟੈਪਾਂ ਦੇ ਨਾਲ ਸੁਰੱਖਿਆ ਦੀ ਇੱਕ ਵਾਧੂ ਪਰਤ ਜੁੜ ਜਾਂਦੀ ਹੈ। ਆਧਾਰ ਐਪ ਨੂੰ ਆਧਾਰ ਨੰਬਰ ਧਾਰਕਾਂ ਨੂੰ ਆਪਣੀ ਪਛਾਣ ਦਿਖਾਉਣ, ਸਾਂਝੀ ਕਰਨ ਅਤੇ ਤਸਦੀਕ ਕਰਨ ਲਈ ਇੱਕ ਸੁਵਿਧਾਜਨਕ ਅਤੇ ਗੋਪਨੀਯਤਾ-ਪ੍ਰਥਮ ਤਰੀਕਾ ਪ੍ਰਦਾਨ ਕਰਨ ਲਈ ਡਿਜ਼ਾਈਨ ਕੀਤਾ ਗਿਆ ਹੈ।

# ਆਪ ਦੀ 'ਸਿੱਖਿਆ ਕ੍ਰਾਂਤੀ' ਸਿਰ.ਫ ਇਕ ਖੋਖਲਾ ਦਿਖਾਵਾ; ਸਰਕਾਰੀ ਸਕੂਲਾਂ ਵਿੱਚ ਮਿਡ-ਡੇ ਮੀਲ ਯੋਜਨਾ ਦਾ ਸੰਕਟ ਬੇਨਕਾਬ: ਪਵਨ ਦੀਵਾਨ

ਜ਼ਿਕਰ ਪੰਜਾਬ

**ਲੁਧਿਆਣਾ/ਇੰਦਰਜੀਤ**

ਜ਼ਿਲ੍ਹਾ ਕਾਂਗਰਸ ਕਮੇਟੀ ਲੁਧਿਆਣਾ (ਸ਼ਹਿਰੀ) ਦੇ ਸਾਬਕਾ ਪ੍ਰਧਾਨ ਅਤੇ ਪੰਜਾਬ ਲਾਰਜ ਇੰਡਸਟਰੀਅਲ ਡਿਵੈਲਪਮੈਂਟ ਬੋਰਡ ਦੇ ਸਾਬਕਾ ਚੇਅਰਮੈਨ ਪਵਨ ਦੀਵਾਨ ਨੇ ਆਮ ਆਦਮੀ ਪਾਰਟੀ ਸਰਕਾਰ ਦੀ 'ਸਿੱਖਿਆ ਕ੍ਰਾਂਤੀ' ਮੁਹਿੰਮ ਨੂੰ ਪੂਰੀ ਤਰ੍ਹਾਂ ਨਾਲ ਇਕ 'ਢਕੋਸਲਾ' ਕਰਾਰ ਦਿੱਤਾ ਹੈ। ਇੱਥੇ ਜਾਰੀ ਇੱਕ ਬਿਆਨ ਵਿੱਚ ਦੀਵਾਨ ਨੇ ਕਿਹਾ ਕਿ ਅਸਲੀਅਤ ਬਹੁਤ ਹੀ ਚਿੰਤਾਜਨਕ ਹੈ। ਉਨ੍ਹਾਂ ਨੇ ਖ਼ੁਲਾਸਾ ਕੀਤਾ ਕਿ ਮਈ ਮਹੀਨੇ ਤੋਂ ਲੁਧਿਆਣਾ ਦੇ ਸਰਕਾਰੀ ਸਕੂਲਾਂ ਨੂੰ ਨਾ ਤਾਂ ਮਿਡ-ਡੇ ਮੀਲ ਯੋਜਨਾ ਲਈ ਫੰਡ ਮਿਲੇ ਹਨ ਅਤੇ ਨਾ ਹੀ ਅਨਾਜ ਦੀ ਸਪਲਾਈ ਕੀਤੀ ਗਈ ਹੈ। ਦੀਵਾਨ ਨੇ ਕਿਹਾ ਕਿ ਇੱਕ ਪਾਸੇ ਮੌਜੂਦਾ ਸਰਕਾਰ 'ਸਿੱਖਿਆ ਕ੍ਰਾਂਤੀ' ਦੇ ਨਾਅਰੇ ਲਗਾ ਰਹੀ ਹੈ, ਜਦਕਿ ਦੂਜੇ ਹੱਥ ਸਕੂਲੀ ਬੱਚਿਆਂ ਲਈ ਬੇਹੱਦ ਅਹਿਮ ਮਿਡ-ਡੇ ਮੀਲ ਯੋਜਨਾ ਪ੍ਰਤੀ ਸਰਕਾਰ ਦਾ ਰਵੱਈਆ ਬਹੁਤ ਹੀ ਲਾਪਰਵਾਹੀ ਭਰਿਆ ਹੈ। ਉਨ੍ਹਾਂ ਨੇ ਜ਼ਿਕਰ ਕੀਤਾ ਕਿ ਬੱਚਿਆਂ ਨੂੰ ਪੌਸ਼ਟਿਕ ਭੋਜਨ ਮੁਹੱਈਆ ਕਰਵਾਉਣ ਅਤੇ ਸਕੂਲਾਂ ਵਿੱਚ ਹਾਜ਼ਰੀ ਵਧਾਉਣ ਲਈ ਬਣਾਈ ਗਈ ਇਹ ਯੋਜਨਾ ਸਰਕਾਰ ਦੀ ਬੇਰੁਖ਼ੀ ਦਾ ਸ਼ਿਕਾਰ ਬਣ ਰਹੀ ਹੈ। ਜੇਕਰ ਕੋਈ ਸਰਕਾਰ ਇੰਨੀ ਮਹੱਤਵਪੂਰਨ ਯੋਜਨਾ ਨੂੰ ਵੀ ਸਹੀ ਢੰਗ ਨਾਲ ਨਹੀਂ ਚਲਾ ਸਕਦੀ ਹੈ, ਤਾਂ ਇਹ ਪੰਜਾਬ ਦੀ ਸਿੱਖਿਆ ਪ੍ਰਣਾਲੀ ਦੀ ਅਸਲ ਤਸਵੀਰ ਨੂੰ ਪੇਸ਼ ਕਰਦਾ ਹੈ। ਇਸ ਲੜੀ ਹੇਠ, ਮੀਡੀਆ ਦੀਆਂ ਖਬਰਾਂ ਦਾ ਹਵਾਲਾ ਦਿੰਦੇ ਹੋਏ, ਦੀਵਾਨ ਨੇ ਕਿਹਾ ਕਿ ਸਰਕਾਰੀ ਸਕੂਲ ਮਿਡ-ਡੇ ਮੀਲ ਯੋਜਨਾ ਨੂੰ ਚਲਾਉਣ ਲਈ ਸਥਾਨਕ ਦੁਕਾਨਦਾਰਾਂ ਤੋਂ ਉਧਾਰ 'ਤੇ ਰਾਸ਼ਨ ਅਤੇ ਹੋਰ ਜ਼ਰੂਰੀ ਸਮਾਨ ਲੈਣ ਲਈ ਮਜਬੂਰ ਹੋ ਗਏ ਹਨ। ਉਨ੍ਹਾਂ ਨੇ ਕਿਹਾ ਕਿ ਜਿਸ ਯੋਜਨਾ ਨੂੰ ਬੱਚਿਆਂ ਦੀ ਭਲਾਈ ਲਈ ਇੱਕ ਪੱਕੀ ਸਰਕਾਰੀ ਗਾਰੰਟੀ ਵਜੋਂ ਸ਼ੁਰੂ ਕੀਤਾ ਗਿਆ ਸੀ, ਉਹ ਅੱਜ ਸਕੂਲਾਂ ਅਤੇ ਵਿਦਿਆਰਥੀਆਂ ਲਈ ਹਰ ਰੋਜ਼ ਦੀ ਜੱਦੋਜਹਿਦ ਬਣ ਕੇ ਰਹਿ ਗਈ ਹੈ। ਦੀਵਾਨ ਨੇ ਪੰਜਾਬ ਦੇ ਸਰਕਾਰੀ ਸਕੂਲਾਂ ਨੂੰ ਨਿੱਜੀ ਸਕੂਲਾਂ ਦੇ ਬਰਾਬਰ ਦੱਸਦਿਆਂ, ਝੂਠ ਦਾ ਪ੍ਰਚਾਰ ਕਰਨ ਲਈ ਆਪ ਸਰਕਾਰ ਦੀ ਸਖ਼ਤ ਨਿੰਦਾ ਕੀਤੀ। ਉਨ੍ਹਾਂ ਨੇ ਕਿਹਾ ਕਿ ਜਿਹੜੀ ਸਰਕਾਰ ਕੋਲ ਮਿਡ-ਡੇ ਮੀਲ ਵਰਗੀ ਬੁਨਿਆਦੀ ਯੋਜਨਾ ਚਲਾਉਣ ਲਈ ਵੀ ਪੈਸੇ ਨਹੀਂ ਹਨ, ਉਹ ਸਰਕਾਰ ਸਰਕਾਰੀ ਸਕੂਲਾਂ ਨੂੰ ਦੇਸ਼ ਦੇ ਸਭ ਤੋਂ ਵਧੀਆ ਸਕੂਲਾਂ ਦੇ ਬਰਾਬਰ ਦੱਸਣ ਦਾ ਦਾਅਵਾ ਕਰ ਰਹੀ ਹੈ।



ਇਹ ਕੋਈ ਬਦਲਾਅ ਨਹੀਂ, ਬਲਕਿ ਸਰਾਸਰ ਦਿਖਾਵਾ ਹੈ ਅਤੇ ਬੇਸ਼ਰਮੀ ਨਾਲ ਝੂਠ ਨੂੰ ਉਪਲਬਧੀ ਵਜੋਂ ਪੇਸ਼ ਕਰਨ ਦੀ ਕੋਸ਼ਿਸ਼ ਹੈ। ਦੀਵਾਨ ਨੇ ਜ਼ੋਰ ਦਿੰਦਿਆਂ, ਕਿਹਾ ਕਿ ਨਵੇਂ ਅਕਾਦਮਿਕ ਸੈਸ਼ਨ ਦੀ ਸ਼ੁਰੂਆਤ ਤੋਂ ਹੀ ਨਾ ਤਾਂ ਮਿਡ-ਡੇ ਮੀਲ ਯੋਜਨਾ ਲਈ ਫੰਡ ਜਾਰੀ ਕੀਤੇ ਗਏ ਹਨ ਅਤੇ ਨਾ ਹੀ ਕਈ ਸਕੂਲਾਂ ਤੱਕ ਅਨਾਜ ਦੀ ਸਪਲਾਈ ਪਹੁੰਚੀ ਹੈ।

ਉਨ੍ਹਾਂ ਨੇ ਯਾਦ ਦਿਵਾਇਆ ਕਿ ਇਸ ਯੋਜਨਾ ਦਾ ਮਕਸਦ ਸਰਕਾਰੀ ਸਕੂਲਾਂ ਦੇ ਬੱਚਿਆਂ ਨੂੰ ਪੌਸ਼ਟਿਕ ਭੋਜਨ ਮੁਹੱਈਆ ਕਰਵਾਉਣਾ ਹੈ, ਤਾਂ ਜੋ ਉਨ੍ਹਾਂ ਦੀ ਪੋਸ਼ਣ ਸਥਿਤੀ ਵਿੱਚ ਸੁਧਾਰ ਆਵੇ ਅਤੇ ਉਹ ਨਿਯਮਿਤ ਤੌਰ 'ਤੇ ਸਕੂਲ ਆਉਣ। ਉਨ੍ਹਾਂ ਨੇ ਕਿਹਾ ਕਿ ਜੇਕਰ ਸਰਕਾਰ ਕੋਲ ਇੰਨੀ ਮਹੱਤਵਪੂਰਨ ਯੋਜਨਾ ਚਲਾਉਣ ਲਈ ਵੀ ਫੰਡ ਨਹੀਂ ਹਨ, ਤਾਂ ਇਸ ਤੋਂ ਸਾਫ਼ ਹੁੰਦਾ ਹੈ ਕਿ ਮੌਜੂਦਾ ਸਰਕਾਰ ਸਕੂਲੀ ਸਿੱਖਿਆ ਪ੍ਰਤੀ ਕਿੰਨੀ ਗੈਰ-ਗੰਭੀਰ ਹੈ।

# 129 ਗੁੰਮ ਤੇ ਚੋਰੀ ਹੋਏ ਮੋਬਾਇਲ ਅਸਲ ਮਾਲਕਾਂ ਨੂੰ ਕੀਤੇ ਵਾਪਸ

ਜ਼ਿਕਰ ਪੰਜਾਬ

**ਖੰਨਾ/ਮਨਜੀਤ ਸਿੰਘ ਧੀਮਾਨ**

ਸੀਨੀਅਰ ਪੁਲਿਸ ਕਪਤਾਨ ਖੰਨਾ ਡਾ. ਦਰਪਣ ਆਹਲੂਵਾਲੀਆ ਦੀ ਅਗਵਾਈ ਹੇਠ ਪੁਲਿਸ ਜ਼ਿਲ੍ਹਾ ਖੰਨਾ ਵੱਲੋਂ ਚੋਰੀ ਅਤੇ ਗੁੰਮ ਹੋਏ 129 ਮੋਬਾਇਲ ਫੋਨ ਬਰਾਮਦ ਕਰਕੇ ਅੱਜ

**■ ਮੋਬਾਇਲ ਗੁੰਮ ਜਾਂ ਚੋਰੀ ਹੋਣ 'ਤੇ ਤੁਰੰਤ ਸਾਂਝ ਕੇਂਦਰ ਵਿੱਚ ਰਿਪੋਰਟ ਕਰੋ: ਆਹਲੂਵਾਲੀਆ**

ਉਨ੍ਹਾਂ ਦੇ ਅਸਲ ਮਾਲਕਾਂ ਦੇ ਸਪੁਰਦ ਕੀਤੇ ਗਏ। ਇਸ ਮੌਕੇ ਮੋਬਾਇਲ ਪ੍ਰਾਪਤ ਕਰਨ ਵਾਲੇ ਲੋਕਾਂ ਨੇ ਪੰਜਾਬ ਪੁਲਿਸ ਦਾ ਧੰਨਵਾਦ ਕਰਦਿਆਂ ਇਸ ਮੁਹਿੰਮ ਦੀ ਸ਼ਲਾਘਾ ਕੀਤੀ।

ਐਸ.ਐਸ.ਪੀ. ਡਾ. ਦਰਪਣ ਆਹਲੂਵਾਲੀਆ ਨੇ ਕਿਹਾ ਕਿ ਜੇਕਰ ਕਿਸੇ ਵਿਅਕਤੀ ਦਾ ਮੋਬਾਇਲ ਫੋਨ ਚੋਰੀ ਜਾਂ ਗੁੰਮ ਹੋ ਜਾਂਦਾ ਹੈ ਤਾਂ ਉਹ ਬਿਨਾਂ ਦੇਰੀ ਆਪਣੇ ਨਜ਼ਦੀਕੀ ਸਾਂਝ ਕੇਂਦਰ ਵਿੱਚ ਰਿਪੋਰਟ ਦਰਜ ਕਰਵਾਏ। ਇਸ ਤੋਂ ਬਾਅਦ ਸਾਈਬਰ ਕ੍ਰਾਈਮ ਪੁਲਿਸ ਸਟੇਸ਼ਨ ਦੀ ਸਹਾਇਤਾ ਨਾਲ ਕੇਂਦਰੀ ਉਪਕਰਣ ਪਛਾਣ ਰਜਿਸਟਰ ਪੋਰਟਲ 'ਤੇ ਫੋਨ ਨੂੰ ਬਲਾਕ ਕਰਵਾਇਆ ਜਾ ਸਕਦਾ ਹੈ, ਜਿਸ ਨਾਲ ਉਸ ਦੀ ਦੁਰਵਰਤੋਂ ਰੋਕੀ ਜਾ ਸਕਦੀ ਹੈ।

ਉਨ੍ਹਾਂ ਦੱਸਿਆ ਕਿ ਬਲਾਕ ਕੀਤਾ ਗਿਆ ਫੋਨ ਸਰਚ 'ਤੇ ਆ ਜਾਂਦਾ ਹੈ ਅਤੇ ਜਿਵੇਂ ਹੀ ਕੋਈ ਵਿਅਕਤੀ ਉਸ ਦੀ ਵਰਤੋਂ ਕਰਦਾ ਹੈ ਤਾਂ ਪੁਲਿਸ ਨੂੰ ਉਸ ਬਾਰੇ ਜਾਣਕਾਰੀ ਮਿਲ ਜਾਂਦੀ ਹੈ, ਜਿਸ ਨਾਲ ਫੋਨ ਦੀ ਰਿਕਵਰੀ ਸੰਭਵ ਹੋ ਜਾਂਦੀ ਹੈ। ਉਨ੍ਹਾਂ 129 ਮੋਬਾਇਲ ਫੋਨ ਪ੍ਰਾਪਤ ਕਰਨ ਵਾਲੇ ਮਾਲਕਾਂ ਨੂੰ ਅਪੀਲ ਕੀਤੀ ਕਿ ਉਹ ਆਪਣੇ ਸਬੰਧਤ ਸਾਂਝ ਕੇਂਦਰ ਵਿੱਚ ਜਾ ਕੇ ਆਪਣੇ ਮੋਬਾਇਲ ਫੋਨ ਅਨਲਾਕ ਕਰਵਾਉਣ, ਤਾਂ ਜੋ ਉਹ ਮੁੜ ਸਹੀ ਢੰਗ ਨਾਲ ਚੱਲ ਸਕਣ ਐਸ.ਐਸ.ਪੀ. ਖੰਨਾ ਨੇ ਸਾਈਬਰ ਧੋਖਾਧੜੀ ਤੋਂ ਬਚਾਅ ਲਈ ਲੋਕਾਂ ਨੂੰ ਜਾਗਰੂਕ ਕਰਦਿਆਂ ਕਿਹਾ ਕਿ ਜੇਕਰ ਕਿਸੇ ਨਾਲ ਆਨਲਾਈਨ ਵਿੱਤੀ ਧੋਖਾਧੜੀ ਹੁੰਦੀ ਹੈ ਤਾਂ ਉਹ ਤੁਰੰਤ 1930 ਟੋਲ-ਫ੍ਰੀ ਹੈਲਪਲਾਈਨ 'ਤੇ ਕਾਲ ਕਰਨ ਜਾਂ ਸਾਈਬਰ ਕ੍ਰਾਈਮ ਪੁਲਿਸ ਨਾਲ ਸੰਪਰਕ ਕਰਨ। ਉਨ੍ਹਾਂ ਕਿਹਾ ਕਿ ਸਾਈਬਰ ਧੋਖਾਧੜੀ ਦੇ ਪਹਿਲੇ ਕੁਝ ਘੰਟੇ ਗੋਲਡਨ ਆਵਰ ਹੁੰਦੇ ਹਨ। ਇਸ ਸਮੇਂ ਦੌਰਾਨ ਸ਼ਿਕਾਇਤ ਦਰਜ ਹੋਣ 'ਤੇ ਧੋਖਾਧੜੀ ਰਾਹੀਂ ਟਰਾਂਸਫਰ ਹੋਈ ਰਕਮ ਨੂੰ ਲੌਕ ਕਰਕੇ ਕਾਨੂੰਨੀ ਪ੍ਰਕਿਰਿਆ ਅਨੁਸਾਰ ਪੀੜਤ ਦੇ ਖਾਤੇ ਵਿੱਚ ਵਾਪਸ ਕਰਵਾਉਣ ਦੀ ਸੰਭਾਵਨਾ ਕਾਫ਼ੀ ਵੱਧ ਜਾਂਦੀ ਹੈ।



ਉਨ੍ਹਾਂ ਲੋਕਾਂ ਨੂੰ ਅਪੀਲ ਕੀਤੀ ਕਿ ਸਾਈਬਰ ਅਪਰਾਧਾਂ ਤੋਂ ਸਚੇਤ ਰਹਿਣ, ਕਿਸੇ ਵੀ ਅਣਜਾਣ ਵਿਅਕਤੀ ਨਾਲ ਆਪਣੀ ਬੈਂਕਿੰਗ ਜਾਂ ਓ.ਟੀ.ਪੀ ਸਬੰਧੀ ਜਾਣਕਾਰੀ ਸਾਂਝੀ ਨਾ ਕਰਨ ਅਤੇ ਕਿਸੇ ਵੀ ਸ਼ੱਕੀ ਘਟਨਾ ਦੀ ਤੁਰੰਤ ਸੂਚਨਾ ਪੰਜਾਬ ਪੁਲਿਸ ਨੂੰ ਦੇਣ। ਇਸ ਮੌਕੇ ਖੰਨਾ ਦੇ ਐਸ.ਪੀ.(ਡੀ) ਪਵਨ ਚੌਧਰੀ, ਐਸ ਪੀ ਹੈਡ ਕੁਆਰਟਰ ਹਰਪਿੰਦਰ ਕੌਰ ਗਿੱਲ, ਡੀ.ਐਸ.ਪੀ ਖੰਨਾ ਵਿਨੋਦ ਕੁਮਾਰ, ਡੀਐਸਪੀ ਮੋਹਿਤ ਸਿੰਗਲਾ, ਡੀਐਸਪੀ ਕਰਮਜੀਤ ਸਿੰਘ ਗਰੇਵਾਲ, ਡੀਐਸਪੀ ਟਰੈਫਿਕ ਖੰਨਾ ਕਰਮਵੀਰ ਤੂਰ, ਅਤੇ ਵੱਖ-ਵੱਖ ਥਾਣਿਆਂ ਦੇ ਐਸਐਚ ਓ, ਅਤੇ ਹੋਰ ਪੁਲਿਸ ਅਧਿਕਾਰੀ ਮੁਲਾਜ਼ਮ ਆਦਿ ਹਾਜ਼ਰ ਸਨ।

# ਐਨਜੀਓ ਨਵਚੇਤਨਾ ਵੱਲੋਂ ਗੁਰੂ ਨਾਨਕ ਇੰਟਰਨੈਸ਼ਨਲ ਪਬਲਿਕ ਸਕੂਲ, ਮਾਡਲ ਟਾਊਨ ਵਿਖੇ ਰਾਜ ਪੱਧਰੀ ਪੇਂਟਿੰਗ ਮੁਕਾਬਲਾ ਕਰਵਾਇਆ

ਜ਼ਿਕਰ ਪੰਜਾਬ

**ਲੁਧਿਆਣਾ/ਤਮੰਨਾ ਬੇਦੀ**

ਐਨਜੀਓ ਨਵਚੇਤਨਾ ਬਾਲ ਭਲਾਈ ਕਮੇਟੀ ਵੱਲੋਂ 18 ਜੁਲਾਈ 2026 ਨੂੰ ਗੁਰੂ ਨਾਨਕ ਇੰਟਰਨੈਸ਼ਨਲ ਪਬਲਿਕ ਸਕੂਲ, ਮਾਡਲ ਟਾਊਨ ਵਿਖੇ ਇੱਕ ਰਾਜ ਪੱਧਰੀ ਮੁਕਾਬਲਾ, ਉਡਾਨ 2026 ਸਫਲਤਾਪੂਰਵਕ ਆਯੋਜਿਤ ਕੀਤਾ ਗਿਆ। ਇਸ ਸਮਾਗਮ ਦਾ ਉਦੇਸ਼ ਯੁੱਧ ਨਾਸ਼ੀਆਂ ਵਿਰੁੱਧ,





ਬਾਲ ਮਜ਼ਦੂਰੀ ਅਤੇ ਹੋਰ ਬਹੁਤ ਸਾਰੇ ਮਹੱਤਵਪੂਰਨ ਮੁੱਦਿਆਂ 'ਤੇ ਜਾਗਰੂਕਤਾ ਫੈਲਾਉਣਾ ਸੀ। ਇਸ ਮੈਗਾ ਸਮਾਗਮ ਨੇ ਸਕੂਲ ਦੇ 224 ਤੋਂ ਵੱਧ ਪ੍ਰਤਿਭਾਸ਼ਾਲੀ ਵਿਦਿਆਰਥੀਆਂ ਨੂੰ ਇਕੱਠਾ ਕੀਤਾ। ਉਨ੍ਹਾਂ ਨੇ ਆਪਣੀ ਕਲਾਤਮਕ ਪ੍ਰਗਟਾਵਾ ਪੇਸ਼ ਕੀਤਾ ਅਤੇ ਮਹੱਤਵਪੂਰਨ ਸਮਾਜਿਕ ਮੁੱਦਿਆਂ ਬਾਰੇ ਜਾਗਰੂਕਤਾ ਪੈਦਾ ਕਰਨ ਲਈ ਆਪਣੀ ਸਿਰਜਣਾਤਮਕਤਾ ਦਾ ਪ੍ਰਦਰਸ਼ਨ ਕੀਤਾ। ਭਾਗੀਦਾਰਾਂ ਨੇ ਨਸ਼ਿਆਂ ਦੀ ਦੁਰਵਰਤੋਂ ਦੇ ਖ਼ਤਰੇ ਨੂੰ ਉਜਾਗਰ ਕੀਤਾ, ਨਾਲ ਹੀ ਉਮੀਦ ਅਤੇ ਤਬਦੀਲੀ ਦਾ ਇੱਕ ਮਜ਼ਬੂਤ ਸੰਦੇਸ਼ ਵੀ ਦਿੱਤਾ। ਨਵਚੇਤਨਾ ਬਾਲ ਭਲਾਈ ਕਮੇਟੀ ਦੇ ਪ੍ਰਧਾਨ ਸ੍ਰੀ ਸੁਖਧੀਰ ਸੇਖੋਂ ਨੇ ਸ਼੍ਰੀਮਤੀ ਮਨਦੀਪ ਕੌਰ, ਡਾ. ਵੀਨੂ ਗੁਪਤਾ, ਡਾ. ਈਸ਼ਾਨੀ, ਸ਼੍ਰੀਮਤੀ ਰਚਿਤਾ ਚੰਡੋਕ ਅਤੇ ਰਮਨ ਚੰਡੋਕ ਦੇ ਨਾਲ, ਜਾਗਰੂਕਤਾ ਮੁਹਿੰਮਾਂ ਵਿੱਚ ਨੌਜਵਾਨਾਂ ਨੂੰ ਸ਼ਾਮਲ ਕਰਨ ਦੀ ਮਹੱਤਤਾ 'ਤੇ ਜ਼ੋਰ ਦਿੱਤਾ। ਉਨ੍ਹਾਂ ਨੇ ਅਜਿਹੇ ਸਾਰਥਕ ਸਮਾਗਮਾਂ ਦੀ ਮੇਜ਼ਬਾਨੀ ਵਿੱਚ ਸਕੂਲ ਦੇ ਸਹਿਯੋਗ ਦੀ ਵੀ ਸ਼ਲਾਘਾ ਕੀਤੀ। ਇਸ ਤੋਂ ਇਲਾਵਾ, ਐਨਜੀਓ ਨਵਚੇਤਨਾ ਬਾਲ ਭਲਾਈ ਕਮੇਟੀ ਦੁਆਰਾ ਇੱਕ ਰੁੱਖ ਲਗਾਉਣ ਦੀ ਮੁਹਿੰਮ ਦਾ ਆਯੋਜਨ ਵੀ ਕੀਤਾ ਗਿਆ, ਜੋ ਕਿ ਜਲਵਾਯੂ ਕਾਰਵਾਈ ਅਤੇ ਵਾਤਾਵਰਣ ਸੰਭਾਲ ਵੱਲ ਇੱਕ ਵੱਡਾ ਕਦਮ ਹੈ। ਈਕੋ ਕਲੱਬ ਦੇ ਵਿਦਿਆਰਥੀਆਂ ਨੇ ਸਰਗਰਮੀ ਨਾਲ ਹਿੱਸਾ ਲਿਆ ਅਤੇ ਵੱਖ-ਵੱਖ ਪੌਦੇ ਲਗਾਏ। ਡਾਇਰੈਕਟਰ, ਸ਼੍ਰੀਮਤੀ ਗੁਰਮੰਤ ਕੌਰ ਗਿੱਲ, ਕਾਰਜਕਾਰੀ ਪ੍ਰਿੰਸੀਪਲ, ਸ਼੍ਰੀਮਤੀ ਗੁਰਜੀਤ ਕੌਰ ਦੇ ਨਾਲ, ਨੇ ਨਵਚੇਤਨਾ ਟੀਮ ਅਤੇ ਵਿਦਿਆਰਥੀਆਂ ਦੇ ਯਤਨਾਂ ਦੀ ਸ਼ਲਾਘਾ ਕੀਤੀ।

# ਜੀ.ਜੀ.ਐੱਨ ਕਾਲਜ ਪ੍ਰਬੰਧਨ ਨੇ ਅਰਮਾਨ ਸਿੰਘ ਦਾ ਕੀਤਾ ਸਨਮਾਨ

ਜ਼ਿਕਰ ਪੰਜਾਬ

**ਲੁਧਿਆਣਾ/ਤਮੰਨਾ ਬੇਦੀ**

ਗੁਜਰਾਂਵਾਲਾ ਗੁਰੂ ਨਾਨਕ ਖਾਲਸਾ ਕਾਲਜ ਲੁਧਿਆਣਾ ਦੇ ਬੀਏ ਭਾਗ ਤੀਜਾ ਦੇ ਵਿਦਿਆਰਥੀ ਅਰਮਾਨ ਸਿੰਘ ਨੇ ਸੋਫਟ ਟੈਨਿਸ ਖੇਡਾਂ ਵਿੱਚ ਰਾਸ਼ਟਰੀ ਤੇ ਅੰਤਰਰਾਸ਼ਟਰੀ ਪੱਧਰ ਤੇ ਮੱਲਾਂ ਮਾਰ ਕੇ ਕਾਲਜ ਅਤੇ ਆਪਣੇ ਮਾਪਿਆਂ ਦਾ ਨਾਮ ਰੋਸ਼ਨ ਕੀਤਾ ਹੈ। ਪੋਲੈਂਡ ਦੇ ਵਿੱਚ ਆਯੋਜਿਤ 19ਵੀਆ ਅੰਤਰਰਾਸ਼ਟਰੀ ਖੇਡਾਂ ਵਿੱਚ ਉਸਨੇ ਸਿਲਵਰ ਮੈਡਲ ਜਿੱਤਿਆ ਹੈ ਅਤੇ ਸ਼੍ਰੀਨਗਰ ਵਿੱਚ ਅੰਤਰਰਾਸ਼ਟਰੀ ਸੋਫਟ ਲਾਅਨ ਚੈਂਪੀਅਨਸ਼ਿਪ ਵਿੱਚ ਉਸਨੇ ਦੋ ਗੋਲਡ ਮੈਡਲ ਜਿੱਤ ਕੇ ਨੌਰਥ ਜੋਨ ਵਿੱਚ ਪਹਿਲਾ ਸਥਾਨ ਹਾਸਿਲ ਕੀਤਾ। ਉੱਤਰੀ ਭਾਰਤ ਦਾ ਉਹ ਆਉਣ ਵਾਲੇ ਤਿੰਨ ਸਾਲ ਲਈ ਨੰਬਰ ਵਨ ਖਿਡਾਰੀਆ ਬਣਿਆ ਹੈ। ਕਾਲਜ ਦੇ



ਪ੍ਰਿੰਸੀਪਲ ਪ੍ਰੋਫੈਸਰ ਰਜਿੰਦਰ ਕੌਰ ਮਲਹੋਤਰਾ ਨੇ ਅਤੇ ਖੇਡ ਵਿਭਾਗ ਦੇ ਇੰਚਾਰਜ ਪ੍ਰੋਫੈਸਰ ਮਨਜੀਤ ਸਿੰਘ ਨੇ ਉਸਦੀਆਂ ਇਨ੍ਹਾਂ ਮਾਣਮੱਤੀਆਂ ਪ੍ਰਾਪਤੀਆਂ ਤੇ ਉਸ ਨੂੰ ਅਤੇ ਉਸਦੇ ਮਾਪਿਆਂ ਨੂੰ ਵਧਾਈ ਦਿੱਤੀ ਅਤੇ ਭਵਿੱਖ ਲਈ ਸ਼ੁਭਕਾਮਨਾਵਾਂ ਵੀ ਭੇਟ ਕੀਤੀਆਂ।

# ਸਾਹਨੀ ਅਤੇ ਕੁਲਾਰ ਵੱਲੋਂ ਪੰਜਾਬ ਦੇ ਰਾਜਪਾਲ ਦਾ ਸਨਮਾਨ

ਜ਼ਿਕਰ ਪੰਜਾਬ

**ਲੁਧਿਆਣਾ/ਰਵੀ ਭਾਟੀਆ**

ਸਨ ਫਾਊਂਡੇਸ਼ਨ ਵੱਲੋਂ ਆਪਣੇ ਮਲਟੀ ਸਕਿਲ ਡਿਵੈਲਪਮੈਂਟ ਸੈਂਟਰਾਂ ਦਾ ਸ਼ਾਨਦਾਰ ਕਨਵੋਕੇਸ਼ਨ ਸਮਾਰੋਹ ਸਕਿਲ ਸੈਂਟਰ ਆਫ ਐਕਸੀਲੈਂਸ ਕੈਂਪਸ, ਆਈ.ਟੀ.ਆਈ. ਗਿੱਲ ਰੋਡ, ਲੁਧਿਆਣਾ ਵਿਖੇ ਸਫਲਤਾਪੂਰਵਕ ਆਯੋਜਿਤ ਕੀਤਾ ਗਿਆ। ਇਹ ਸਮਾਰੋਹ ਪੰਜਾਬ ਦੇ ਨੌਜਵਾਨਾਂ ਨੂੰ ਹੁਨਰ ਵਿਕਾਸ ਅਤੇ ਰੋਜ਼ਗਾਰ ਰਾਹੀਂ ਸਸ਼ਕਤ ਬਣਾਉਣ ਵੱਲ ਇੱਕ ਹੋਰ ਮਹੱਤਵਪੂਰਨ ਕਦਮ ਸਾਬਤ ਹੋਇਆ। ਸਮਾਰੋਹ ਵਿੱਚ ਪੰਜਾਬ ਦੇ ਮਾਣਯੋਗ ਰਾਜਪਾਲ ਸ਼੍ਰੀ ਗੁਲਾਬ ਚੰਦ ਕਟਾਰੀਆ ਮੁੱਖ ਮਹਿਮਾਨ ਵਜੋਂ ਸ਼ਾਮਲ ਹੋਏ, ਜਦਕਿ ਕੇਂਦਰੀ ਹੁਨਰ ਵਿਕਾਸ ਅਤੇ ਉਦਯਮਤਾ ਰਾਜ ਮੰਤਰੀ (ਸੁਤੰਤਰ ਪ੍ਰਭਾਰ) ਸ਼੍ਰੀ ਜਯੰਤ ਚੌਧਰੀ ਨੇ ਸਮਾਗਮ ਦੀ ਅਗਵਾਈ ਕੀਤੀ। ਇਸ ਮੌਕੇ ਪਦਮ ਸ਼੍ਰੀ ਡਾ. ਵਿਕਰਮਜੀਤ ਸਿੰਘ ਸਾਹਨੀ, ਮੈਂਬਰ ਰਾਜ ਸਭਾ ਅਤੇ ਚੇਅਰਮੈਨ, ਸਨ ਫਾਊਂਡੇਸ਼ਨ ਅਤੇ ਸਰਦਾਰ ਗੁਰਮੀਤ ਸਿੰਘ ਕੁਲਾਰ, ਪ੍ਰਧਾਨ, ਫੈਡਰੇਸ਼ਨ ਆਫ ਇੰਡਸਟਰੀਅਲ ਐਂਡ ਕਮਰਸ਼ੀਅਲ ਆਰਗੇਨਾਈਜ਼ੇਸ਼ਨ ਅਤੇ ਬੋਰਡ ਮੈਂਬਰ, ਮਲਟੀ ਸਕਿਲ ਡਿਵੈਲਪਮੈਂਟ ਸੈਂਟਰ, ਲੁਧਿਆਣਾ ਨੇ ਮਾਣਯੋਗ ਰਾਜਪਾਲ ਦਾ ਸ਼ਾਲ ਅਤੇ ਯਾਦਗਾਰੀ ਚਿੰਨ੍ਹ ਭੇਟ ਕਰਕੇ ਸਨਮਾਨ ਕੀਤਾ। ਉਨ੍ਹਾਂ ਨੇ ਹੁਨਰ ਵਿਕਾਸ ਅਤੇ ਨੌਜਵਾਨ ਸਸ਼ਕਤੀਕਰਨ ਲਈ ਰਾਜਪਾਲ ਵੱਲੋਂ ਦਿੱਤੇ ਜਾ ਰਹੇ ਲਗਾਤਾਰ ਪ੍ਰੋਤਸਾਹਨ ਲਈ ਧੰਨਵਾਦ ਪ੍ਰਗਟਾਇਆ। ਇਹ ਸਮਾਗਮ ਪਦਮ ਸ਼੍ਰੀ ਡਾ.





ਵਿਕਰਮਜੀਤ ਸਿੰਘ ਸਾਹਨੀ ਦੀ ਅਗਵਾਈ ਹੇਠ ਆਯੋਜਿਤ ਕੀਤਾ ਗਿਆ, ਜਿਨ੍ਹਾਂ ਨੇ ਉਦਯੋਗਾਂ ਦੀਆਂ ਲੋੜਾਂ ਅਨੁਸਾਰ ਹੁਨਰ ਵਿਕਾਸ ਰਾਹੀਂ ਨੌਜਵਾਨਾਂ ਲਈ ਟਿਕਾਊ ਰੋਜ਼ਗਾਰ ਦੇ ਮੌਕੇ ਪੈਦਾ ਕਰਨ ਲਈ ਸਨ ਫਾਊਂਡੇਸ਼ਨ ਦੀ ਵਚਨਬੱਧਤਾ ਨੂੰ ਦੁਹਰਾਇਆ। ਸਮਾਰੋਹ ਦੌਰਾਨ ਸਨ ਫਾਊਂਡੇਸ਼ਨ ਦੇ ਵਿਸ਼ਵ-ਪੱਧਰੀ ਮਲਟੀ ਸਕਿਲ ਡਿਵੈਲਪਮੈਂਟ ਸੈਂਟਰਾਂ—ਲੁਧਿਆਣਾ, ਅੰਮ੍ਰਿਤਸਰ, ਪਟਿਆਲਾ, ਪਹੂਵਿੰਡ, ਫਰੀਦਕੋਟ ਅਤੇ ਹੁਸ਼ਿਆਰਪੁਰ—ਵਿੱਚੋਂ ਸਿਖਲਾਈ ਸਫਲਤਾਪੂਰਵਕ ਪੂਰੀ ਕਰਨ ਵਾਲੇ ਸਿਖਿਆਰਥੀਆਂ ਨੂੰ ਕਨਵੋਕੇਸ਼ਨ ਸਰਟੀਫਿਕੇਟ ਪ੍ਰਦਾਨ ਕੀਤੇ ਗਏ। ਸਮਾਗਮ ਦਾ ਮੁੱਖ ਆਕਰਸ਼ਣ 1,044 ਹੁਨਰਮੰਦ ਨੌਜਵਾਨਾਂ ਨੂੰ ਵੱਖ-ਵੱਖ ਪ੍ਰਮੁੱਖ ਉਦਯੋਗਾਂ ਵਿੱਚ ਰੋਜ਼ਗਾਰ ਲਈ ਨਿਯੁਕਤੀ ਪੱਤਰ ਵੰਡਣਾ ਰਿਹਾ, ਜਿਸ ਨਾਲ ਉਨ੍ਹਾਂ ਦੇ ਪੇਸ਼ੇਵਰ ਜੀਵਨ ਦੀ ਨਵੀਂ ਸ਼ੁਰੂਆਤ ਹੋਈ।

ਰੋਜ਼ਾਨਾ 'ਅਮਰ ਪ੍ਰੇਮ' ਅਖ਼ਬਾਰ ਵਿੱਚ ਖ਼ਬਰਾਂ, ਇਸ਼ਤਿਹਾਰ ਅਤੇ ਹੋਰ ਛਪਣਯੋਗ ਸਮੱਗਰੀ ਛਪਵਾਉਣ ਲਈ
ਸੰਪਰਕ:-
8968544271
E-mail:
vicksam125@gmail.com

# ਮੁਲਾਜ਼ਮਾਂ ਅਤੇ ਪੈਨਸ਼ਨਰਾਂ ਨੇ ਮੁਲਾਜ਼ਮ ਮਾਰੂ ਪੱਤਰ ਦੀਆਂ ਕਾਪੀਆਂ ਸਾੜ ਮਨਾਇਆ ਕਾਲਾ ਦਿਨ

## ਆਗੂਆਂ ਨੇ 7 ਅਗਸਤ ਨੂੰ ਮੋਹਾਲੀ 'ਚ ਹੋਣ ਜਾ ਰਹੀ ਵਿਸ਼ਾਲ ਰੈਲੀ ਦੀਆਂ ਤਿਆਰੀਆਂ ਕਰਨ ਦੇ ਕੀਤੇ ਆਦੇਸ਼

ਜ਼ਿਕਰ ਪੰਜਾਬ

**ਲੁਧਿਆਣਾ/ਇੰਦਰਜੀਤ**

ਸਾਂਝਾ ਮੁਲਾਜ਼ਮ ਮੰਚ ਦੇ ਸੂਬਾ ਸੂਬਾ ਪੱਧਰੀ ਸੱਦੇ 'ਤੇ ਮੁਲਾਜ਼ਮਾਂ ਅਤੇ ਪੈਨਸ਼ਨਰਾਂ ਦੀ ਸਾਂਝੀ ਤਾਲਮੇਲ ਕਮੇਟੀ ਵੱਲੋਂ ਅੱਜ ਡਿਪਟੀ ਕਮਿਸਨਰ ਦਫਤਰਾਂ ਦੇ ਬਾਹਰ ਇਕੱਠੇ ਹੋ ਕੇ 17-07-2020 ਦੇ ਮੁਲਾਜ਼ਮ ਮਾਰੂ ਪਤਰ ਦੀਆਂ ਕਾਪੀਆਂ ਸਾੜੀਆਂ ਗਈਆਂ। ਇਸ ਮੌਕੇ ਮੁਲਾਜ਼ਮਾਂ ਵਿੱਚ ਜਿੱਥੇ ਜੋਸ਼ ਦਿਖਾਈ ਦਿੱਤਾ ਉੱਥੇ ਹੀ ਉਹ ਖਫਾ ਵੀ ਨਜਰ ਆਏ। ਮੁਲਾਜਮ ਆਗੂਆਂ ਨੇ ਸਾਫ ਆਖ ਦਿੱਤਾ ਕਿ ਜੇਕਰ ਮੁਲਾਜਮਾਂ ਦੀਆਂ ਵੋਟਾਂ ਲੈਣੀਆਂ ਹਨ ਤਾਂ ਮੁਲਾਜਮਾਂ ਦੀਆਂ ਲਟਕਦੀਆਂ ਸਾਰੀਆਂ ਮੰਗਾਂ ਪ੍ਰਵਾਨ ਕਰੋ ਨਹੀਂ ਤਾਂ



2027 ਚ ਆਪ ਨੂੰ ਦਫਾ ਕਰਨ ਦੀ ਮੁਲਾਜਮਾਂ ਵੱਲੋਂ ਪੱਕੀ ਗਾਰੰਟੀ ਹੈ। ਇਸ ਦੌਰਾਨ ਮੀਟਿੰਗ ਨੂੰ ਸੰਬੋਧਨ ਕਰਦਿਆਂ ਬੁਲਾਰਿਆਂ ਨੇ ਕਿਹਾ ਕਿ ਪੰਜਾਬ ਸਰਕਾਰ ਮੁਲਾਜ਼ਮਾਂ ਅਤੇ ਪੈਨਸ਼ਨਰਾਂ ਨਾਲ ਕੀਤੇ ਆਪਣੇ ਚੋਣ ਵਾਅਦਿਆਂ ਨੂੰ ਪੂਰਾ ਕਰਨ ਤੋਂ ਲਗਾਤਾਰ ਟਾਲਾ ਵੱਟ ਰਹੀ ਹੈ। ਉਨ੍ਹਾਂ ਕਿਹਾ ਕਿ 18 ਫੀਸਦੀ ਮਹਿੰਗਾਈ ਭੱਤੇ ਦੀਆਂ ਬਕਾਇਆ ਕਿਸ਼ਤਾਂ ਜਾਰੀ ਕਰਨ, ਏ.ਸੀ.ਪੀ. ਸਕੀਮ ਲਾਗੂ ਕਰਨ, ਪੁਰਾਣੀ ਪੈਨਸ਼ਨ ਸਕੀਮ ਬਹਾਲ ਕਰਨ, 17 ਜੁਲਾਈ 2020 ਦੇ ਪੱਤਰ ਰਾਹੀਂ ਲਾਗੂ ਕੀਤੇ ਕੇਂਦਰੀ ਤਨਖਾਹ ਕਮਿਸ਼ਨ ਨੂੰ ਰੱਦ ਕਰਨ, 15 ਜਨਵਰੀ 2015 ਦੇ ਪ੍ਰੋਬੇਸ਼ਨ ਪੀਰੀਅਡ ਵਿੱਚ ਵਾਧੇ ਵਾਲੇ ਪੱਤਰ ਨੂੰ ਵਾਪਸ ਲੈਣ, ਪੈਨਸ਼ਨਰਾਂ ਨੂੰ 2.59 ਦਾ ਗੁਣਾਂਕ ਦੇਣ, ਕੱਚੇ ਕਾਮਿਆਂ ਨੂੰ ਪੱਕਾ ਕਰਨ ਅਤੇ ਮਾਣ-ਭੱਤੇ 'ਤੇ ਕੰਮ ਕਰਦੀਆਂ ਬੀਬੀਆਂ ਨੂੰ ਘੱਟੋ-ਘੱਟ ਉਜਰਤਾਂ ਲਾਗੂ ਕਰਨ ਵਰਗੀਆਂ ਮੰਗਾਂ ਲੰਬੇ ਸਮੇਂ ਤੋਂ ਅਣਸੁਣੀਆਂ ਕੀਤੀਆਂ ਜਾ ਰਹੀਆਂ ਹਨ। ਆਗੂਆਂ ਨੇ ਐਲਾਨ ਕੀਤਾ ਕਿ ਜੇਕਰ ਸਰਕਾਰ ਨੇ ਮੁਲਾਜ਼ਮਾਂ ਅਤੇ ਪੈਨਸ਼ਨਰਾਂ ਦੀਆਂ ਮੰਗਾਂ ਦਾ ਤੁਰੰਤ ਹੱਲ ਨਾ ਕੀਤਾ ਤਾਂ ਸੰਘਰਸ਼ ਨੂੰ ਹੋਰ ਤੇਜ਼ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ 07 ਅਗਸਤ ਨੂੰ ਲੱਖਾਂ ਦੀ ਗਿਣਤੀ ਵਿੱਚ ਮੁਲਾਜ਼ਮ ਅਤੇ ਪੈਨਸ਼ਨਰ ਮੋਹਾਲੀ ਵੱਲ ਕੂਚ ਕਰਨਗੇ ਅਤੇ ਸਰਕਾਰ ਨੂੰ ਆਪਣੀਆਂ ਜਾਇਜ਼ ਮੰਗਾਂ ਮਨਵਾਉਣ ਲਈ ਮਜਬੂਰ ਕਰਨਗੇ। ਬੁਲਾਰਿਆਂ ਨੇ ਕਿਹਾ ਕਿ ਸੰਘਰਸ਼ ਹੱਕੀ ਅਤੇ ਜਾਇਜ਼ ਮੰਗਾਂ ਦੀ ਪ੍ਰਾਪਤੀ ਤੱਕ ਨਾ ਸਿਰਫ਼ ਜਾਰੀ ਰਹੇਗਾ, ਸਗੋਂ ਹੋਰ ਵਧੇਰੇ ਵਿਸ਼ਾਲ ਅਤੇ ਤਿੱਖਾ ਰੂਪ ਧਾਰਨ ਕਰੇਗਾ।ਇਸ ਮੌਕੇ ਜਿਲ੍ਹੇ ਭਰ ਦੇ ਸਾਰੇ ਸਰਕਾਰੀ ਵਿਭਾਗਾਂ ਦੀਆਂ ਯੂਨੀਅਨਾਂ ਅਤੇ ਪੈਂਸ਼ਨਰਜ ਯੂਨੀਅਨਾਂ ਦੇ ਆਗੂ ਵੱਡੀ ਗਿਣਤੀ 'ਚ ਹਾਜਰ ਸਨ।

# ਪੰਜਾਬ ਦੇ ਰਾਜਪਾਲ ਅਤੇ ਕੇਂਦਰੀ ਰਾਜ ਮੰਤਰੀ ਵੱਲੋਂ 1,044 ਨੌਜਵਾਨਾਂ ਨੂੰ ਨਿਯੁਕਤੀ ਪੱਤਰ ਸੌਂਪੇ

ਜ਼ਿਕਰ ਪੰਜਾਬ

**ਲੁਧਿਆਣਾ/ਤਮੰਨਾ ਬੇਦੀ**

ਵਿਸ਼ਵ ਯੁਵਾ ਹੁਨਰ ਦਿਵਸ ਦੇ ਮੌਕੇ 'ਤੇ ਸਨ ਫਾਊਂਡੇਸ਼ਨ ਵੱਲੋਂ ਚਲਾਏ ਜਾ ਰਹੇ ਮਲਟੀ ਸਕਿਲ ਡਿਵੈਲਪਮੈਂਟ ਸੈਂਟਰਾਂ (ਐੱਮ.ਐੱਸ.ਡੀ.ਸੀ.) ਦਾ ਸ਼ਾਨਦਾਰ ਕਨਵੋਕੇਸ਼ਨ ਸਮਾਰੋਹ ਅੱਜ ਵਰਲਡ ਸਕਿਲ ਕੈਂਪਸ ਆਫ ਐਕਸੀਲੈਂਸ, ਸਰਕਾਰੀ ਆਈ.ਟੀ.ਆਈ. ਕੈਂਪਸ, ਗਿੱਲ ਰੋਡ, ਲੁਧਿਆਣਾ ਵਿਖੇ ਆਯੋਜਿਤ ਕੀਤਾ ਗਿਆ। ਇਸ ਮੌਕੇ ਸਨ ਫਾਊਂਡੇਸ਼ਨ ਦੇ ਪੰਜਾਬ ਭਰ ਦੇ ਹੁਨਰ ਵਿਕਾਸ ਕੇਂਦਰਾਂ ਤੋਂ ਸਿਖਲਾਈ ਪ੍ਰਾਪਤ 1,044 ਨੌਜਵਾਨਾਂ ਨੂੰ ਸਰਟੀਫਿਕੇਟ ਅਤੇ ਨਿਯੁਕਤੀ ਪੱਤਰ ਪ੍ਰਦਾਨ ਕੀਤੇ ਗਏ। ਸਮਾਰੋਹ ਵਿੱਚ ਪੰਜਾਬ ਦੇ ਰਾਜਪਾਲ ਸ੍ਰੀ ਗੁਲਾਬ ਚੰਦ ਕਟਾਰੀਆ ਨੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ, ਜਦਕਿ ਕੌਸ਼ਲ ਵਿਕਾਸ ਅਤੇ ਉਦਯਮਤਾ ਮੰਤਰਾਲੇ ਦੇ ਕੇਂਦਰੀ ਰਾਜ ਮੰਤਰੀ (ਸੁਤੰਤਰ ਪ੍ਰਭਾਰ) ਸ੍ਰੀ ਜਯੰਤ ਚੌਧਰੀ ਨੇ ਸਮਾਰੋਹ ਦੀ ਪ੍ਰਧਾਨਗੀ ਕੀਤੀ। ਇਸ ਸਮਾਗਮ ਦੀ ਮੇਜ਼ਬਾਨੀ ਪਦਮ ਸ੍ਰੀ ਡਾ. ਵਿਕਰਮਜੀਤ ਸਿੰਘ ਸਾਹਨੀ, ਰਾਜ ਸਭਾ ਮੈਂਬਰ ਅਤੇ ਸਨ ਫਾਊਂਡੇਸ਼ਨ ਦੇ ਚੇਅਰਮੈਨ ਨੇ ਕੀਤੀ। ਇਸ ਸਮਾਗਮ ਵਿੱਚ ਪੰਜਾਬ ਭਰ ਤੋਂ 3,000 ਤੋਂ ਵੱਧ ਨੌਜਵਾਨਾਂ, ਉਦਯੋਗ ਜਗਤ ਦੇ ਨੁਮਾਇੰਦਿਆਂ, ਸਿੱਖਿਆ



ਸੰਸਥਾਵਾਂ, ਰੁਜ਼ਗਾਰਦਾਤਾਵਾਂ ਅਤੇ ਵੱਖ-ਵੱਖ ਖੇਤਰਾਂ ਦੀਆਂ ਪ੍ਰਮੁੱਖ ਸ਼ਖ਼ਸੀਅਤਾਂ ਨੇ ਭਾਗ ਲਿਆ, ਜਿਸ ਕਾਰਨ ਇਹ ਪੰਜਾਬ ਵਿੱਚ ਵਿਸ਼ਵ ਯੁਵਾ ਹੁਨਰ ਦਿਵਸ ਦੇ ਸਭ ਤੋਂ ਵੱਡੇ ਸਮਾਗਮਾਂ ਵਿੱਚੋਂ ਇੱਕ ਬਣ ਗਿਆ। ਪੰਜਾਬ ਦੇ ਰਾਜਪਾਲ ਸ੍ਰੀ ਗੁਲਾਬ ਚੰਦ ਕਟਾਰੀਆ ਨੇ ਹੁਨਰ ਵਿਕਾਸ ਅਤੇ ਰੁਜ਼ਗਾਰ ਸਿਰਜਣ ਦੇ ਖੇਤਰ ਵਿੱਚ ਸਨ ਫਾਊਂਡੇਸ਼ਨ ਵੱਲੋਂ ਕੀਤੇ ਜਾ ਰਹੇ ਸ਼ਾਨਦਾਰ ਕਾਰਜਾਂ ਦੀ ਭਰਪੂਰ ਪ੍ਰਸ਼ੰਸਾ ਕੀਤੀ। ਉਨ੍ਹਾਂ ਨੇ ਪਦਮ ਸ੍ਰੀ ਡਾ. ਵਿਕਰਮਜੀਤ ਸਿੰਘ ਸਾਹਨੀ ਦੀ ਦੂਰਅੰਦੇਸ਼ੀ ਅਗਵਾਈ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਫਾਊਂਡੇਸ਼ਨ ਦੀਆਂ ਪਹਿਲਕਦਮੀਆਂ ਪੰਜਾਬ ਦੇ ਹਜ਼ਾਰਾਂ ਨੌਜਵਾਨਾਂ ਨੂੰ ਹੁਨਰਮੰਦ ਬਣਾਉਣ ਦੇ ਨਾਲ-ਨਾਲ ਉਨ੍ਹਾਂ ਲਈ ਸਨਮਾਨਜਨਕ ਰੁਜ਼ਗਾਰ ਦੇ ਮੌਕੇ ਵੀ ਯਕੀਨੀ ਬਣਾ ਰਹੀਆਂ ਹਨ। ਕੇਂਦਰੀ ਰਾਜ ਮੰਤਰੀ (ਸੁਤੰਤਰ ਪ੍ਰਭਾਰ) ਸ੍ਰੀ ਜਯੰਤ ਚੌਧਰੀ ਨੇ ਪੰਜਾਬ ਵਿੱਚ ਵਿਸ਼ਵ ਪੱਧਰੀ ਹੁਨਰ ਵਿਕਾਸ ਕੇਂਦਰ ਸਥਾਪਤ ਕਰਨ ਲਈ ਪਦਮ ਸ੍ਰੀ ਡਾ. ਵਿਕਰਮਜੀਤ ਸਿੰਘ ਸਾਹਨੀ ਅਤੇ ਸਨ ਫਾਊਂਡੇਸ਼ਨ ਦੀ ਟੀਮ ਦੀ ਸ਼ਲਾਘਾ ਕੀਤੀ। ਉਨ੍ਹਾਂ ਨੇ ਸਨ ਫਾਊਂਡੇਸ਼ਨ ਨੂੰ ਹੁਨਰ ਵਿਕਾਸ ਅਤੇ ਰੁਜ਼ਗਾਰ ਦੇ ਖੇਤਰ ਵਿੱਚ ਇੱਕ ਮਿਸਾਲੀ ਸੰਸਥਾ ਕਰਾਰ ਦਿੰਦਿਆਂ ਨੌਜਵਾਨਾਂ ਦੇ ਸਸ਼ਕਤੀਕਰਨ ਅਤੇ ਰਾਸ਼ਟਰ ਨਿਰਮਾਣ ਵਿੱਚ ਡਾ. ਸਾਹਨੀ ਦੇ ਵਿਲੱਖਣ ਯੋਗਦਾਨ ਲਈ ਉਨ੍ਹਾਂ ਨੂੰ ਵਧਾਈ ਦਿੱਤੀ। ਇਸ ਮੌਕੇ ਸੰਬੋਧਨ ਕਰਦਿਆਂ ਰਾਜ ਸਭਾ ਮੈਂਬਰ ਅਤੇ ਸਨ ਫਾਊਂਡੇਸ਼ਨ ਦੇ ਚੇਅਰਮੈਨ ਡਾ. ਵਿਕਰਮਜੀਤ ਸਿੰਘ ਸਾਹਨੀ ਨੇ ਕਿਹਾ ਕਿ ਹੁਨਰ ਵਿਕਾਸ ਅਤੇ ਰੁਜ਼ਗਾਰ ਸਿਰਜਣਾ ਪੰਜਾਬ ਵਿੱਚ ਬੇਰੁਜ਼ਗਾਰੀ, ਨਸ਼ਾਖੋਰੀ ਅਤੇ ਪਰਵਾਸ ਵਰਗੀਆਂ ਚੁਣੌਤੀਆਂ ਦਾ ਸਭ ਤੋਂ ਪ੍ਰਭਾਵਸ਼ਾਲੀ ਹੱਲ ਹੈ। ਉਨ੍ਹਾਂ ਦੱਸਿਆ ਕਿ ਸਨ ਫਾਊਂਡੇਸ਼ਨ ਅੱਜ ਪੰਜਾਬ ਭਰ ਵਿੱਚ ਆਪਣੇ ਮਲਟੀ ਸਕਿਲ ਡਿਵੈਲਪਮੈਂਟ ਸੈਂਟਰਾਂ ਦੇ ਨੈੱਟਵਰਕ ਰਾਹੀਂ ਉਦਯੋਗ ਨਾਲ ਜੁੜੀ ਅਤੇ ਭਵਿੱਖ ਦੀਆਂ ਲੋੜਾਂ ਅਨੁਸਾਰ ਸਿਖਲਾਈ ਦੇ ਕੇ ਹਰ ਸਾਲ 5,000 ਤੋਂ ਵੱਧ ਨੌਜਵਾਨਾਂ ਨੂੰ 'ਸਕਿਲ ਫਾਰ ਜੌਬਸ' ਮੁਹਿੰਮ ਤਹਿਤ ਰੁਜ਼ਗਾਰ ਲਈ ਤਿਆਰ ਕਰ ਰਿਹਾ ਹੈ। ਉਨ੍ਹਾਂ ਅੱਗੇ ਦੱਸਿਆ ਕਿ ਸਨ ਫਾਊਂਡੇਸ਼ਨ ਦੇ ਕੇਂਦਰਾਂ ਤੋਂ ਸਿਖਲਾਈ ਪ੍ਰਾਪਤ ਹਜ਼ਾਰਾਂ ਨੌਜਵਾਨਾਂ ਨੂੰ ਇੰਡੀਗੋ ਏਅਰਲਾਈਨਜ਼, ਤਾਜ ਹੋਟਲਜ਼, ਮੈਰੀਅਟ, ਰੈਡੀਸਨ, ਸ਼ਾਹੀ ਐਕਸਪੋਰਟਸ, ਏਵਨ ਸਾਈਕਲਜ਼ ਸਮੇਤ ਨਿਰਮਾਣ, ਸਿਹਤ ਸੰਭਾਲ ਅਤੇ ਸੇਵਾ ਖੇਤਰ ਦੀਆਂ ਕਈ ਨਾਮਵਰ ਕੰਪਨੀਆਂ ਵਿੱਚ ਰੁਜ਼ਗਾਰ ਮਿਲਿਆ ਹੈ। ਡਾ. ਸਾਹਨੀ ਨੇ ਕਿਹਾ ਕਿ ਸਨ ਫਾਊਂਡੇਸ਼ਨ ਬਾਜ਼ਾਰ ਦੀ ਮੰਗ ਅਨੁਸਾਰ ਕੋਰਸ ਤਿਆਰ ਕਰਕੇ ਉਦਯੋਗਾਂ ਦੀਆਂ ਲੋੜਾਂ ਅਤੇ ਨੌਜਵਾਨਾਂ ਦੀਆਂ ਉਮੀਦਾਂ ਵਿਚਕਾਰ ਪਾੜੇ ਨੂੰ ਸਫਲਤਾਪੂਰਵਕ ਪੂਰਾ ਕਰ ਰਹੀ ਹੈ ਅਤੇ ਨੌਜਵਾਨਾਂ ਲਈ ਸਨਮਾਨਜਨਕ ਰੁਜ਼ਗਾਰ ਦੇ ਮੌਕੇ ਯਕੀਨੀ ਬਣਾ ਰਹੀ ਹੈ। ਸਮਾਰੋਹ ਦੌਰਾਨ ਪਤਵੰਤੇ ਮਹਿਮਾਨਾਂ ਨੇ ਵਰਲਡ ਸਕਿਲ ਕੈਂਪਸ ਆਫ ਐਕਸੀਲੈਂਸ ਦਾ ਦੌਰਾ ਵੀ ਕੀਤਾ। ਉਨ੍ਹਾਂ ਨੇ ਸਿਖਿਆਰਥੀਆਂ ਨਾਲ ਗੱਲਬਾਤ ਕੀਤੀ ਅਤੇ ਆਰਟੀਫ?ਸ਼ਲ ਇੰਟੈਲੀਜੈਂਸ, ਐਡਵਾਂਸਡ ਮੈਨੂਫੈਕਚਰਿੰਗ, ਹੋਸਪਿਟੈਲਿਟੀ, ਹੈਲਥਕੇਅਰ ਅਤੇ ਹੋਰ ਉਭਰਦੇ ਖੇਤਰਾਂ ਨਾਲ ਸਬੰਧਤ ਹੁਨਰਾਂ ਦੀਆਂ ਪ੍ਰਦਰਸ਼ਨੀਆਂ ਅਤੇ ਲਾਈਵ ਡੈਮੋਨਸਟ?ਰੇਸ਼ਨਾਂ ਦਾ ਜਾਇਜ਼ਾ ਲਿਆ।

# ਚੰਡੀਗੜ੍ਹ ਨਿਗਮ 'ਚ 276 ਅਹੁਦਿਆਂ ਤੇ ਸਿੱਧੀ ਭਰਤੀ, ਰਾਜਪਾਲ ਨੇ ਦਿੱਤੀ ਮਨਜ਼ੂਰੀ

ਜ਼ਿਕਰ ਪੰਜਾਬ

**ਚੰਡੀਗੜ੍ਹ** : ਨਗਰ ਨਿਗਮ ਵਿੱਚ ਲੰਬੇ ਸਮੇਂ ਤੋਂ ਚੱਲ ਰਹੀ ਸਟਾਫ ਦੀ ਘਾਟ ਦੂਰ ਹੋਣ ਵਾਲੀ ਹੈ। ਯੂਟੀ ਪ੍ਰਸ਼ਾਸਕ ਗੁਲਾਬ ਚੰਦ ਕਟਾਰੀਆ ਨੇ ਸਿੱਧੀ ਭਰਤੀ ਰਾਹੀਂ 276 ਅਸਾਮੀਆਂ ਭਰਨ ਦੇ ਪ੍ਰਸਤਾਵ ਨੂੰ ਮਨਜ਼ੂਰੀ ਦੇ ਦਿੱਤੀ ਹੈ। ਇਸ ਪ੍ਰਵਾਨਗੀ ਤੋਂ ਬਾਅਦ, ਨਿਗਮ ਹੁਣ ਭਰਤੀ ਪ੍ਰਕਿਰਿਆ ਸ਼ੁਰੂ ਕਰਨ ਦੀ ਤਿਆਰੀ ਕਰ ਰਿਹਾ ਹੈ। ਇਸ ਨਾਲ ਜਨਤਕ ਕੰਮ ਤੇਜ਼ ਹੋਵੇਗਾ ਅਤੇ ਦਫ਼ਤਰ ਵਿੱਚ ਵਾਰ-ਵਾਰ ਜਾਣ ਦੀ ਜ਼ਰੂਰਤ ਖਤਮ ਹੋ ਜਾਵੇਗੀ। ਪ੍ਰਸ਼ਾਸਨ ਨੇ ਨਗਰ ਨਿਗਮ ਨੂੰ ਭਰਤੀ ਵਿੱਚ ਰਾਖਵੇਂਕਰਨ ਨਿਯਮਾਂ ਦੀ ਸਖ਼ਤੀ ਨਾਲ ਪਾਲਣਾ ਕਰਨ ਦੇ ਨਿਰਦੇਸ਼ ਦਿੱਤੇ ਹਨ। ਇਸ ਤੋਂ ਇਲਾਵਾ, ਭਰਤੀ ਪ੍ਰੀਖਿਆ ਇੱਕ ਨਾਮਵਰ ਸਰਕਾਰੀ ਏਜੰਸੀ ਰਾਹੀਂ ਕਰਵਾਉਣ ਦੇ ਨਿਰਦੇਸ਼ ਦਿੱਤੇ ਗਏ ਹਨ। ਨਗਰ ਨਿਗਮ ਦੇ ਰਿਕਾਰਡਾਂ ਅਤੇ ਹਾਲ ਹੀ ਵਿੱਚ ਪਾਸ ਕੀਤੇ ਬਜਟ ਦਸਤਾਵੇਜ਼ਾਂ ਦੇ ਅਨੁਸਾਰ, ਨਿਗਮ ਕੋਲ ਕੁੱਲ 5,611 ਮਨਜ਼ੂਰਸ਼ੁਦਾ ਅਹੁਦੇ ਹਨ। ਇਨ੍ਹਾਂ ਵਿੱਚੋਂ 3,767 ਖਾਲੀ ਹਨ। ਇਸ ਦਾ ਮਤਲਬ ਹੈ ਕਿ ਨਗਰ ਨਿਗਮ ਦੇ 60% ਤੋਂ ਵੱਧ ਅਹੁਦਿਆਂ 'ਤੇ ਕੋਈ ਕਰਮਚਾਰੀ ਹੀ ਨਹੀਂ ਹਨ। ਸਟਾਫ਼ ਦੀ ਘਾਟ ਇੰਜੀਨੀਅਰਿੰਗ, ਫਾਇਰ ਬ੍ਰਿਗੇਡ, ਮੈਡੀਕਲ ਅਫ਼ਸਰ ਆਫ਼ ਹੈਲਥ ਅਤੇ ਹੋਰ ਮਹੱਤਵਪੂਰਨ ਵਿਭਾਗਾਂ ਦੇ ਕੰਮ ਨੂੰ ਪ੍ਰਭਾਵਿਤ ਕਰ ਰਹੀ ਹੈ। ਕਾਰਪੋਰੇਸ਼ਨ ਨੂੰ ਬਹੁਤ ਸਾਰੇ ਕੰਮ ਕਰਨ ਲਈ ਅਸਥਾਈ ਅਤੇ ਠੇਕੇ 'ਤੇ ਰੱਖੇ ਕਰਮਚਾਰੀਆਂ 'ਤੇ ਨਿਰਭਰ ਕਰਨਾ ਪੈਂਦਾ ਹੈ। ਨਗਰ ਨਿਗਮ ਨੇ ਪਹਿਲਾਂ 2021 ਵਿੱਚ ਲਗਭਗ 170 ਸਥਾਈ ਅਹੁਦਿਆਂ ਲਈ ਇਸ਼ਤਿਹਾਰ ਦਿੱਤਾ ਸੀ। ਇਸ ਪ੍ਰਕਿਰਿਆ ਨੂੰ ਪੂਰਾ ਹੋਣ ਵਿੱਚ ਇੱਕ ਸਾਲ ਤੋਂ ਵੱਧ ਸਮਾਂ ਲੱਗਿਆ। ਉਦੋਂ ਤੋਂ ਕੋਈ ਵੱਡੀ ਸਥਾਈ ਭਰਤੀ ਨਹੀਂ ਹੋਈ ਹੈ। ਮੌਜੂਦਾ ਭਰਤੀ ਪ੍ਰਕਿਰਿਆ ਵਿੱਚ 118 ਕਲਰਕ ਅਤੇ 79 ਫਾਇਰਮੈਨ ਦੇ ਅਹੁਦੇ ਸ਼ਾਮਲ ਹਨ, ਜਦੋਂ ਕਿ 33 ਡਰਾਈਵਰ, 15 ਜੂਨੀਅਰ ਇੰਜੀਨੀਅਰ (ਜਨਤਕ ਸਿਹਤ), 5 ਇਨਫੋਰਸਮੈਂਟ ਸਬ-ਇੰਸਪੈਕਟਰ, ਅਤੇ ਕਈ ਹੋਰ ਇੰਜੀਨੀਅਰਿੰਗ ਨਾਲ ਸਬੰਧਤ ਅਹੁਦੇ ਵੀ ਭਰੇ ਜਾਣਗੇ। ਪ੍ਰਵਾਨਗੀ ਮਿਲਣ ਤੋਂ ਬਾਅਦ, ਨਗਰ ਨਿਗਮ ਭਰਤੀ ਪ੍ਰੀਖਿਆ ਕਰਵਾਉਣ ਲਈ ਇੱਕ ਸਰਕਾਰੀ ਏਜੰਸੀ ਦੀ ਚੋਣ ਕਰੇਗਾ। ਫਿਰ ਇੱਕ ਅਧਿਕਾਰਤ ਭਰਤੀ ਨੋਟਿਸ ਜਾਰੀ ਕੀਤਾ ਜਾਵੇਗਾ। ਪਹਿਲਾਂ, ਨਗਰ ਨਿਗਮ ਨੇ ਵੱਡੇ ਪੱਧਰ 'ਤੇ ਭਰਤੀ ਲਈ ਪੰਜਾਬ ਯੂਨੀਵਰਸਿਟੀ ਦੀ ਮਦਦ ਲਈ ਹੈ। ਇਸ ਵਾਰ, ਇੱਕ ਨਾਮਵਰ ਸਰਕਾਰੀ ਸੰਸਥਾ ਨੂੰ ਪ੍ਰੀਖਿਆ ਕਰਵਾਉਣ ਦੀ ਜ਼ਿੰਮੇਵਾਰੀ ਸੌਂਪੀ ਜਾ ਸਕਦੀ ਹੈ। ਅਧਿਕਾਰੀਆਂ ਦਾ ਕਹਿਣਾ ਹੈ ਕਿ ਇਨ੍ਹਾਂ ਅਹੁਦਿਆਂ ਲਈ ਭਰਤੀ ਨਿਗਮ ਦੇ ਕੰਮ ਨੂੰ ਤੇਜ਼ ਕਰੇਗੀ।




# ਗੁਰੂ ਨਾਨਕ ਦੇਵ ਯੂਨੀਵਰਸਿਟੀ ਵਿੱਚ ਮਨੋਜ ਧੀਮਾਨ ਦੇ ਲਘੂਕਥਾ ਸੰਗ੍ਰਹਿ 'ਜਾਗਤੇ ਰਹੋ' 'ਤੇ ਲਘੂ ਖੋਜ-ਪ੍ਰਬੰਧ, ਰਿਸ਼ੀ ਕੁਮਾਰ ਨੇ ਕੀਤਾ ਵਿਸ਼ਲੇਸ਼ਣਾਤਮਕ ਅਧਿਐਨ

ਜ਼ਿਕਰ ਪੰਜਾਬ

**ਲੁਧਿਆਣਾ/ਇੰਦਰਜੀਤ**

ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ਦੇ ਹਿੰਦੀ ਵਿਭਾਗ ਦੇ ਮੁਖੀ ਅਤੇ ਭਾਸ਼ਾ ਫੈਕਲਟੀ ਦੇ ਡੀਨ ਪ੍ਰੋ. (ਡਾ.) ਸੁਨੀਲ ਦੀ ਰਹਿਨੁਮਾਈ ਹੇਠ ਐੱਮ.ਏ. (ਹਿੰਦੀ) ਸਮੈਸਟਰ-ਚੌਥੇ ਦੀ ਪਾਠਕ੍ਰਮ ਪ੍ਰੀਖਿਆ ਦੇ ਤਹਿਤ ਵਿਦਿਆਰਥੀ ਰਿਸ਼ੀ ਕੁਮਾਰ ਨੇ ਲੁਧਿਆਣਾ ਦੇ ਸਾਹਿਤਕਾਰ ਮਨੋਜ ਧੀਮਾਨ ਵੱਲੋਂ ਰਚਿਤ ਲਘੁਕਥਾ ਸੰਗ੍ਰਹਿ 'ਜਾਗਤੇ ਰਹੋ' ਦਾ ਵਿਸ਼ਲੇਸ਼ਣਾਤਮਕ ਅਧਿਐਨ ਪੇਸ਼ ਕਰਦੇ ਹੋਏ ਲਘੂ ਖੋਜ-ਪ੍ਰਬੰਧ ਤਿਆਰ ਕੀਤਾ ਹੈ। ਰਿਸ਼ੀ ਕੁਮਾਰ ਨੇ ਆਪਣੇ ਖੋਜ ਨਿਰਦੇਸ਼ਕ ਪ੍ਰੋ. (ਡਾ.) ਸੁਨੀਲ ਦਾ ਧੰਨਵਾਦ ਕਰਦਿਆਂ ਕਿਹਾ ਕਿ ਉਨ੍ਹਾਂ ਦੇ ਕੀਮਤੀ ਸੁਝਾਵਾਂ, ਨਿਰੰਤਰ ਹੌਸਲਾ-ਅਫ਼ਜ਼ਾਈ ਅਤੇ ਵਿਦਵਤਾਪੂਰਨ ਮਾਰਗਦਰਸ਼ਨ ਸਦਕਾ ਇਹ ਖੋਜ ਕਾਰਜ ਸਫ਼ਲਤਾਪੂਰਵਕ ਸੰਪੰਨ ਹੋ ਸਕਿਆ ਹੈ। ਉਨ੍ਹਾਂ ਨੇ ਹਿੰਦੀ ਵਿਭਾਗ ਦੇ ਸਮੂਹ ਅਧਿਆਪਕਾਂ ਅਤੇ ਹੋਰ ਮੈਂਬਰਾਂ ਦਾ ਵੀ ਸਹਿਯੋਗ ਲਈ ਧੰਨਵਾਦ ਕੀਤਾ। ਆਪਣੇ ਖੋਜ-ਪ੍ਰਬੰਧ ਦੇ ਉਪਸੰਹਾਰ ਵਿੱਚ ਰਿਸ਼ੀ ਕੁਮਾਰ ਨੇ ਲਿਖਿਆ ਹੈ ਕਿ, ਮਨੋਜ ਧੀਮਾਨ ਨਾ ਸਿਰਫ਼ ਇੱਕ ਕੁਸ਼ਲ ਰਚਨਾਕਾਰ ਹਨ, ਸਗੋਂ ਉਨ੍ਹਾਂ ਦੀ ਲੇਖਣੀ ਵਿੱਚ ਸੰਵੇਦਨਸ਼ੀਲਤਾ, ਕ੍ਰਾਂਤੀਕਾਰੀ ਸੋਚ, ਸੰਘਰਸ਼ਾਂ ਅਤੇ ਸਮਾਜ ਦੇ ਉਹਨਾਂ ਪੱਖਾਂ ਨੂੰ ਉਜਾਗਰ ਕਰਨ ਦੀ ਸਮਰੱਥਾ ਹੈ, ਜੋ ਮਨੁੱਖੀ ਰਿਸ਼ਤਿਆਂ ਦੀਆਂ ਜਟਿਲਤਾਵਾਂ ਅਤੇ ਸਮਾਜਿਕ ਜਾਗਰੂਕਤਾ ਨੂੰ



ਪ੍ਰਭਾਵਸ਼ਾਲੀ ਢੰਗ ਨਾਲ ਪੇਸ਼ ਕਰਦੀ ਹੈ। ਰਿਸ਼ੀ ਕੁਮਾਰ ਨੇ ਆਪਣੇ ਅਧਿਐਨ ਵਿੱਚ ਲਿਖਿਆ ਕਿ ਧੀਮਾਨ ਦੀਆਂ ਲਘੁਕਥਾਵਾਂ ਮਨੋਰੰਜਨ ਦੇ ਨਾਲ-ਨਾਲ ਸਮਾਜਿਕ ਸੰਦੇਸ਼ ਵੀ ਦਿੰਦੀਆਂ ਹਨ। ਉਨ੍ਹਾਂ ਦੀਆਂ ਰਚਨਾਵਾਂ ਸਮਾਜ ਨੂੰ ਨਵੀਂ ਦਿਸ਼ਾ ਅਤੇ ਜਾਗਰੂਕਤਾ ਪ੍ਰਦਾਨ ਕਰਦੀਆਂ ਹਨ। 'ਜਾਗਤੇ ਰਹੋ' ਲਘੁਕਥਾ ਸੰਗ੍ਰਹਿ ਸਮਾਜਿਕ ਚੇਤਨਾ ਅਤੇ ਮਨੁੱਖੀ ਮੁੱਲਾਂ ਨੂੰ ਮਜ਼ਬੂਤ ਕਰਦਾ ਹੈ। ਲੇਖਕ ਦੀ ਭਾਸ਼ਾ ਸਰਲ, ਸਹਿਜ ਅਤੇ ਦਿਲ ਨੂੰ ਛੂਹਣ ਵਾਲੀ ਹੈ, ਜੋ ਗੰਭੀਰ ਵਿਸ਼ਿਆਂ ਨੂੰ ਵੀ ਪਾਠਕਾਂ ਲਈ ਆਸਾਨ ਅਤੇ ਪ੍ਰਭਾਵਸ਼ਾਲੀ ਬਣਾ ਦਿੰਦੀ ਹੈ। ਮਨੋਜ ਧੀਮਾਨ ਨੇ ਆਪਣੀ ਪੁਸਤਕ 'ਜਾਗਤੇ ਰਹੋ' 'ਤੇ ਲਘੂ ਖੋਜ-ਪ੍ਰਬੰਧ ਤਿਆਰ ਕਰਨ ਲਈ ਪ੍ਰੋ. (ਡਾ.) ਸੁਨੀਲ, ਗੁਰੂ ਨਾਨਕ ਦੇਵ ਯੂਨੀਵਰਸਿਟੀ ਅਤੇ ਵਿਦਿਆਰਥੀ ਰਿਸ਼ੀ ਕੁਮਾਰ ਦਾ ਦਿਲੋਂ ਧੰਨਵਾਦ ਕੀਤਾ। ਉਨ੍ਹਾਂ ਕਿਹਾ ਕਿ ਇਹ ਖੋਜ ਉਨ੍ਹਾਂ ਦੇ ਸਾਹਿਤਕ ਲੇਖਨ ਨੂੰ ਇੱਕ ਮਹੱਤਵਪੂਰਨ ਮਾਨਤਾ ਅਤੇ ਨਵਾਂ ਉਤਸ਼ਾਹ ਪ੍ਰਦਾਨ ਕਰਦੀ ਹੈ। ਜ਼ਿਕਰਯੋਗ ਹੈ ਕਿ ਮਨੋਜ ਧੀਮਾਨ ਦੀਆਂ ਹੁਣ ਤੱਕ ਹੇਠ ਲਿਖੀਆਂ ਪੁਸਤਕਾਂ ਪ੍ਰਕਾਸ਼ਿਤ ਹੋ ਚੁੱਕੀਆਂ ਹਨ— 'ਲੇਟ ਨਾਈਟ ਪਾਰਟੀ' (ਕਹਾਣੀ ਸੰਗ੍ਰਹਿ, 2007), ਜਿਸ ਦਾ ਅੰਗਰੇਜ਼ੀ ਅਨੁਵਾਦ ਵੀ ਪ੍ਰਕਾਸ਼ਿਤ ਹੋਇਆ; 'ਬਾਰਿਸ਼ ਕੀ ਬੂੰਦੇਂ' (ਕਵਿਤਾ ਸੰਗ੍ਰਹਿ, 2009); 'ਸ਼ੂਨ?ਯ ਕੀ ਓਰ' (ਨਾਵਲ, 2012); 'ਯਹ ਮਕਾਨ ਬਿਕਾਊ ਹੈ' (ਲਘੁਕਥਾ ਸੰਗ੍ਰਹਿ, 2021); 'ਖੋਲ ਕਰ ਦੇਖੋ' (ਲਘੁਕਥਾ ਸੰਗ੍ਰਹਿ, 2022); 'ਜਾਗਤੇ ਰਹੋ' (ਲਘੁਕਥਾ ਸੰਗ੍ਰਹਿ, 2024); 'ਬਿਰਜੂ ਨਾਈ ਕੀ ਦੁਕਾਨ' (ਨਾਵਲ, 2024) ਅਤੇ 'ਧਰਤੀ ਪਰ ਲੌਟੇ ਆਭਾਸੀ ਦੁਨੀਆ ਕੇ ਅਵਤਾਰ' (ਨਾਵਲ, 2025)।

# ਸ਼ਹੀਦਾਂ ਦੇ ਪਰਿਵਾਰਾਂ ਨਾਲ ਖੜ੍ਹੀ ਪੰਜਾਬ ਸਰਕਾਰ

## 1 ਕਰੋੜ ਰੁਪਏ ਦੀ ਸਹਾਇਤਾ ਰਾਸ਼ੀ ਇੱਕ ਇਤਿਹਾਸਕ ਕਦਮ

ਜ਼ਿਕਰ ਪੰਜਾਬ



**ਚੰਡੀਗੜ੍ਹ** : ਭਾਰਤ ਦੀ ਸੁਰੱਖਿਆ ਅਤੇ ਅਖੰਡਤਾ ਨੂੰ ਬਰਕਰਾਰ ਰੱਖਣ ਲਈ ਸਾਡੇ ਸੈਨਿਕ ਅਤੇ ਸਿਪਾਹੀ ਦਿਨ-ਰਾਤ ਸਰਹੱਦਾਂ ਅਤੇ ਅੰਦਰੂਨੀ ਸੁਰੱਖਿਆ ਮੋਰਚਿਆਂ 'ਤੇ ਆਪਣੀਆਂ ਜਾਨਾਂ ਦੀ ਪਰਵਾਹ ਕੀਤੇ ਬਿਨਾਂ ਡਿਊਟੀ ਨਿਭਾਉਂਦੇ ਹਨ। ਜਦੋਂ ਕੋਈ ਸੈਨਿਕ ਦੇਸ਼ ਦੀ ਰੱਖਿਆ ਕਰਦਿਆਂ ਸ਼ਹੀਦ ਹੋ ਜਾਂਦਾ ਹੈ, ਤਾਂ ਉਸ ਦਾ ਪਰਿਵਾਰ ਇੱਕ ਅਜਿਹਾ ਘਾਟਾ ਸਹਿੰਦਾ ਹੈ, ਜਿਸ ਦੀ ਭਰਪਾਈ ਕਦੇ ਨਹੀਂ ਹੋ ਸਕਦੀ। ਅਜਿਹੇ ਸਮੇਂ 'ਚ ਸਰਕਾਰ ਦਾ ਫਰਜ਼ ਬਣਦਾ ਹੈ ਕਿ ਉਹ ਸ਼ਹੀਦ ਪਰਿਵਾਰਾਂ ਦੇ ਨਾਲ ਖੜ੍ਹੀ ਹੋਵੇ। ਇਸੇ ਜ਼ਿੰਮੇਵਾਰੀ ਨੂੰ ਨਿਭਾਉਂਦਿਆਂ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਵੱਲੋਂ ਸ਼ਹੀਦ ਸੈਨਿਕਾਂ ਦੇ ਪਰਿਵਾਰਾਂ ਨੂੰ 1 ਕਰੋੜ ਰੁਪਏ ਦੀ ਵਿੱਤੀ ਸਹਾਇਤਾ ਦੇਣ ਦਾ ਫੈਸਲਾ ਬਹੁਤ ਹੀ ਸ਼ਲਾਘਾਯੋਗ ਅਤੇ ਸੰਵੇਦਨਸ਼ੀਲ ਕਦਮ ਹੈ। ਇਹ ਫੈਸਲਾ ਸਿਰਫ਼ ਇੱਕ ਆਰਥਿਕ ਸਹਾਇਤਾ ਨਹੀਂ, ਸਗੋਂ ਦੇਸ਼ ਲਈ ਆਪਣੀ ਜਾਨ ਕੁਰਬਾਨ ਕਰਨ ਵਾਲੇ ਸੈਨਿਕਾਂ ਪ੍ਰਤੀ ਸਤਿਕਾਰ ਭੇਟ ਕਰਦਾ ਹੈ। ਸ਼ਹੀਦ ਦੀ ਕੁਰਬਾਨੀ ਨੂੰ ਕਿਸੇ ਵੀ ਕੀਮਤ ਨਾਲ ਨਹੀਂ ਤੋਲਿਆ ਜਾ ਸਕਦਾ, ਪਰ ਉਸ ਦੇ ਪਰਿਵਾਰ ਨੂੰ ਆਰਥਿਕ ਸੁਰੱਖਿਆ ਪ੍ਰਦਾਨ ਕਰਨਾ ਸਰਕਾਰ ਦੀ ਨੈਤਿਕ ਅਤੇ ਸਮਾਜਿਕ ਜ਼ਿੰਮੇਵਾਰੀ ਹੈ। ਪੰਜਾਬ ਸਰਕਾਰ ਦਾ ਇਹ ਫੈਸਲਾ ਸ਼ਹੀਦ ਪਰਿਵਾਰਾਂ ਨੂੰ ਇਹ ਅਹਿਸਾਸ ਦਿਵਾਉਂਦਾ ਹੈ ਕਿ ਉਨ੍ਹਾਂ ਦੇ ਦੁੱਖ 'ਚ ਪੂਰਾ ਸਮਾਜ ਅਤੇ ਸਰਕਾਰ ਉਨ੍ਹਾਂ ਦੇ ਨਾਲ ਖੜ੍ਹੀ ਹੈ1 ਕਰੋੜ ਰੁਪਏ ਦੀ ਸਹਾਇਤਾ ਰਾਸ਼ੀ ਨਾਲ ਪਰਿਵਾਰ ਦੀਆਂ ਆਰਥਿਕ ਲੋੜਾਂ ਨੂੰ ਕਾਫ਼ੀ ਹੱਦ ਤੱਕ ਪੂਰਾ ਕੀਤਾ ਜਾ ਸਕੇਗਾ, ਬੱਚਿਆਂ ਦੀ ਸਿੱਖਿਆ ਅਤੇ ਭਵਿੱਖ ਨੂੰ ਸੁਰੱਖਿਅਤ ਬਣਾਇਆ ਜਾ ਸਕੇਗਾ ਅਤੇ ਪਰਿਵਾਰ ਨੂੰ ਅਚਾਨਕ ਆਈ ਮੁਸ਼ਕਿਲ ਘੜੀ 'ਚ ਸਹਾਰਾ ਮਿਲੇਗਾ। ਇਹ ਸਹਾਇਤਾ ਰਾਸ਼ੀ ਆਰਮੀ, ਪੈਰਾ ਮਿਲਟਰੀ ਫੋਰਸ ਅਤੇ ਹੋਰ ਸੁਰੱਖਿਆ ਬਲਾਂ 'ਚ ਡਿਊਟੀ ਦੌਰਾਨ ਸ਼ਹੀਦ ਹੋਣ ਵਾਲੇ ਸੈਨਿਕਾਂ ਦੇ ਪਰਿਵਾਰਾਂ ਲਈ ਲਾਗੂ ਕੀਤੀ ਗਈ ਹੈ। ਇਸ ਨਾਲ ਲੋਕਾਂ 'ਚ ਇਹ ਸੰਦੇਸ਼ ਜਾਂਦਾ ਹੈ ਕਿ ਪੰਜਾਬ ਸਰਕਾਰ ਆਪਣੇ ਬਹਾਦਰ ਸੈਨਿਕਾਂ ਅਤੇ ਉਨ੍ਹਾਂ ਦੇ ਪਰਿਵਾਰਾਂ ਦੇ ਯੋਗਦਾਨ ਨੂੰ ਬਹੁਤ ਮਹੱਤਵ ਦਿੰਦੀ ਹੈ, ਜਿਹੜੇ ਸੈਨਿਕ ਦੇਸ਼ ਦੀ ਰੱਖਿਆ ਲਈ ਆਪਣਾ ਸਭ ਕੁਝ ਕੁਰਬਾਨ ਕਰ ਦਿੰਦੇ ਹਨ। ਉਨ੍ਹਾਂ ਦੇ ਪਰਿਵਾਰਾਂ ਦੀ ਦੇਖਭਾਲ ਕਰਨਾ ਹਰ ਸਰਕਾਰ ਦੀ ਪਹਿਲ ਹੋਣੀ ਚਾਹੀਦੀ ਹੈ। ਪੰਜਾਬ ਦੇ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਵੱਲੋਂ ਇਹ ਭਰੋਸਾ ਦੇਣਾ ਕਿ ਸ਼ਹੀਦਾਂ ਦੀ ਕੁਰਬਾਨੀ ਨੂੰ ਕਦੇ ਵਿਅਰਥ ਨਹੀਂ ਜਾਣ ਦਿੱਤਾ ਜਾਵੇਗਾ ਅਤੇ ਦੋਸ਼ੀਆਂ ਨੂੰ ਸਖ਼ਤ ਸਜ਼ਾ ਦਿੱਤੀ ਜਾਵੇਗੀ, ਲੋਕਾਂ 'ਚ ਵਿਸ਼ਵਾਸ ਪੈਦਾ ਕਰਦਾ ਹੈ। ਇਹ ਸੰਦੇਸ਼ ਸਿਰਫ਼ ਸ਼ਹੀਦ ਪਰਿਵਾਰਾਂ ਲਈ ਹੀ ਨਹੀਂ, ਸਗੋਂ ਪੂਰੇ ਸਮਾਜ ਲਈ ਮਹੱਤਵਪੂਰਨ ਹੈ। ਪੰਜਾਬ ਗੁਰੂਆਂ, ਯੋਧਿਆਂ ਅਤੇ ਸ਼ਹੀਦਾਂ ਦੀ ਧਰਤੀ ਹੈ੍ ਇਸ ਧਰਤੀ ਨੇ ਹਮੇਸ਼ਾ ਦੇਸ਼ ਦੀ ਰੱਖਿਆ ਲਈ ਅਣਗਿਣਤ ਕੁਰਬਾਨੀਆਂ ਦਿੱਤੀਆਂ ਹਨ। ਸ਼ਹੀਦਾਂ ਦੇ ਪਰਿਵਾਰਾਂ ਨੂੰ ਸਨਮਾਨ ਅਤੇ ਸੁਰੱਖਿਆ ਦੇਣ ਵਾਲੀਆਂ ਅਜਿਹੀਆਂ ਪਹਿਲਕਦਮੀਆਂ ਨਾ ਸਿਰਫ਼ ਉਨ੍ਹਾਂ ਦਾ ਮਨੋਬਲ ਵਧਾਉਂਦੀਆਂ ਹਨ, ਸਗੋਂ ਨੌਜਵਾਨ ਪੀੜ੍ਹੀ ਨੂੰ ਵੀ ਦੇਸ਼-ਸੇਵਾ ਅਤੇ ਦੇਸ਼-ਪ੍ਰੇਮ ਦੀ ਪ੍ਰੇਰਣਾ ਦਿੰਦੀਆਂ ਹਨ। ਪੰਜਾਬ ਸਰਕਾਰ ਵੱਲੋਂ ਸ਼ਹੀਦ ਜਵਾਨਾਂ ਦੇ ਪਰਿਵਾਰਾਂ ਨੂੰ 1 ਕਰੋੜ ਰੁਪਏ ਦੀ ਸਹਾਇਤਾ ਦੇਣ ਦਾ ਫੈਸਲਾ ਮਨੁੱਖਤਾ, ਸਨਮਾਨ ਅਤੇ ਜ਼ਿੰਮੇਵਾਰੀ ਦੀ ਭਾਵਨਾ ਨਾਲ ਭਰਪੂਰ ਹੈ। ਇਹ ਕਦਮ ਦਰਸਾਉਂਦਾ ਹੈ ਕਿ ਸਰਕਾਰ ਆਪਣੇ ਬਹਾਦਰ ਸੈਨਿਕਾਂ ਦੀਆਂ ਕੁਰਬਾਨੀਆਂ ਨੂੰ ਸਿਰਫ਼ ਯਾਦ ਹੀ ਨਹੀਂ ਕਰਦੀ, ਸਗੋਂ ਉਨ੍ਹਾਂ ਦੇ ਪਰਿਵਾਰਾਂ ਦੀ ਭਲਾਈ ਲਈ ਵੀ ਪੂਰੀ ਤਰ੍ਹਾਂ ਵਚਨਬੱਧ ਹੈ।

# ਪੰਜਾਬੀ ਜਵਾਬਦੇਹੀ ਤੇ ਨਿਆਂ ਚਾਹੁੰਦੇ ਹਨ, ਖਾਲੀ ਨਾਅਰੇ ਤੇ ਪ੍ਰਚਾਰ ਨਹੀਂ: ਬਲਤੇਜ ਪੰਨੂ

ਜ਼ਿਕਰ ਪੰਜਾਬ

**ਚੰਡੀਗੜ੍ਹ** : ਆਮ ਆਦਮੀ ਪਾਰਟੀ (ਆਪ) ਪੰਜਾਬ ਦੇ ਮੀਡੀਆ ਇੰਚਾਰਜ ਬਲਤੇਜ ਪੰਨੂ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਭਾਰਤੀ ਜਨਤਾ ਪਾਰਟੀ (ਭਾਜਪਾ) 'ਤੇ ਤਿੱਖਾ ਹਮਲਾ ਕਰਦਿਆਂ ਕਿਹਾ ਕਿ ਪ੍ਰਧਾਨ ਮੰਤਰੀ ਦਾ ਪੰਜਾਬ ਦੌਰਾ ਸਿਰਫ਼ ਝੂਠੇ ਦੋਸ਼ਾਂ ਨਾਲ ਭਰਿਆ ਇੱਕ ਸਿਆਸੀ ਡਰਾਮਾ ਸੀ। ਉਹ ਉਨ੍ਹਾਂ ਸਵਾਲਾਂ ਦੇ ਜਵਾਬ ਦੇਣ ਵਿੱਚ ਅਸਫਲ ਰਹੇ ਜੋ ਪੰਜਾਬ ਦੇ ਲੋਕਾਂ ਲਈ ਸਭ ਤੋਂ ਮਹੱਤਵਪੂਰਨ ਹਨ। ਇੱਕ ਵੀਡੀਓ ਸੰਦੇਸ਼ ਵਿੱਚ, 'ਆਪ' ਪੰਜਾਬ ਦੇ ਮੀਡੀਆ ਇੰਚਾਰਜ ਬਲਤੇਜ ਪੰਨੂ ਨੇ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਪੰਜਾਬ ਆਏ, ਪੰਜਾਬ ਸਰਕਾਰ 'ਤੇ ਬੇਬੁਨਿਆਦ ਦੋਸ਼ ਲਗਾਏ ਅਤੇ ਸੂਬੇ ਦੀਆਂ ਗੰਭੀਰ ਸਮੱਸਿਆਵਾਂ ਨੂੰ ਹੱਲ ਕੀਤੇ ਬਿਨਾਂ ਚਲੇ ਗਏ। ਉਨ੍ਹਾਂ ਕਿਹਾ, "ਪ੍ਰਧਾਨ ਮੰਤਰੀ ਕੋਲ ਪੰਜਾਬ ਲਈ ਕੋਈ ਜਵਾਬ ਨਹੀਂ ਸੀ। ਉਨ੍ਹਾਂ ਸਿਰਫ਼ ਦੋਸ਼ਾਂ ਅਤੇ ਰਾਜਨੀਤਿਕ ਬਿਆਨਬਾਜ਼ੀ ਨੂੰ ਦੁਹਰਾਇਆ, ਪਰ ਲੋਕਾਂ ਨੂੰ ਪ੍ਰਭਾਵਿਤ ਕਰਨ ਵਾਲੇ ਅਸਲ ਮੁੱਦਿਆਂ 'ਤੇ ਪੂਰੀ ਤਰ੍ਹਾਂ ਚੁੱਪ ਰਹੇ। ਪੰਜਾਬ ਨਾਲ ਸਬੰਧਤ ਕਈ ਮੁੱਖ ਮੁੱਦਿਆਂ 'ਤੇ ਪ੍ਰਧਾਨ ਮੰਤਰੀ ਦੀ ਚੁੱਪੀ 'ਤੇ ਸਵਾਲ ਉਠਾਉਂਦੇ ਹੋਏ, 'ਆਪ' ਮੀਡੀਆ ਇੰਚਾਰਜ ਨੇ ਕਿਹਾ ਕਿ ਲੋਕਾਂ ਨੂੰ ਜਵਾਬਾਂ ਦੀ ਉਮੀਦ ਸੀ ਪਰ ਕੋਈ ਜਵਾਬ ਨਹੀਂ ਮਿਲਿਆ। ਉਨ੍ਹਾਂ ਪੁੱਛਿਆ, "ਕਿਸਾਨਾਂ ਦੇ ਵਿਰੋਧ ਪ੍ਰਦਰਸ਼ਨ ਦੌਰਾਨ ਸੈਂਕੜੇ ਕਿਸਾਨਾਂ ਦੀਆਂ ਮੌਤਾਂ ਦਾ ਜਵਾਬ ਦੇਣ ਵਿੱਚ ਪ੍ਰਧਾਨ ਮੰਤਰੀ ਕਿਉਂ ਅਸਫਲ ਰਹੇ? ਘੱਟੋ-ਘੱਟ ਸਮਰਥਨ ਮੁੱਲ (ਐਮਐਸਪੀ) ਦੀ ਕਾਨੂੰਨੀ ਗਰੰਟੀ ਅਜੇ ਵੀ ਕਿਉਂ ਲਟਕ ਰਹੀ ਹੈ? ਕੇਂਦਰ ਸਰਕਾਰ ਪੰਜਾਬ ਦੇ ਫੰਡ ਕਿਉਂ ਰੋਕ



ਰਹੀ ਹੈ? ਪੰਜਾਬ ਨੂੰ ਉਹ ਫੰਡ ਨਾ ਮਿਲਣ ਦੇ ਬਾਵਜੂਦ ਵੀ ਬਚਣਾ ਪੈ ਰਿਹਾ ਹੈ ਜੋ ਸੂਬੇ ਦੇ ਹੱਕ ਵਿੱਚ ਹਨ, ਪਰ ਫਿਰ ਵੀ ਪ੍ਰਧਾਨ ਮੰਤਰੀ ਨੇ ਕੋਈ ਸਪੱਸ਼ਟੀਕਰਨ ਨਹੀਂ ਦਿੱਤਾ। ਭਾਜਪਾ ਦੇ "ਡਬਲ-ਇੰਜਣ ਸਰਕਾਰ"ਦੇ ਨਾਅਰੇ 'ਤੇ ਨਿਸ਼ਾਨਾ ਸਾਧਦੇ ਹੋਏ, ਪੰਨੂ ਨੇ ਕਿਹਾ ਕਿ ਪੰਜਾਬੀ ਪਹਿਲਾਂ ਹੀ ਅਜਿਹੀ ਸਰਕਾਰ ਦੀ ਅਸਲੀਅਤ ਦੇਖ ਚੁੱਕੇ ਹਨ। "2007 ਤੋਂ 2017 ਤੱਕ, ਜਦੋਂ ਭਾਜਪਾ ਅਤੇ ਸ਼੍ਰੋਮਣੀ ਅਕਾਲੀ ਦਲ ਨੇ ਇਕੱਠੇ ਪੰਜਾਬ 'ਤੇ ਰਾਜ ਕੀਤਾ, ਤਾਂ ਸੂਬੇ ਨੂੰ ਬਹੁਤ ਨੁਕਸਾਨ ਹੋਇਆ। ਭਾਜਪਾ-ਅਕਾਲੀ ਸਰਕਾਰ ਦੇ ਕਾਰਜਕਾਲ ਦਾ ਹਵਾਲਾ ਦਿੰਦੇ ਹੋਏ, ਬਲਤੇਜ ਪੰਨੂ ਨੇ ਕਿਹਾ ਕਿ ਪੰਜਾਬ ਅਜੇ ਵੀ ਉਸ ਸਮੇਂ ਲਏ ਗਏ ਫੈਸਲਿਆਂ ਦੇ ਨਤੀਜੇ ਭੁਗਤ ਰਿਹਾ ਹੈ। ਉਨ੍ਹਾਂ ਕਿਹਾ, "ਇਹ ਭਾਜਪਾ-ਅਕਾਲੀ ਰਾਜ ਦੌਰਾਨ ਹੀ ਪੰਜਾਬ ਵਿੱਚ ਨਸ਼ਾ ਫੈਲਿਆ, ਜਿਸਨੇ ਨੌਜਵਾਨਾਂ ਦੀ ਇੱਕ ਪੂਰੀ ਪੀੜ੍ਹੀ ਨੂੰ ਬਰਬਾਦ ਕਰ ਦਿੱਤਾ। ਉਸ ਸਮੇਂ ਦੌਰਾਨ ਗੈਂਗਸਟਰ ਸੱਭਿਆਚਾਰ ਵੀ ਵਧਿਆ, ਜਿਸ ਦੇ ਨਤੀਜੇ ਪੰਜਾਬ ਨੇ ਸਾਲਾਂ ਤੱਕ ਭੁਗਤੇ। ਪੰਜਾਬ ਵਿੱਚ ਇੱਕ ਹੋਰ ਮੌਕਾ ਮੰਗ ਰਹੀ ਭਾਜਪਾ 'ਤੇ ਸਵਾਲ ਉਠਾਉਂਦੇ ਹੋਏ ਉਨ੍ਹਾਂ ਕਿਹਾ ਕਿ ਲੋਕ ਪਾਰਟੀ ਦੇ ਪਿਛਲੇ ਰਿਕਾਰਡ ਨੂੰ ਨਹੀਂ ਭੁੱਲੇ ਹਨ। ਉਨ੍ਹਾਂ ਕਿਹਾ, "ਭਾਜਪਾ ਪੰਜਾਬੀਆਂ ਤੋਂ ਡਬਲ-ਇੰਜਣ ਸਰਕਾਰ ਕਿਵੇਂ ਮੰਗ ਸਕਦੀ ਹੈ? ਲੋਕਾਂ ਨੇ ਉਨ੍ਹਾਂ ਨੂੰ ਪਹਿਲਾਂ ਹੀ ਕਈ ਮੌਕੇ ਦੇ ਦਿੱਤੇ ਹਨ। 1997 ਤੋਂ 2002 ਅਤੇ ਫਿਰ 2007 ਤੋਂ 2017 ਤੱਕ, ਪੰਜਾਬ ਨੇ ਉਨ੍ਹਾਂ ਦਾ ਰਾਜ ਦੇਖਿਆ ਹੈ ਅਤੇ ਉਨ੍ਹਾਂ ਸਾਲਾਂ ਦੌਰਾਨ ਹੋਏ ਨੁਕਸਾਨ ਨੂੰ ਨਹੀਂ ਭੁੱਲਿਆ ਹੈ। ਬਲਤੇਜ ਪੰਨੂ ਨੇ ਕਿਹਾ, "ਪੰਜਾਬ ਦੇ ਲੋਕ ਭਾਜਪਾ ਦੇ ਟਰੈਕ ਰਿਕਾਰਡ ਤੋਂ ਪੂਰੀ ਤਰ੍ਹਾਂ ਜਾਣੂ ਹਨ ਅਤੇ ਨਾਅਰਿਆਂ ਅਤੇ ਰਾਜਨੀਤਿਕ ਪ੍ਰਚਾਰ ਦੁਆਰਾ ਗੁੰਮਰਾਹ ਨਹੀਂ ਹੋਣਗੇ। ਪੰਜਾਬੀ ਪ੍ਰਧਾਨ ਮੰਤਰੀ ਤੋਂ ਖਾਲੀ ਭਾਸ਼ਣਾਂ ਅਤੇ ਚੁਣੀ ਹੋਈ ਪੰਜਾਬ ਸਰਕਾਰ ਵਿਰੁੱਧ ਝੂਠੇ ਦੋਸ਼ਾਂ ਦੀ ਉਮੀਦ ਨਹੀਂ ਕਰਦੇ, ਸਗੋਂ ਉਹ ਜਵਾਬਦੇਹੀ, ਨਿਆਂ ਅਤੇ ਅਸਲ ਹੱਲ ਚਾਹੁੰਦੇ ਹਨ।

# ਮੇਰਾ ਸੰਘਰਸ਼ ਭਰਿਆ ਜੀਵਨ ਚੰਡੀਗੜ੍ਹ 'ਚ ਬੀਤਿਆ, ਇਹ ਮੇਰੀ ਕਰਮ ਭੂਮੀ : ਸੀਜੇਆਈ ਸੂਰਿਆ ਕਾਂਤ



ਜ਼ਿਕਰ ਪੰਜਾਬ

**ਚੰਡੀਗੜ੍ਹ** : ਭਾਰਤ ਦੇ ਚੀਫ਼ ਜਸਟਿਸ ਸੂਰਿਆ ਕਾਂਤ ਸ਼ਨੀਵਾਰ ਨੂੰ ਚੰਡੀਗੜ੍ਹ ਪਹੁੰਚੇ। ਉਨ੍ਹਾਂ ਨੇ ਸੈਕਟਰ 43 ਦੇ ਜ਼ਿਲ੍ਹਾ ਕੋਰਟ ਕੰਪਲੈਕਸ ਵਿਖੇ ਲਗਭਗ 40 ਕਰੋੜ ਦੀ ਲਾਗਤ ਨਾਲ ਬਣੇ ਇੱਕ ਬਹੁ-ਪੱਧਰੀ ਪਾਰਕਿੰਗ ਦਾ ਉਦਘਾਟਨ ਕੀਤਾ। ਇਸ ਨਾਲ ਵਕੀਲਾਂ ਅਤੇ ਜਨਤਾ ਨੂੰ ਪਾਰਕਿੰਗ ਸਮੱਸਿਆਵਾਂ ਤੋਂ ਕਾਫ਼ੀ ਰਾਹਤ ਮਿਲੇਗੀ। ਉਨ੍ਹਾਂ ਕਿਹਾ ਕਿ ਹਿਸਾਰ ਮੇਰਾ ਜਨਮ ਸਥਾਨ ਹੋ ਸਕਦਾ ਹੈ, ਪਰ ਚੰਡੀਗੜ੍ਹ ਮੇਰਾ ਕਰਮ ਸਥਾਨ ਰਿਹਾ ਹੈ। ਮੇਰਾ ਸੰਘਰਸ਼ ਭਰਿਆ ਜੀਵਨ ਇਸ ਸ਼ਹਿਰ 'ਚ, ਇਨ੍ਹਾਂ ਗਲੀਆਂ ਅਤੇ ਹਵਾਵਾਂ 'ਚ ਬਤੀਤ ਹੋਇਆ। ਮੇਰੇ ਕੋਲ ਜੋ ਕੁਝ ਵੀ ਹੈ ਉਹ ਤੁਹਾਡੇ ਸਮਰਥਨ, ਮਾਰਗਦਰਸ਼ਨ ਅਤੇ ਸਲਾਹ ਦਾ ਨਤੀਜਾ ਹੈ। ਚੀਫ਼ ਜਸਟਿਸ ਸੂਰਿਆ ਕਾਂਤ ਨੇ ਜ਼ਿਲ੍ਹਾ ਅਦਾਲਤ ਕੰਪਲੈਕਸ ਵਿਖੇ ਨਵੀਂ ਪਾਰਕਿੰਗ ਦਾ ਉਦਘਾਟਨ ਕਰਨ ਤੋਂ ਬਾਅਦ ਕਿਹਾ ਕਿ ਇਹ ਪ੍ਰੋਜੈਕਟ ਲੰਬੇ ਸਮੇਂ ਤੋਂ ਲਟਕਿਆ ਹੋਇਆ ਸੀ ਅਤੇ ਇਸ ਦੇ ਪੂਰਾ ਹੋਣ ਨਾਲ ਵਕੀਲਾਂ, ਮੁਕੱਦਮੇਬਾਜ਼ਾਂ ਅਤੇ ਜਨਤਾ ਨੂੰ ਮਹੱਤਵਪੂਰਨ ਰਾਹਤ ਮਿਲੇਗੀ। ਉਨ੍ਹਾਂ ਕਿਹਾ ਕਿ ਨਿਆਂਇਕ ਬੁਨਿਆਦੀ ਢਾਂਚੇ ਨੂੰ ਮਜ਼ਬੂਤ ਕਰਨਾ ਸਮੇਂ ਦੀ ਲੋੜ ਹੈ। ਇਸ ਸੰਦਰਭ ਚ, ਜ਼ਿਲ੍ਹਾ ਅਦਾਲਤ ਪਾਰਕਿੰਗ ਪ੍ਰੋਜੈਕਟ ਪੂਰਾ ਹੋ ਗਿਆ ਹੈ, ਜਿਸ ਨਾਲ ਅਦਾਲਤ 'ਚ ਆਉਣ ਵਾਲਿਆਂ ਨੂੰ ਲੰਬੇ ਸਮੇਂ ਤੋਂ ਚੱਲ ਰਹੀਆਂ ਸਮੱਸਿਆਵਾਂ ਦੂਰ ਹੋਣਗੀਆਂ।

ਹਾਈ ਕੋਰਟ 'ਚ ਅੰਗਰੇਜ਼ੀ ਦੀ ਬਜਾਏ ਹਿੰਦੀ ਜਾਂ ਸਥਾਨਕ ਭਾਸ਼ਾ 'ਚ ਕਾਰਵਾਈ ਕਰਨ ਦੇ ਸਵਾਲ ਬਾਰੇ, ਸੀਜੇਆਈ ਨੇ ਕਿਹਾ ਕਿ ਇਹ ਮਾਮਲਾ ਸਬੰਧਤ ਹਾਈ ਕੋਰਟਾਂ ਅਤੇ ਸੂਬਾ ਸਰਕਾਰਾਂ ਦੇ ਅਧਿਕਾਰ ਖੇਤਰ 'ਚ ਆਉਂਦਾ ਹੈ। ਜਿੱਥੇ ਸਹਿਮਤੀ ਬਣ ਜਾਂਦੀ ਹੈ, ਉੱਥੇ ਢੁਕਵੇਂ ਫੈਸਲੇ ਲਏ ਜਾ ਸਕਦੇ ਹਨ। ਆਰਟੀਫੀਸ਼ੀਅਲ ਇੰਟੈਲੀਜੈਂਸ (19) 'ਤੇ, ਚੀਫ਼ ਜਸਟਿਸ ਨੇ ਕਿਹਾ ਕਿ ਨਿਆਂਪਾਲਿਕਾ ਏਆਈ ਦੀ ਵਰਤੋਂ ਕਰ ਰਹੀ ਹੈ ਅਤੇ ਭਵਿੱਖ 'ਚ ਇਸਦਾ ਦਾਇਰਾ ਵਧੇਗਾ। ਹਾਲਾਂਕਿ, ਏਆਈ ਦੀ ਵਰਤੋਂ ਇੱਕ ਰੈਗੂਲੇਟਰੀ ਢਾਂਚੇ ਦੇ ਅੰਦਰ ਅਤੇ ਜੱਜ ਦੇ ਸੁਤੰਤਰ ਵਿਵੇਕ ਨਾਲ ਕੀਤੀ ਜਾਵੇਗੀ। ਉਨ੍ਹਾਂ ਕਿਹਾ ਕਿ ਏਆਈ ਨਾਲ ਸਬੰਧਤ ਦਿਸ਼ਾ-ਨਿਰਦੇਸ਼ ਸੁਪਰੀਮ ਕੋਰਟ ਦੀ ਵੈੱਬਸਾਈਟ 'ਤੇ ਵੀ ਉਪਲਬਧ ਹਨ। ਸੀਜੇਆਈ ਨੇ ਕਿਹਾ ਕਿ ਲੰਬਿਤ ਮਾਮਲਿਆਂ ਨੂੰ ਘਟਾਉਣ, ਜੱਜਾਂ ਦੀ ਨਿਯੁਕਤੀ ਨੂੰ ਤੇਜ਼ ਕਰਨ ਅਤੇ ਨਿਆਂਇਕ ਪ੍ਰਣਾਲੀ ਨੂੰ ਹੋਰ ਪ੍ਰਭਾਵਸ਼ਾਲੀ ਬਣਾਉਣ ਲਈ ਕੇਂਦਰ, ਸੂਬਾ ਸਰਕਾਰਾਂ ਅਤੇ ਨਿਆਂਪਾਲਿਕਾ ਵਿਚਕਾਰ ਨਿਰੰਤਰ ਤਾਲਮੇਲ ਕੀਤਾ ਜਾ ਰਿਹਾ ਹੈ।

## ਨਿਆਂਇਕ ਪੈਂਡਿੰਗ ਕੇਸਾਂ 'ਤੇ ਸਪਸ਼ਟੀਕਰਨ

ਚੀਫ਼ ਜਸਟਿਸ ਨੇ ਕਿਹਾ ਕਿ 5 ਕਰੋੜ ਪੈਂਡਿੰਗ ਕੇਸਾਂ ਦਾ ਅੰਕੜਾ ਅਕਸਰ ਪੇਸ਼ ਕੀਤਾ ਜਾਂਦਾ ਹੈ, ਪਰ ਇਸਦੇ ਪੂਰੇ ਸੰਦਰਭ ਨੂੰ ਸਮਝਣਾ ਮਹੱਤਵਪੂਰਨ ਹੈ। ਉਨ੍ਹਾਂ ਕਿਹਾ ਕਿ ਲਗਭਗ 2 ਕਰੋੜ ਮਾਮਲੇ ਇਸ ਸਮੇਂ ਆਮ ਨਿਆਂਇਕ ਪ੍ਰਕਿਰਿਆ ਦੇ ਵੱਖ-ਵੱਖ ਪੜਾਵਾਂ 'ਤੇ ਹਨ, ਜਿਵੇਂ ਕਿ ਨੋਟਿਸ ਜਾਰੀ ਕਰਨਾ ਜਾਂ ਜਵਾਬ ਦਾਇਰ ਕਰਨਾ। ਫਿਰ ਵੀ, ਉਨ੍ਹਾਂ ਮੰਨਿਆ ਕਿ ਮਾਮਲਿਆਂ ਦਾ ਬੈਕਲਾਗ ਇੱਕ ਵੱਡੀ ਚੁਣੌਤੀ ਬਣਿਆ ਹੋਇਆ ਹੈ, ਅਤੇ ਤਕਨਾਲੋਜੀ, ਗੁਣਵੱਤਾ ਵਾਲੀਆਂ ਨਿਯੁਕਤੀਆਂ ਅਤੇ ਬਿਹਤਰ ਨਿਆਂਇਕ ਪ੍ਰਬੰਧਨ ਰਾਹੀਂ ਇਸਨੂੰ ਘਟਾਉਣ ਲਈ ਨਿਰੰਤਰ ਯਤਨ ਕੀਤੇ ਜਾ ਰਹੇ ਹਨ। ਸੀਜੇਆਈ ਨੇ ਕਿਹਾ ਕਿ ਭਾਰਤੀ ਨਿਆਂਪਾਲਿਕਾ ਤਕਨਾਲੋਜੀ ਦੀ ਵਰਤੋਂ ਦੇ ਮਾਮਲੇ 'ਚ ਦੁਨੀਆ ਦੇ ਮੋਹਰੀ ਨਿਆਂਇਕ ਪ੍ਰਣਾਲੀਆਂ 'ਚੋਂ ਇੱਕ ਹੈ। ਈ-ਫਾਈਲਿੰਗ, ਵਰਚੁਅਲ ਸੁਣਵਾਈਆਂ ਅਤੇ ਔਨਲਾਈਨ ਕੇਸ ਟਰੈਕਿੰਗ ਵਰਗੀਆਂ ਸਹੂਲਤਾਂ ਨੇ ਗਰੀਬਾਂ, ਦੂਰ-ਦੁਰਾਡੇ ਅਤੇ ਸਮਾਜਿਕ ਤੌਰ 'ਤੇ ਪਛੜੇ ਲੋਕਾਂ ਲਈ ਨਿਆਂ ਤੱਕ ਪਹੁੰਚ ਨੂੰ ਆਸਾਨ ਬਣਾਇਆ ਹੈ। ਉਨ੍ਹਾਂ ਕਿਹਾ ਕਿ ਹੁਣ, ਕੋਈ ਵਿਅਕਤੀ ਆਪਣੇ ਪਿੰਡ ਜਾਂ ਸ਼ਹਿਰ ਤੋਂ ਕੇਸ ਦਾਇਰ ਕਰ ਸਕਦਾ ਹੈ, ਆਪਣੇ ਸਥਾਨਕ ਵਕੀਲ ਰਾਹੀਂ ਸੁਣਵਾਈ 'ਚ ਹਿੱਸਾ ਲੈ ਸਕਦਾ ਹੈ, ਅਤੇ ਆਪਣੇ ਕੇਸ ਦੀ ਸਥਿਤੀ ਅਤੇ ਅਗਲੀ ਮਿਤੀ ਬਾਰੇ ਔਨਲਾਈਨ ਜਾਣਕਾਰੀ ਪ੍ਰਾਪਤ ਕਰ ਸਕਦਾ ਹੈ।

# ਭਗਵੰਤ ਮਾਨ ਸਰਕਾਰ ਆਪਣੇ ਕਰਮਚਾਰੀਆਂ ਦੇ ਹੱਕਾਂ ਲਈ ਲੜਦੀ ਰਹੇਗੀ : ਤਰੁਣਪ੍ਰੀਤ ਸਿੰਘ ਸੌਂਦ

ਜ਼ਿਕਰ ਪੰਜਾਬ

**ਚੰਡੀਗੜ੍ਹ** : ਪੰਜਾਬ ਦੇ ਪੇਂਡੂ ਵਿਕਾਸ ਅਤੇ ਪੰਚਾਇਤ ਮੰਤਰੀ ਤਰੁਣਪ੍ਰੀਤ ਸਿੰਘ ਸੌਂਦ ਨੇ ਅੱਜ ਕੇਂਦਰੀ ਖੇਤੀਬਾੜੀ ਮੰਤਰੀ ਸ਼ਿਵਰਾਜ ਸਿੰਘ ਚੌਹਾਨ ਨੂੰ ਪੱਤਰ ਲਿਖ ਕੇ ਹਾਲ ਹੀ ਵਿੱਚ ਸ਼ੁਰੂ ਕੀਤੀ ਗਈ VB-G RAMJI (ਵਿਕਸਤ ਭਾਰਤ ਰੁਜ਼ਗਾਰ ਅਤੇ ਰੋਜ਼ੀ-ਰੋਟੀ ਲਈ ਗਰੰਟੀ) ਯੋਜਨਾ ਦੇ ਤਹਿਤ ਮਨਰੇਗਾ (ਮਹਾਤਮਾ ਗਾਂਧੀ ਰਾਸ਼ਟਰੀ ਪੇਂਡੂ ਰੁਜ਼ਗਾਰ ਗਰੰਟੀ ਐਕਟ) ਕਰਮਚਾਰੀਆਂ ਨੂੰ ਨਿਯਮਤ ਕਰਨ ਦੀ ਮੰਗ ਕੀਤੀ। ਉਨ੍ਹਾਂ ਕਰਮਚਾਰੀਆਂ ਲਈ ਨੌਕਰੀ ਸੁਰੱਖਿਆ ਨੂੰ ਯਕੀਨੀ ਬਣਾਉਣ ਲਈ ਇੱਕ ਦੇਸ਼ ਵਿਆਪੀ ਨੀਤੀ ਦੀ ਵੀ ਅਪੀਲ ਕੀਤੀ। ਮੰਤਰੀ ਨੇ ਕਿਹਾ ਕਿ ਭਗਵੰਤ ਮਾਨ ਸਰਕਾਰ ਪੰਜਾਬ ਦੇ 2,100 ਤੋਂ ਵੱਧ ਮਨਰੇਗਾ ਕਰਮਚਾਰੀਆਂ ਦੇ ਨਾਲ ਮੋਢੇ ਨਾਲ ਮੋਢਾ ਜੋੜ ਕੇ ਖੜ੍ਹੀ ਹੈ। ਉਨ੍ਹਾਂ ਨੇ ਨਵੀਂ ਯੋਜਨਾ ਦੇ ਵਿੱਤੀ ਬੋਝ ਨੂੰ ਰਾਜਾਂ ਵੱਲ ਤਬਦੀਲ ਕਰਨ ਅਤੇ ਉਨ੍ਹਾਂ ਦੇ ਭਵਿੱਖ ਨੂੰ ਅਨਿਸ਼ਚਿਤ ਬਣਾਉਣ ਦੇ ਕੇਂਦਰ ਸਰਕਾਰ ਦੇ ਫੈਸਲੇ 'ਤੇ ਸਵਾਲ ਉਠਾਉਂਦੇ ਹੋਏ ਬਕਾਇਆ ਤਨਖਾਹਾਂ ਤੁਰੰਤ ਜਾਰੀ ਕਰਨ ਦੀ ਮੰਗ ਕੀਤੀ। ਉਨ੍ਹਾਂ ਕਿਹਾ ਕਿ ਲਗਭਗ ਦੋ ਦਹਾਕਿਆਂ ਤੋਂ ਪੇਂਡੂ ਵਿਕਾਸ ਪ੍ਰੋਗਰਾਮਾਂ ਨੂੰ ਸਮਰਪਿਤ ਹੋ ਕੇ ਲਾਗੂ ਕਰਨ ਵਾਲੇ ਕਰਮਚਾਰੀਆਂ ਦੀ 18 ਸਾਲਾਂ ਦੀ ਸੇਵਾ ਨੂੰ ਨਜ਼ਰਅੰਦਾਜ਼ ਨਹੀਂ ਕੀਤਾ ਜਾ ਸਕਦਾ। ਅੱਜ ਇੱਥੇ ਪੰਜਾਬ ਭਵਨ ਵਿਖੇ ਆਯੋਜਿਤ ਇੱਕ ਪ੍ਰੈਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਪੇਂਡੂ ਵਿਕਾਸ ਅਤੇ ਪੰਚਾਇਤ ਮੰਤਰੀ



ਤਰੁਣਪ੍ਰੀਤ ਸਿੰਘ ਸੌਂਦ ਨੇ ਕਿਹਾ, "ਇਹ ਇੱਕ ਬਹੁਤ ਹੀ ਸੰਵੇਦਨਸ਼ੀਲ ਮੁੱਦਾ ਹੈ ਅਤੇ ਇਹ ਪੂਰੀ ਤਰ੍ਹਾਂ ਭਾਜਪਾ ਦੀ ਅਗਵਾਈ ਵਾਲੀ ਕੇਂਦਰ ਸਰਕਾਰ ਨਾਲ ਜੁੜਿਆ ਹੋਇਆ ਹੈ। ਹਾਲਾਂਕਿ, ਕਾਂਗਰਸ, ਅਕਾਲੀ ਦਲ ਅਤੇ ਪੰਜਾਬ ਭਾਜਪਾ ਸਮੇਤ ਸਾਰੀਆਂ ਵਿਰੋਧੀ ਪਾਰਟੀਆਂ ਇਸ ਮੁੱਦੇ ਤੋਂ ਧਿਆਨ ਹਟਾਉਣ ਅਤੇ ਜਨਤਾ ਨੂੰ ਗੁੰਮਰਾਹ ਕਰਨ ਦੀ ਕੋਸ਼ਿਸ਼ ਕਰ ਰਹੀਆਂ ਹਨ ਤਾਂ ਜੋ ਸਾਰਾ ਦੋਸ਼ ਪੰਜਾਬ ਸਰਕਾਰ 'ਤੇ ਪਾਇਆ ਜਾ ਸਕੇ।

ਇਸ ਲਈ, ਇਹ ਜ਼ਰੂਰੀ ਹੈ ਕਿ ਸੱਚਾਈ ਅਤੇ ਤੱਥ ਜਨਤਾ ਦੇ ਸਾਹਮਣੇ ਪੇਸ਼ ਕੀਤੇ ਜਾਣ। ਉਨ੍ਹਾਂ ਕਿਹਾ, "ਮਨਰੇਗਾ ਸਕੀਮ 2005 ਦੇ ਆਸਪਾਸ ਇੱਕ ਐਕਟ ਤਹਿਤ ਸ਼ੁਰੂ ਕੀਤੀ ਗਈ ਸੀ, ਜਿਸ ਰਾਹੀਂ ਕੇਂਦਰ ਸਰਕਾਰ ਦਾ ਉਦੇਸ਼ ਹਰ ਪਰਿਵਾਰ ਨੂੰ ਰੁਜ਼ਗਾਰ ਪ੍ਰਦਾਨ ਕਰਨਾ ਸੀ। ਇਹ ਸਕੀਮ ਪੰਜਾਬ ਵਿੱਚ ਲਗਭਗ 18 ਸਾਲਾਂ ਤੋਂ ਚੱਲ ਰਹੀ ਹੈ ਅਤੇ ਪੇਂਡੂ ਲੋਕਾਂ ਨੂੰ ਰੁਜ਼ਗਾਰ ਪ੍ਰਦਾਨ ਕਰ ਰਹੀ ਹੈ। ਮੰਤਰੀ ਨੇ ਦੱਸਿਆ ਕਿ ਤਕਨੀਕੀ ਸਹਾਇਕ (ਟੀਏ), ਗ੍ਰਾਮ ਰੁਜ਼ਗਾਰ ਸਹਾਇਕ (ਜੀਆਰਐਸ), ਅਤੇ ਕੰਪਿਊਟਰ ਆਪਰੇਟਰ ਸਮੇਤ ਲਗਭਗ 2,000 ਤੋਂ 2,100 ਕਰਮਚਾਰੀ ਪਿਛਲੇ 18 ਸਾਲਾਂ ਤੋਂ ਇਸ ਕੇਂਦਰ ਸਰਕਾਰ ਦੀ ਯੋਜਨਾ ਤਹਿਤ ਕੰਮ ਕਰ ਰਹੇ ਹਨ। ਉਨ੍ਹਾਂ ਕਿਹਾ, "ਇਨ੍ਹਾਂ ਕਰਮਚਾਰੀਆਂ ਦੀਆਂ ਸੇਵਾਵਾਂ ਨੂੰ ਨਿਯਮਤ ਕਰਨ ਅਤੇ ਉਨ੍ਹਾਂ ਦੇ ਭਵਿੱਖ ਨੂੰ ਸੁਰੱਖਿਅਤ ਕਰਨ ਦੀ ਬਜਾਏ, ਭਾਜਪਾ ਦੀ ਅਗਵਾਈ ਵਾਲੀ ਕੇਂਦਰ ਸਰਕਾਰ ਨੇ ਨਾ ਸਿਰਫ਼ ਪੰਜਾਬ ਵਿੱਚ ਸਗੋਂ ਦੇਸ਼ ਭਰ ਵਿੱਚ ਮੌਜੂਦਾ ਮਨਰੇਗਾ ਯੋਜਨਾ ਨੂੰ ਬੰਦ ਕਰ ਦਿੱਤਾ ਅਤੇ ਐਲਾਨ ਕੀਤਾ ਕਿ 1 ਜੁਲਾਈ ਤੋਂ ਇੱਕ ਨਵੀਂ ਯੋਜਨਾ ਲਾਗੂ ਕੀਤੀ ਜਾਵੇਗੀ। ਇਸ ਫੈਸਲੇ 'ਤੇ ਸਵਾਲ ਉਠਾਉਂਦੇ ਹੋਏ, ਸੌਂਡ ਨੇ ਕਿਹਾ, "ਸਭ ਤੋਂ ਵੱਡਾ ਸਵਾਲ ਇਹ ਹੈ ਕਿ ਪਿਛਲੇ 18 ਸਾਲਾਂ ਵਿੱਚ ਇਨ੍ਹਾਂ ਕਰਮਚਾਰੀਆਂ ਦੁਆਰਾ ਕੀਤੀ ਗਈ ਮਿਹਨਤ ਨੂੰ ਇੱਕ ਝਟਕੇ ਵਿੱਚ ਕਿਵੇਂ ਖਤਮ ਕੀਤਾ ਜਾ ਸਕਦਾ ਹੈ? ਉਨ੍ਹਾਂ ਨੇ ਕੇਂਦਰ ਸਰਕਾਰ ਦੇ ਐਕਟ ਅਤੇ ਇਸਦੀ ਯੋਜਨਾ ਦੇ ਤਹਿਤ ਇੰਨੇ ਸਾਲਾਂ ਤੱਕ ਕੰਮ ਕੀਤਾ। ਇਸ ਯੋਜਨਾ ਵਿੱਚ ਪੰਜਾਬ ਸਰਕਾਰ ਦੀ ਕੋਈ ਭੂਮਿਕਾ ਨਹੀਂ ਸੀ।

ਉਨ੍ਹਾਂ ਕਿਹਾ, "ਇਨ੍ਹਾਂ ਕਰਮਚਾਰੀਆਂ ਦੀਆਂ ਤਨਖਾਹਾਂ ਪੂਰੀ ਤਰ੍ਹਾਂ ਕੇਂਦਰ ਸਰਕਾਰ ਦੁਆਰਾ ਦਿੱਤੀਆਂ ਜਾਂਦੀਆਂ ਸਨ ਕਿਉਂਕਿ ਇਹ 100% ਕੇਂਦਰ ਸਰਕਾਰ ਦੀ ਯੋਜਨਾ ਸੀ। ਪਰ ਉਨ੍ਹਾਂ ਦੇ ਅਧਿਕਾਰਾਂ ਦੀ ਰੱਖਿਆ ਕਰਨ ਦੀ ਬਜਾਏ, ਕੇਂਦਰ ਸਰਕਾਰ ਨੇ ਇਸ ਯੋਜਨਾ ਨੂੰ ਬੰਦ ਕਰ ਦਿੱਤਾ, ਜਿਸ ਨਾਲ ਲਗਭਗ 2,100 ਕਰਮਚਾਰੀਆਂ ਨੂੰ ਵਿਰੋਧ ਪ੍ਰਦਰਸ਼ਨ ਕਰਨ ਲਈ ਮਜਬੂਰ ਹੋਣਾ ਪਿਆ। ਮੰਤਰੀ ਨੇ ਕਿਹਾ, "ਕਰਮਚਾਰੀਆਂ ਨੇ ਸਪੱਸ਼ਟ ਕਰ ਦਿੱਤਾ ਹੈ ਕਿ ਉਹ ਨਵੀਂ ਯੋਜਨਾ ਦੇ ਤਹਿਤ ਕੰਮ ਨਹੀਂ ਕਰਨਾ ਚਾਹੁੰਦੇ ਕਿਉਂਕਿ, 18 ਸਾਲ ਸੇਵਾ ਕਰਨ ਦੇ ਬਾਵਜੂਦ, ਉਨ੍ਹਾਂ ਨੂੰ ਇਸ ਬਾਰੇ ਕੋਈ ਯਕੀਨ ਨਹੀਂ ਹੈ ਕਿ ਉਨ੍ਹਾਂ ਨੂੰ ਕਦੋਂ ਨਿਯਮਤ ਕੀਤਾ ਜਾਵੇਗਾ।

## ਪੇਂਡੂ ਵਿਕਾਸ ਅਤੇ ਪੰਚਾਇਤ ਮੰਤਰੀ ਤਰੁਣਪ੍ਰੀਤ ਸਿੰਘ ਸੌਂਦ ਦਾ ਕੇਂਦਰੀ ਖੇਤੀਬਾੜੀ ਮੰਤਰੀ ਸ਼ਿਵਰਾਜ ਸਿੰਘ ਚੌਹਾਨ ਨੂੰ ਪੱਤਰ

ਭਾਰਤ ਸਰਕਾਰ ਨੇ ਅਚਾਨਕ ਮਹਾਤਮਾ ਗਾਂਧੀ ਰਾਸ਼ਟਰੀ ਪੇਂਡੂ ਰੁਜ਼ਗਾਰ ਗਰੰਟੀ ਐਕਟ (ਮਨਰੇਗਾ) ਨੂੰ ਬੰਦ ਕਰ ਦਿੱਤਾ ਹੈ ਅਤੇ ਇਸਦੀ ਥਾਂ ਵਿਕਾਸ ਭਾਰਤ ਰੁਜ਼ਗਾਰ ਅਤੇ ਆਜੀਵਿਕਾ ਮਿਸ਼ਨ (ਗ੍ਰਾਮੀਣ) ਯੋਜਨਾ 1 ਜੁਲਾਈ ਤੋਂ ਲਾਗੂ ਕਰ ਦਿੱਤੀ ਹੈ। ਇਸ ਨਵੀਂ ਯੋਜਨਾ ਦੇ ਤਹਿਤ, ਕੇਂਦਰ ਸਰਕਾਰ ਨੇ ਵਿੱਤੀ ਬੋਝ ਸਾਰੀਆਂ ਰਾਜ ਸਰਕਾਰਾਂ 'ਤੇ ਪਾ ਦਿੱਤਾ ਹੈ। ਭਾਰਤ ਸਰਕਾਰ ਹੁਣ ਲਗਭਗ ਦੋ ਦਹਾਕਿਆਂ ਤੋਂ ਮਨਰੇਗਾ ਅਧੀਨ ਕੰਮ ਕਰ ਰਹੇ ਮਿਹਨਤੀ ਕਾਮਿਆਂ ਨੂੰ ਨਵੀਂ ਯੋਜਨਾ ਦੇ ਤਹਿਤ ਠੇਕੇ ਦੇ ਆਧਾਰ 'ਤੇ ਕੰਮ ਕਰਦੇ ਰਹਿਣ ਲਈ ਮਜਬੂਰ ਕਰ ਰਹੀ ਹੈ। ਮੇਰੇ ਗ੍ਰਹਿ ਰਾਜ ਪੰਜਾਬ ਵਿੱਚ, ਇਹ ਕਾਮੇ ਹੜਤਾਲ 'ਤੇ ਹਨ ਕਿਉਂਕਿ ਮਨਰੇਗਾ ਬੰਦ ਹੋਣ ਨਾਲ ਉਨ੍ਹਾਂ ਦੀ ਰੋਜ਼ੀ-ਰੋਟੀ ਖ਼ਤਰੇ ਵਿੱਚ ਪੈ ਗਈ ਹੈ। ਉਨ੍ਹਾਂ ਦੇ ਅੰਦੋਲਨ ਅਤੇ ਹੜਤਾਲ ਦਾ ਮੁੱਖ ਕਾਰਨ ਇਹ ਹੈ ਕਿ ਪਿਛਲੇ 18 ਸਾਲਾਂ ਤੋਂ ਸੇਵਾ ਨਿਭਾ ਰਹੇ ਤਕਨੀਕੀ ਸਹਾਇਕ, ਕੰਪਿਊਟਰ ਸਹਾਇਕ ਅਤੇ ਹੋਰ ਸਟਾਫ਼ ਸਮੇਤ 2,100 ਤੋਂ ਵੱਧ ਠੇਕਾ ਕਾਮੇ ਮੰਗ ਕਰ ਰਹੇ ਹਨ ਕਿ ਉਨ੍ਹਾਂ ਦੀਆਂ ਸੇਵਾਵਾਂ ਨੂੰ ਨਵੀਂ ਯੋਜਨਾ ਦੇ ਤਹਿਤ ਨਿਯਮਤ ਕੀਤਾ ਜਾਵੇ। ਪੰਜਾਬ ਸਰਕਾਰ ਉਨ੍ਹਾਂ ਦੀ ਜਾਇਜ਼ ਮੰਗ ਦਾ ਸਮਰਥਨ ਕਰਦੀ ਹੈ। ਅਸੀਂ ਤੁਹਾਨੂੰ ਇਹ ਵੀ ਬੇਨਤੀ ਕਰਦੇ ਹਾਂ ਕਿ ਨਵੀਂ ਸਕੀਮ ਵਿੱਚ ਇੱਕ ਅਜਿਹਾ ਉਪਬੰਧ ਸ਼ਾਮਲ ਕਰੋ ਜੋ ਇਹਨਾਂ ਸਾਰੇ ਕਰਮਚਾਰੀਆਂ ਨੂੰ ਨਿਯਮਤ ਕਰੇ। ਇਹ ਸਿਰਫ਼ ਪੰਜਾਬ ਦਾ ਮੁੱਦਾ ਨਹੀਂ ਹੈ, ਦੇਸ਼ ਭਰ ਵਿੱਚ ਬਹੁਤ ਸਾਰੇ ਕਰਮਚਾਰੀ ਇਸੇ ਸਥਿਤੀ ਦਾ ਸਾਹਮਣਾ ਕਰ ਰਹੇ ਹਨ।

# ਐੱਸ.ਐੱਸ.ਪੀ ਡਾ. ਦਰਪਣ ਆਹਲੂਵਾਲੀਆ ਵੱਲੋਂ ਹੌਲਦਾਰ ਹਰਪ੍ਰੀਤ ਸਿੰਘ ਡੀਜੀਪੀ ਕਮੈਂਡੇਸ਼ਨ ਡਿਸਕ ਨਾਲ ਸਨਮਾਨਿਤ

**ਖੰਨਾ/ਮਨਜੀਤ ਸਿੰਘ ਧੀਮਾਨ**

ਖੰਨਾ ਪੁਲਿਸ ਦੇ ਹੌਲਦਾਰ ਹਰਪ੍ਰੀਤ ਸਿੰਘ ਨੂੰ ਉਨ੍ਹਾਂ ਦੀਆਂ ਸ਼ਾਨਦਾਰ ਸੇਵਾਵਾਂ, ਸ਼ਲਾਘਾਯੋਗ ਕਾਰਗੁਜ਼ਾਰੀ ਲਈ ਡੀ.ਜੀ.ਪੀ ਕਮੈਂਡੇਸ਼ਨ ਡਿਸਕ ਨਾਲ ਸਨਮਾਨਿਤ ਕੀਤਾ ਗਿਆ। ਇਹ ਸਨਮਾਨ ਪੰਜਾਬ ਪੁਲਿਸ ਦੇ ਡੀ.ਜੀ.ਪੀ ਗੌਰਵ ਯਾਦਵ ਵੱਲੋਂ ਪ੍ਰਦਾਨ ਕੀਤਾ ਗਿਆ, ਜਿਸਨੂੰ ਪੁਲਿਸ ਜ਼ਿਲ੍ਹਾ ਖੰਨਾ ਦੀ ਐਸ.ਐੱਸ.ਪੀ ਡਾ. ਦਰਪਣ ਆਹਲੂਵਾਲੀਆ ਨੇ ਹੌਲਦਾਰ ਹਰਪ੍ਰੀਤ ਸਿੰਘ ਦੀ ਯੂਨੀਫਾਰਮ ‘ਤੇ ਡਿਸਕ ਲਗਾ ਕੇ ਰਸਮੀ ਤੌਰ ‘ਤੇ ਸਨਮਾਨਿਤ ਕੀਤਾ। ਇਸ ਮੌਕੇ ਡੀ ਐਸ.ਪੀ ਖੰਨਾ ਵਿਨੋਦ ਕੁਮਾਰ ਵੀ ਮੌਜੂਦ ਰਹੇ। ਸਨਮਾਨ ਸਮਗਮ ਦੌਰਾਨ ਐਸ.ਐੱਸ.ਪੀ ਡਾ. ਦਰਪਣ ਆਹਲੂਵਾਲੀਆ ਨੇ ਹੌਲਦਾਰ ਹਰਪ੍ਰੀਤ ਸਿੰਘ ਦੀ ਪ੍ਰਸ਼ੰਸਾ ਕਰਦਿਆਂ ਕਿਹਾ ਕਿ ਉਹ ਆਪਣੀ ਡਿਊਟੀ ਪੂਰੀ ਇਮਾਨਦਾਰੀ, ਮਿਹਨਤ ਅਤੇ ਲਗਨ ਨਾਲ ਨਿਭਾਅ ਰਹੇ ਹਨ। ਉਨ੍ਹਾਂ ਕਿਹਾ ਕਿ ਪੁਲਿਸ ਬਲ ਵਿੱਚ ਇਸ ਤਰ੍ਹਾਂ ਦੇ ਮਿਹਨਤੀ ਅਤੇ ਜ਼ਿੰਮੇਵਾਰ ਕਰਮਚਾਰੀ ਵਿਭਾਗ ਦੀ ਅਸਲੀ ਤਾਕਤ ਹੁੰਦੇ ਹਨ ਜੋ ਮੁਸ਼ਕਲ ਹਾਲਾਤਾਂ ਵਿੱਚ ਵੀ ਆਪਣੀ ਡਿਊਟੀ ਨੂੰ ਪਹਿਲ ਦਿੰਦੇ ਹਨ। ਹੌਲਦਾਰ ਹਰਪ੍ਰੀਤ ਸਿੰਘ ਦੀ ਮਿਹਨਤ ਅਤੇ ਸਮਰਪਣ ਹੋਰ ਪੁਲਿਸ ਮੁਲਾਜ਼ਮਾਂ ਲਈ ਵੀ ਪ੍ਰੇਰਨਾ ਸਰੋਤ ਹੈ। ਡੀ ਐਸ.ਪੀ ਵਿਨੋਦ ਕੁਮਾਰ ਨੇ ਵੀ ਹੌਲਦਾਰ ਹਰਪ੍ਰੀਤ ਸਿੰਘ ਨੂੰ ਵਧਾਈ ਦਿੰਦਿਆਂ ਕਿਹਾ ਕਿ ਇਸ ਤਰ੍ਹਾਂ ਦੇ ਸਨਮਾਨ ਪੁਲਿਸ ਮੁਲਾਜ਼ਮਾਂ ਦਾ ਮਨੋਬਲ ਵਧਾਉਂਦੇ ਹਨ ਅਤੇ ਉਨ੍ਹਾਂ ਨੂੰ ਹੋਰ ਬਿਹਤਰ ਕੰਮ ਕਰਨ ਲਈ ਉਤਸ਼ਾਹਿਤ ਕਰਦੇ ਹਨ। ਉਨ੍ਹਾਂ ਕਿਹਾ ਕਿ ਪੁਲਿਸ ਵਿਭਾਗ ਵਿੱਚ ਸਖ਼ਤ ਮਿਹਨਤ ਅਤੇ ਇਮਾਨਦਾਰ ਸੇਵਾਵਾਂ ਨੂੰ ਹਮੇਸ਼ਾ ਸਨਮਾਨਿਤ ਕੀਤਾ ਜਾਂਦਾ ਹੈ। ਹੌਲਦਾਰ ਹਰਪ੍ਰੀਤ ਸਿੰਘ ਨੇ ਇਸ ਸਨਮਾਨ ਲਈ ਆਪਣੇ ਸੀਨੀਅਰ ਅਧਿਕਾਰੀਆਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਇਹ ਸਨਮਾਨ ਉਨ੍ਹਾਂ ਨੂੰ ਭਵਿੱਖ ਵਿੱਚ ਹੋਰ ਵਧੇਰੇ ਲਗਨ ਅਤੇ ਜ਼ਿੰਮੇਵਾਰੀ ਨਾਲ ਆਪਣੀ ਡਿਊਟੀ ਨਿਭਾਉਣ ਲਈ ਪ੍ਰੇਰਿਤ ਕਰੇਗਾ।



# ਆਰ ਐਸ ਮਾਡਲ ਸੀਨੀਅਰ ਸੈਕੰਡਰੀ ਸਕੂਲ ਵਿਖੇ ਵੈਦਿਕ ਭਾਸ਼ਨ ਮੁਕਾਬਲੇ ਕਰਵਾਏ

**ਲੁਧਿਆਣਾ/ਇੰਦਰਜੀਤ**

ਵੇਦ ਪ੍ਰਚਾਰ ਮੰਡਲ ਪੰਜਾਬ ਨੇ ਸ਼ੁਭ ਲਤਾ, ਪ੍ਰਿੰਸੀਪਲ ਅਤੇ ਡਾ. ਨਿਰੋਤਮ ਮੌਦਗਿਲ ਦੀ ਅਗਵਾਈ ਹੇਠ, ਆਰ.ਐਸ. ਮਾਡਲ ਸੀਨੀਅਰ ਸੈਕੰਡਰੀ ਸਕੂਲ, ਸ਼ਾਸਤਰੀ ਨਗਰ, ਲੁਧਿਆਣਾ ਵਿਖੇ ਇੱਕ ਅੰਤਰ-ਸਕੂਲ ਵੈਦਿਕ ਭਾਸ਼ਣ ਮੁਕਾਬਲਾ ਕਰਵਾਇਆ। ਇਸ ਸਮਾਗਮ ਦੀ ਪ੍ਰਧਾਨਗੀ ਡਾ. ਹਰਪ੍ਰੀਤ ਸਿੰਘ, ਪ੍ਰਿੰਸੀਪਲ, ਜੀ.ਜੀ.ਐਨ. ਖਾਲਸਾ ਇੰਸਟੀਚਿਊਟ ਆਫ਼ ਮੈਨੇਜਮੈਂਟ ਐਂਡ ਟੈਕਨਾਲੋਜੀ, ਘੁਮਾਰ ਮੰਡੀ ਨੇ ਕੀਤੀ। ਸਮਾਗਮ ਦਾ ਉਦਘਾਟਨ ਮੁੱਖ ਮਹਿਮਾਨ ਪ੍ਰਸ਼ਾਂਤ ਵਰਧਨ, ਮੰਡਲ ਮੁਖੀ, ਪੰਜਾਬ ਨੈਸ਼ਨਲ ਬੈਂਕ; ਅਜੈ ਬੱਤਰਾ (ਮੈਸਰਜ਼ ਬੱਤਰਾ ਐਂਡ ਕੰਪਨੀ), ਡਾ. ਸਰੋਜ ਅਗਰਵਾਲ (ਅਗਰਵਾਲ ਨਰਸਿੰਗ ਹੋਮ), ਅਤੇ ਪ੍ਰਿੰਸੀਪਲ ਪੂਨਮ ਸ਼ਰਮਾ, ਸ਼੍ਰੀ ਹਰਕ੍ਰਿਸ਼ਨ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਨੇ ਦੀਪ ਜਗਾ ਕੇ ਕੀਤਾ। ਜੇ.ਸੀ. ਕਪੂਰ ਅਤੇ ਅਸ਼ੋਕ ਅਵਸਥੀ ਨੇ ਡਰਾਅ ਕੱਢ ਕੇ ਅਤੇ ਭਾਗੀਦਾਰਾਂ ਨੂੰ ਬੈਜ ਦੇ ਕੇ ਮੁਕਾਬਲੇ ਦਾ ਉਦਘਾਟਨ ਕੀਤਾ। ਮਹਿਮਾਨਾਂ ਦਾ ਸਵਾਗਤ ਰੋਸ਼ਨ ਲਾਲ ਆਰੀਆ, ਰਾਜੀਵ ਅਗਰਵਾਲ, ਸਤੀਸ਼ ਸ਼ਰਮਾ, ਬੌਬੀ ਮਲਹੋਤਰਾ, ਅਰੁਣ ਭਾਰਦਵਾਜ, ਰੇਣੂ ਵਧਵਾ, ਰਾਜੇਂਦਰ ਬੱਤਰਾ ਅਤੇ ਹੋਰ ਮੰਡਲ ਅਧਿਕਾਰੀਆਂ ਨੇ ਕੀਤਾ। ਸਕੂਲ ਪ੍ਰਿੰਸੀਪਲ ਸ਼ੁਭ ਲਤਾ ਨੇ ਆਪਣੇ ਭਾਸ਼ਣ ਵਿੱਚ ਸਾਰਿਆਂ ਦਾ ਸਵਾਗਤ ਕਰਦਿਆਂ ਕਿਹਾ ਕਿ ਵੇਦ ਪ੍ਰਚਾਰ ਮੰਡਲ ਨੌਜਵਾਨਾਂ, ਖਾਸ ਕਰਕੇ ਵਿਦਿਆਰਥੀਆਂ ਵਿੱਚ ਕਦਰਾਂ-ਕੀਮਤਾਂ ਪੈਦਾ ਕਰਨ ਲਈ ਯਤਨਸ਼ੀਲ ਹੈ। ਉਨ੍ਹਾਂ ਦੱਸਿਆ ਕਿ ਅਜਿਹੇ ਮੁਕਾਬਲੇ ਅੱਜ ਇੱਕ ਲੋੜ ਹਨ ਅਤੇ ਇਨ੍ਹਾਂ ਨੂੰ ਹੋਰ ਵੀ ਜ਼ਿਆਦਾ ਵਾਰ ਆਯੋਜਿਤ ਕੀਤਾ ਜਾਣਾ ਚਾਹੀਦਾ ਹੈ। ਇਸ ਮੁਕਾਬਲੇ ਵਿੱਚ 29 ਸਕੂਲਾਂ ਦੇ ਭਾਗੀਦਾਰਾਂ ਨੇ ਪੇਸ਼ਕਾਰੀ ਕੀਤੀ। ਵੈਦਿਕ ਸੱਭਿਆਚਾਰ ਤੋਂ ਇਲਾਵਾ, ਵਿਦਿਆਰਥੀਆਂ ਨੇ ਵੱਖ-ਵੱਖ ਮੌਜੂਦਾ ਮੁੱਦਿਆਂ ਨਾਲ ਸਬੰਧਤ ਵਿਸ਼ਿਆਂ ’ਤੇ ਗੱਲ ਕੀਤੀ। ਡਾ. ਨਰਿੰਦਰ ਸੰਧੂ, ਪ੍ਰੋ. ਸਰੋਜਨੀ ਸੈਦਾ ਅਤੇ ਪ੍ਰੋ. ਅਮਰਜੀਤ ਨੇ ਜੱਜ ਵਜੋਂ ਸੇਵਾ ਨਿਭਾਈ। ਮੁੱਖ ਮਹਿਮਾਨ ਪ੍ਰਸ਼ਾਂਤ ਵਰਧਨ ਨੇ ਆਪਣੇ ਸੰਬੋਧਨ ਵਿੱਚ ਕਿਹਾ ਕਿ ਮੰਡਲ ਵੱਲੋਂ ਵਿਸ਼ਿਆਂ ਦੀ ਚੋਣ ਸ਼ਲਾਘਾਯੋਗ ਸੀ, ਅਤੇ ਵਿਦਿਆਰਥੀਆਂ ਨੇ ਸ਼ਾਨਦਾਰ ਪੇਸ਼ਕਾਰੀਆਂ ਦੇਣ ਲਈ ਸਖ਼ਤ ਮਿਹਨਤ ਕੀਤੀ ਹੈ। ਡਾ. ਹਰਪ੍ਰੀਤ ਸਿੰਘ ਨੇ ਆਪਣੇ ਪ੍ਰਧਾਨਗੀ ਭਾਸ਼ਣ ਵਿੱਚ ਕਿਹਾ ਕਿ ਵਿਦਿਆਰਥੀਆਂ ਤੱਕ ਵੇਦਾਂ ਦਾ ਸੰਦੇਸ਼ ਪਹੁੰਚਾਉਣਾ ਇੱਕ ਪੁੰਨ ਦਾ ਕੰਮ ਹੈ ਅਤੇ ਬੱਚਿਆਂ ਵਿੱਚ ਕਦਰਾਂ-ਕੀਮਤਾਂ ਪੈਦਾ ਕਰੇਗਾ। ਸਾਨੂੰ ਭਾਗੀਦਾਰਾਂ ਦੇ ਭਾਸ਼ਣਾਂ ਵਿੱਚ ਮੌਜੂਦ ਸੰਦੇਸ਼ ਨੂੰ ਆਪਣੇ ਜੀਵਨ ਵਿੱਚ ਅਪਣਾਉਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਵੇਦਾਂ ਵਿੱਚ ਦਰਸਾਏ ਮਾਰਗ ’ਤੇ ਚੱਲ ਕੇ, ਅਸੀਂ ਮਨੁੱਖੀ ਜੀਵਨ ਦਾ ਟੀਚਾ, ਭਾਵ, ਪਰਮਾਤਮਾ ਪ੍ਰਾਪਤ ਕਰ ਸਕਦੇ ਹਾਂ। ਸ਼ੁਭ ਲਤਾ, ਡਾ. ਨਿਰੋਤਮ, ਅਤੇ ਰੋਸ਼ਨ ਲਾਲ ਆਰੀਆ ਨੇ ਸਾਰੇ ਮਹਿਮਾਨਾਂ ਨੂੰ ਸਤਿਆਰਥ ਪ੍ਰਕਾਸ਼ ਭੇਟ ਕਰਕੇ ਸਨਮਾਨਿਤ ਕੀਤਾ। ਸਮਾਰੋਹ ਦੇ ਵਿਸ਼ੇਸ਼ ਮਹਿਮਾਨ ਅਮਰਜੀਤ ਕੰਬੋਜ ਨੇ ਜੇਤੂਆਂ ਨੂੰ ਇਨਾਮ ਅਤੇ ਸਰਟੀਫਿਕੇਟ ਭੇਟ ਕੀਤੇ। ਮੁਕਾਬਲੇ ਦੇ ਨਤੀਜੇ ਇਸ ਪ੍ਰਕਾਰ ਰਹੇ: ਪਹਿਲਾ ਇਨਾਮ: ਆਰਾਧਿਆ ਮਿਸ਼ਰਾ (ਖਾਲਸਾ ਗਰਲਜ਼ ਸੀ.ਐਸ. ਸਕੂਲ) ਦੂਜਾ ਇਨਾਮ: ਵੰਸ਼ (ਰਾਸ਼ਟਰੀ ਬਾਲ ਵਿਦਿਆ ਮੰਦਰ) ਤੀਜਾ ਇਨਾਮ: ਭਾਵਨਾ (ਭਾਰਤੀ ਵਿਦਿਆ ਮੰਦਰ ਸੀ.ਐਸ. ਸਕੂਲ) ਪ੍ਰਸ਼ੰਸਾ ਪੁਰਸਕਾਰ: ਸਵਾਤੀ (ਹਰਬੰਸ ਵਿਦਿਆ ਮੰਦਰ ਸਕੂਲ) ਅਨੀਸ਼ਾ (ਸਰਗੋਧਾ ਪਬਲਿਕ ਸੀ.ਐਸ. ਸਕੂਲ) ਖੁਸ਼ੀ (ਐਸ.ਵੀ.ਐਨ.ਸੀ. ਸਕੂਲ)।



# ਦੋਰਾਹਾ ਦੇ ਆਸ-ਪਾਸ ਲੱਗੀਆਂ ਫੈਕਟਰੀਆਂ ਵੱਲੋਂ ਗੁਪਤ ਤਰੀਕੇ ਨਾਲ ਧਰਤੀ ਹੇਠਾਂ ਸੁੱਟਿਆ ਜਾ ਰਿਹਾ ਕੈਮੀਕਲਯੁਕਤ ਪਾਣੀ : ਚੇਅਰਮੈਨ ਗਿੱਲ

**ਖੰਨਾ/ਮਨਜੀਤ ਸਿੰਘ ਧੀਮਾਨ**

ਦੋਰਾਹਾ ਅਤੇ ਆਸ-ਪਾਸ ਦੇ ਉਦਯੋਗਿਕ ਖੇਤਰ ਵਿੱਚ ਕੁਝ ਫੈਕਟਰੀਆਂ ਵੱਲੋਂ ਕਈ ਸਾਲਾਂ ਤੋਂ ਕੈਮੀਕਲਯੁਕਤ ਗੰਦਾ ਪਾਣੀ ਗੁਪਤ ਤਰੀਕੇ ਨਾਲ ਧਰਤੀ ਹੇਠਾਂ ਪਾਏ ਜਾਣ ਦਾ ਗੰਭੀਰ ਮਾਮਲਾ ਸਾਹਮਣੇ ਆਇਆ ਹੈ। ਇਸ ’ਤੇ ਸਖ਼ਤ ਨੋਟਿਸ ਲੈਂਦਿਆਂ *ਚੇਅਰਮੈਨ ਬੂਟਾ ਸਿੰਘ ਗਿੱਲ* ਨੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਅਤੇ ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ ਨੂੰ ਲਿਖਤੀ ਸ਼ਿਕਾਇਤ ਭੇਜ ਕੇ ਤੁਰੰਤ ਕਾਰਵਾਈ ਦੀ ਮੰਗ ਕੀਤੀ ਹੈ।



ਬੂਟਾ ਸਿੰਘ ਗਿੱਲ ਨੇ ਕਿਹਾ ਕਿ ਦੋਰਾਹਾ ਦੇ ਆਸ-ਪਾਸ ਲੱਗੀਆਂ ਕੁਝ ਫੈਕਟਰੀਆਂ ETP ਚਲਾਉਣ ਦੀ ਬਜਾਏ ਰਾਤ ਦੇ ਸਮੇਂ ਟੈਂਕਰਾਂ ਅਤੇ ਲੁਕਵੀਆਂ ਪਾਈਪਲਾਈਨਾਂ ਰਾਹੀਂ ਗੰਦਾ ਪਾਣੀ ਖੇਤਾਂ ਅਤੇ ਫੈਕਟਰੀ ਅੰਦਰ ਖੁਦਾਈ ਕਰਕੇ ਗੁਪਤ ਤਰੀਕੇ ਨਾਲ ਬਣਾਏ ਬੋਰਾਂ ਵਿੱਚ ਸੁੱਟ ਰਹੀਆਂ ਹਨ। ਇਹ ਕੰਮ ਕਾਫੀ ਲੰਬੇ ਸਮੇਂ ਤੋਂ ਬਿਨਾਂ ਕਿਸੇ ਡਰ ਤੋਂ ਚੱਲ ਰਿਹਾ ਹੈ। ਉਨ੍ਹਾਂ ਕਿਹਾ ਕਿ *ਇਹਨਾਂ ਫੈਕਟਰੀਆਂ ਨਾਲ ਲੱਗਦੇ ਪਿੰਡਾਂ ਜਿਵੇਂ ਬਰਮਾਲੀਪੁਰ, ਕੱਦੋਂ, ਸਾਹਪੁਰ, ਕੋਟਲੀ, ਪਾਇਲ ਅਤੇ ਬਿਸ਼ਨਪੁਰਾ ਆਦਿ ਪਿੰਡਾਂ ਦੇ ਪਾਣੀ ਦਾ ਰੰਗ ਬਦਲ ਚੁੱਕਾ ਹੈ ਅਤੇ ਜ਼ਮੀਨਾਂ ਦੀ ਉਪਜਾਊ ਸ਼ਕਤੀ ਵੀ ਘਟ ਰਹੀ ਹੈ। ਲੋਕਾਂ ਨੂੰ ਚਮੜੀ ਅਤੇ ਪੇਟ ਦੀਆਂ ਬਿਮਾਰੀਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਚੇਅਰਮੈਨ ਬੂਟਾ ਸਿੰਘ ਗਿੱਲ ਨੇ ਮੁੱਖ ਮੰਤਰੀ ਭਗਵੰਤ ਮਾਨ ਨੂੰ ਲਿਖੀ ਚਿੱਠੀ ਵਿੱਚ ਮੰਗ ਕੀਤੀ ਹੈ ਕਿ ਇਸ ਮਾਮਲੇ ਦੀ ਉੱਚ ਪੱਧਰੀ ਜਾਂਚ ਕਰਵਾਈ ਜਾਵੇ ਅਤੇ ਦੋਸ਼ੀ ਫੈਕਟਰੀ ਮਾਲਕਾਂ ਵਿਰੁੱਧ ਸਖ਼ਤ ਕਾਨੂੰਨੀ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇ। ਉਨ੍ਹਾਂ ਪ੍ਰਦੂਸ਼ਣ ਕੰਟਰੋਲ ਬੋਰਡ ਨੂੰ ਵੀ ਅਪੀਲ ਕੀਤੀ ਕਿ ਦੋਰਾਹਾ ਦੇ ਉਦਯੋਗਿਕ ਖੇਤਰ ਵਿੱਚ ਅਚਾਨਕ ਛਾਪੇਮਾਰੀ ਕਰਕੇ ਪਾਣੀ ਅਤੇ ਮਿੱਟੀ ਦੇ ਸੈਂਪਲ ਭਰੇ ਜਾਣ। ਚੇਅਰਮੈਨ ਗਿੱਲ ਨੇ ਕਿਹਾ ਮਾਨ ਸਰਕਾਰ ਵਾਤਾਵਰਣ ਅਤੇ ਕਿਸਾਨਾਂ ਪ੍ਰਤੀ ਵਚਨਬੱਧ ਹੈ। ਜੇ ਸਮੇਂ ਸਿਰ ਇਸ ’ਤੇ ਰੋਕ ਨਾ ਲਗਾਈ ਗਈ ਤਾਂ ਆਉਣ ਵਾਲੀਆਂ ਪੀੜ੍ਹੀਆਂ ਲਈ ਪੀਣ ਯੋਗ ਪਾਣੀ ਦਾ ਸੰਕਟ ਖੜ੍ਹਾ ਹੋ ਜਾਵੇਗਾ। ਇਲਾਕਾ ਵਾਸੀਆਂ ਨੇ ਵੀ ਬੂਟਾ ਸਿੰਘ ਗਿੱਲ ਦੇ ਇਸ ਕਦਮ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਪ੍ਰਸ਼ਾਸਨ ਨੂੰ ਹੁਣ ਇਸ ਮਾਮਲੇ ਵਿੱਚ ਸਖ਼ਤੀ ਵਰਤਣੀ ਚਾਹੀਦੀ ਹੈ ਤਾਂ ਜੋ ਧਰਤੀ ਹੇਠਲੇ ਪਾਣੀ ਨੂੰ ਬਚਾਇਆ ਜਾ ਸਕੇ।

# 200 ਮੈਂਬਰਾਂ ਨਾਲ ਜੇਸੀਆਈ ਲੁਧਿਆਣਾ ਸੈਂਟਰਲ ਬਣਿਆ ਦੇਸ਼ ਦਾ ਦੂਜਾ ਸਭ ਤੋਂ ਵੱਡਾ ਚੈਪਟਰ

**ਲੁਧਿਆਣਾ/ਗੌਰਵ**

ਜੇਸੀਆਈ ਇੰਡੀਆ ਦੇ ਨੈਸ਼ਨਲ ਪ੍ਰੈਜ਼ੀਡੈਂਟ ਆਰਪੀਪੀ ਭਰਤ ਐਨ. ਆਚਾਰਿਆ ਦੇ ਜ਼ੋਨ-1 ਦੌਰੇ ਦੌਰਾਨ ਜੇਸੀਆਈ ਲੁਧਿਆਣਾ ਸੈਂਟਰਲ ਨੇ ਇੱਕ ਹੋਰ ਇਤਿਹਾਸਕ ਮੀਲ ਪੱਥਰ ਹਾਸਲ ਕੀਤਾ। 14 ਜੁਲਾਈ ਨੂੰ ਹੋਈ ਮਲਟੀ ਐਲਓ ਮੀਟ ਵਿੱਚ 200 ਮੈਂਬਰਾਂ ਨਾਲ ਜੇਸੀਆਈ ਇੰਡੀਆ ਦਾ ਦੂਜਾ ਸਭ ਤੋਂ ਵੱਡਾ ਲੋਕਲ ਆਰਗੇਨਾਈਜ਼ੇਸ਼ਨ ਬਣਨ ’ਤੇ ਜੇਸੀਆਈ ਲੁਧਿਆਣਾ ਸੈਂਟਰਲ ਨੂੰ ਗੋਲਡਨ ਕਾਲਰ ਅਤੇ ਜੇਸੀਆਈ ਪਿਨ ਨਾਲ ਸਨਮਾਨਿਤ ਕੀਤਾ ਗਿਆ। ਇਸ ਮੌਕੇ ਜੇਸੀਆਈ ਲੁਧਿਆਣਾ ਸੈਂਟਰਲ ਦੇ ਪ੍ਰਧਾਨ ਜੇਐਫਐਮ ਐਡਵੋਕੇਟ ਸਿਮਰਨਪ੍ਰੀਤ ਸਿੰਘ ਨੇ ਨੈਸ਼ਨਲ ਪ੍ਰੈਜ਼ੀਡੈਂਟ ਸਾਹਮਣੇ ਆਪਣੀ ਪ੍ਰੈਜ਼ੀਡੈਂਟ ਰਿਪੋਰਟ ਪੇਸ਼ ਕੀਤੀ। ਰਿਪੋਰਟ ਵਿੱਚ ਮੈਂਬਰਸ਼ਿਪ ਵਾਧੇ, ਸਮਾਜ ਸੇਵਾ ਪ੍ਰੋਜੈਕਟਾਂ ਅਤੇ ਸੰਸਥਾ ਦੀਆਂ ਉਪਲਬਧੀਆਂ ਬਾਰੇ ਜਾਣਕਾਰੀ ਦਿੱਤੀ ਗਈ, ਜਿਸ ਦੀ ਨੈਸ਼ਨਲ ਪ੍ਰੈਜ਼ੀਡੈਂਟ ਸਮੇਤ ਹਾਜ਼ਰ ਅਹੁਦੇਦਾਰਾਂ ਨੇ ਭਰਪੂਰ ਸ਼ਲਾਘਾ ਕੀਤੀ। 15 ਜੁਲਾਈ ਨੂੰ ਨੈਸ਼ਨਲ ਪ੍ਰੈਜ਼ੀਡੈਂਟ ਨੇ ਜੇਸੀਆਈ ਲੁਧਿਆਣਾ ਸੈਂਟਰਲ ਦੇ ਦਫ਼ਤਰ ਦਾ ਅਧਿਕਾਰਕ ਦੌਰਾ ਕੀਤਾ। ਇਸ ਮੌਕੇ ਮੈਂਬਰਾਂ ਵੱਲੋਂ ਉਨ੍ਹਾਂ ਦਾ ਨਿੱਘਾ ਸਵਾਗਤ ਕੀਤਾ ਗਿਆ ਅਤੇ 200 ਮੈਂਬਰਾਂ ਦੀ ਇਤਿਹਾਸਕ ਉਪਲਬਧੀ ਦਾ ਕੇਕ ਕੱਟ ਕੇ ਜਸ਼ਨ ਮਨਾਇਆ ਗਿਆ। ਇਸ ਦੌਰਾਨ ਆਉਣ ਵਾਲੇ ਪ੍ਰੋਜੈਕਟਾਂ ਅਤੇ ਸਮਾਜ ਸੇਵਾ ਗਤੀਵਿਧੀਆਂ ਸਬੰਧੀ ਵਿਸਥਾਰ ਨਾਲ ਚਰਚਾ ਕੀਤੀ ਗਈ। ਨੈਸ਼ਨਲ ਪ੍ਰੈਜ਼ੀਡੈਂਟ ਨੇ ਪ੍ਰਭਾਵਸ਼ਾਲੀ ਲੀਡਰਸ਼ਿਪ ਅਤੇ ਗੁਣਵੱਤਾ ਭਰੇ ਪ੍ਰੋਜੈਕਟਾਂ ਨੂੰ ਸਫ਼ਲਤਾਪੂਰਵਕ ਲਾਗੂ ਕਰਨ ਲਈ ਮੈਂਬਰਾਂ ਨੂੰ ਅਹਿਮ ਮਾਰਗਦਰਸ਼ਨ ਦਿੱਤਾ। ਇਸ ਤੋਂ ਬਾਅਦ ਜੇਸੀਆਈ ਲੁਧਿਆਣਾ ਸੈਂਟਰਲ ਵੱਲੋਂ ਨੈਸ਼ਨਲ ਫਲੈਗਸ਼ਿਪ ਪ੍ਰੋਗਰਾਮ ਤਹਿਤ ਮੇਗਾ ਸਸਟੇਨੇਬਲ ਸਿੱਪਿੰਗ ਪ੍ਰੋਜੈਕਟ ਕਰਵਾਇਆ ਗਿਆ। ਇਸ ਤਹਿਤ ਤਿੱਖੀ ਧੁੱਪ ਵਿੱਚ ਮਿਹਨਤ ਕਰ ਰਹੇ ਮਜ਼ਦੂਰਾਂ ਨੂੰ 500 ਸਟੀਲ ਦੀਆਂ ਪਾਣੀ ਦੀਆਂ ਬੋਤਲਾਂ ਵੰਡੀਆਂ ਗਈਆਂ। ਇਸ ਉਪਰਾਲੇ ਦਾ ਮਕਸਦ ਮਜ਼ਦੂਰਾਂ ਦੀ ਸਿਹਤ ਦੀ ਸੰਭਾਲ ਕਰਨਾ, ਉਨ੍ਹਾਂ ਨੂੰ ਸਾਫ਼ ਪਾਣੀ ਦੀ ਵਰਤੋਂ ਲਈ ਪ੍ਰੇਰਿਤ ਕਰਨਾ ਅਤੇ ਸਿੰਗਲ-ਯੂਜ਼ ਪਲਾਸਟਿਕ ਨੂੰ ਘਟਾ ਕੇ ਵਾਤਾਵਰਣ ਸੰਭਾਲ ਦਾ ਸੰਦੇਸ਼ ਦੇਣਾ ਸੀ। ਇਸ ਮੌਕੇ ਨਗਰ ਨਿਗਮ ਲੁਧਿਆਣਾ ਦੇ ਕਮਿਸ਼ਨਰ ਸ੍ਰੀ ਜਸਦੇਵ ਸਿੰਘ ਸੇਖੋਂ ਨੇ ਵੀ ਸ਼ਿਰਕਤ ਕੀਤੀ। ਉਨ੍ਹਾਂ ਨੇ ਖੁਦ ਮਜ਼ਦੂਰਾਂ ਨੂੰ ਸਟੀਲ ਦੀਆਂ ਬੋਤਲਾਂ ਵੰਡੀਆਂ ਅਤੇ ਜੇਸੀਆਈ ਲੁਧਿਆਣਾ ਸੈਂਟਰਲ ਵੱਲੋਂ ਸਮਾਜ ਸੇਵਾ ਅਤੇ ਵਾਤਾਵਰਣ ਸੰਭਾਲ ਲਈ ਕੀਤੇ ਜਾ ਰਹੇ ਉਪਰਾਲਿਆਂ ਦੀ ਭਰਪੂਰ ਪ੍ਰਸ਼ੰਸਾ ਕੀਤੀ। ਇਸ ਮੌਕੇ ਜ਼ੋਨ ਵੱਲੋਂ ਜ਼ੋਨ ਪ੍ਰੈਜ਼ੀਡੈਂਟ ਜੇਸੀ ਸੋਮਨ ਗੋਇਲ, ਜ਼ੋਨ ਵਾਈਸ ਪ੍ਰੈਜ਼ੀਡੈਂਟ ਜੇਸੀ ਵਿਭੂ ਅਰੋੜਾ, ਜ਼ੋਨ ਵਾਈਸ ਪ੍ਰੈਜ਼ੀਡੈਂਟ ਜੇਸੀ ਪੁਨੀਤ ਚੱਢਾ, ਜ਼ੋਨ ਵਾਈਸ ਪ੍ਰੈਜ਼ੀਡੈਂਟ ਜੇਸੀ ਵਿਨੋਦ ਯਾਦਵ ਅਤੇ ਜ਼ੋਨ ਸਕੱਤਰ ਮਿਤੁਲ ਡਾਂਗ ਵਿਸ਼ੇਸ਼ ਤੌਰ ’ਤੇ ਹਾਜ਼ਰ ਰਹੇ। ਜੇਸੀਆਈ ਲੁਧਿਆਣਾ ਸੈਂਟਰਲ ਵੱਲੋਂ ਜੇਸੀ ਪ੍ਰਦੀਪ ਸਿੰਘ ਮੁੰਡੀ, ਜੇਸੀ ਕੁਲਜੀਤ ਸਿੰਘ, ਜੇਸੀ ਰਸਲੀਨ ਕੌਰ, ਜੇਸੀ ਤੇਜਸਵੀ ਧੀਮਾਨ, ਜੇਸੀ ਅਵਤਾਰ ਸਿੰਘ, ਜੇਸੀ ਰੋਹਿਤ ਜਿੰਦਲ, ਜੇਸੀ ਰਿਪਨ ਗੋਇਲ, ਜੇਸੀ ਵਿਨਾਇਕ ਕਸ਼ਯਪ, ਜੇਸੀ ਜਸਪ੍ਰੀਤ ਸਿੰਘ, ਜੇਸੀ ਰਾਹੁਲ ਭਾਰਦਵਾਜ, ਜੇਸੀ ਜਗਪ੍ਰੀਤ ਸਿੰਘ, ਜੇਸੀ ਮਨਮੋਹਨ ਸਿੰਘ, ਜੇਸੀ ਕਰਨਵੀਰ ਸਿੰਘ, ਜੇਸੀ ਪਰਮਜੀਤ ਸਿੰਘ ਅਤੇ ਜੇਸੀ ਗੁਰਪ੍ਰੀਤ ਸਿੰਘ ਰਿਆਤ ਵੀ ਖਾਸ ਤੌਰ ’ਤੇ ਮੌਜੂਦ ਰਹੇ। ਨੈਸ਼ਨਲ ਪ੍ਰੈਜ਼ੀਡੈਂਟ ਆਰਪੀਪੀ ਭਰਤ ਐਨ. ਆਚਾਰਿਆ ਨੇ ਜੇਸੀਆਈ ਲੁਧਿਆਣਾ ਸੈਂਟਰਲ ਦੀ ਤੇਜ਼ੀ ਨਾਲ ਵਧ ਰਹੀ ਮੈਂਬਰਸ਼ਿਪ, ਪ੍ਰਭਾਵਸ਼ਾਲੀ ਸੇਵਾ ਪ੍ਰੋਜੈਕਟਾਂ ਅਤੇ ਸ਼ਾਨਦਾਰ ਕਾਰਜਸ਼ੈਲੀ ਦੀ ਸਰਾਹਨਾ ਕਰਦਿਆਂ ਪੂਰੀ ਟੀਮ ਨੂੰ ਵਧਾਈ ਦਿੱਤੀ।



# ਆਵਾਰਾ ਕੁੱਤਿਆਂ ਦਾ ਆਤੰਕ ਅਤੇ ਸਿਸਟਮ ਦੀ ਬੇਰੁਖ਼ੀ ਇੱਕ ਗੰਭੀਰ ਚਿੰਤਾ

**ਖੰਨਾ/ਮਨਜੀਤ ਸਿੰਘ ਧੀਮਾਨ**

ਨਗਰ ਕੌਂਸਲ ਖੰਨਾ ਸ਼ਹਿਰ ਦੇ ਅਧੀਨ ਪੈਂਦੇ ਹਰ ਵਾਰਡਾ ਮੁਹੱਲਿਆਂ ਗਲੀਆਂ ਵਿੱਚ ਘੁੰਮ ਰਹੇ ਅਵਾਰਾ ਕੁੱਤਿਆਂ ਨੇ ਆਪਣਾ ਕਹਿਰ ਮਚਾਇਆ ਹੋਇਆ ਹੈ। ਰੋਜਾਨਾ ਹੀ ਦੋ ਦਰਜਨ ਦੇ ਕਰੀਬ ਅਵਾਰਾ ਕੁੱਤੇ ਇਹਨਾਂ ਆਉਣ ਜਾਣ ਵਾਲੇ ਲੋਕਾਂ ਨੂੰ ਕੱਟ ਕੇ ਜਖਮੀ ਕਰ ਦਿੰਦੇ ਹਨ • ਸ਼ਹਿਰ ਦੇ ਲੋਕਾਂ ਵਿੱਚ ਸਹਿਮ ਦਾ ਮਾਹੌਲ ਹੈ ਕਿ ਉਹ ਇਕੱਲੇ ਹੀ ਕਦੇ ਬਾਜ਼ਾਰ ਵਿੱਚ ਜਾਂ ਆਪਣੇ ਸਕੂਲ ਦੇ ਬੱਚਿਆਂ ਟਿਊਸ਼ਨ ਛੱਡਣ ਨਹੀਂ ਜਾ ਰਹੇ। ਬਾਜ਼ਾਰਾਂ ਵਿੱਚ ਅਵਾਰਾ ਕੁੱਤਿਆਂ ਦਾ ਝੁੰਡ ਇਨਾ ਜਬਰਦਸਤ ਖੜਾ ਹੁੰਦਾ ਹੈ ਕਿ ਕਈ ਵਾਰ ਬੰਦੇ ਨੂੰ ਇਕੱਲਾ ਦੇਖ ਕੇ ਉਹ ਇਕ ਦਮ ਪੈ ਜਾਂਦੇ ਹਨ। ਸ਼ਹਿਰ ਵਿੱਚ ਰੋਜਾਨਾ ਹੀ ਬਿਨਾਂ ਕਿਸੇ ਡਰ ਭੈ ਤੋਂ ਇਹ ਅਵਾਰਾ ਕੁੱਤੇ ਸ਼ਰੇਆਮ ਗਲੀਆਂ ਮੁਹੱਲਿਆਂ ਵਿੱਚ ਘੁੰਮਦੇ ਆਮ ਦੇਖੇ ਜਾ ਰਹੇ ਹਨ। ਕਈ ਵਿਅਕਤੀਆਂ ਨੂੰ ਇਹਨਾਂ ਅਵਾਰਾ ਕੁੱਤਿਆਂ ਨੇ ਵੀ ਮੌਤ ਦੇ ਘਾਟ ਵੀ ਉਤਾਰ ਦਿੱਤਾ ਹੈ। ਇਹ ਅਵਾਰਾ ਕੁੱਤੇ ਰੋਜਾਨਾ ਹੀ ਦਰਜਨ ਦੇ ਕਰੀਬ ਵਿਅਕਤੀਆਂ ਨੂੰ ਆਪਣਾ ਸ਼ਿਕਾਰ ਬਣਾਉਂਦੇ ਹਨ। ਇਹ ਛੋਟੇ ਬੱਚਿਆਂ ਜਾਂ ਬਜ਼ੁਰਗਾਂ ਦਾ ਵੱਡਾ ਨੁਕਸਾਨ ਕਰ ਰਹੇ ਹਨ, ਜਿਸ ਨਾਲ ਸਾਡੇ ਨਾਕਾਮ ਸਿਸਟਮ ਦੇ ਵੱਡੇ-ਵੱਡੇ ਦਾਅਵਿਆਂ ਦੀ ਫੂਕ ਨਿਕਲ ਗਈ ਹੈ। ਇਹ ਭਿਆਨਕ ਹਾਲਾਤ ਹੁਣ ਸਿਰਫ਼ ਪਿੰਡਾਂ ਤੱਕ ਸੀਮਤ ਨਹੀਂ ਰਹੇ, ਬਲਕਿ ਸਾਡੇ ਖੰਨੇ ਸ਼ਹਿਰ ਦੇ ਤਿਵਾੜੀ, ਚੌਂਕ, ਨਵੀਂ ਆਬਾਦੀ, ਮਾਤਾ ਰਾਣੀ ਮਹੱਲਾ, ਸਮਾਧੀ ਰੋਡ ਨਿਊ ਨਰੋਤਮ ਨਗਰ, ਕੋਰਟ ਕੰਪਲੈਕਸ, ਅਮਲੋਹ ਰੋਡ,ਗੁਲਮੋਹਰ ਨਗਰ,ਕ੍ਰਿਸ਼ਨ ਨਗਰ, ਨੰਦ ਸਿੰਘ ਐਵਨਿਊ, ਗਊਸ਼ਾਲਾ ਰੋਡ ਖਟੀਕਾ ਮਹਲਾ ਉੱਚਾ ਵਿਹੜਾ,ਰਾਣੀ ਵਾਲਾ ਤਲਾਬ ਪੀਰਖਾਨਾ ਰੋਡ ਬੈਂਕ ਕਲੋਨੀ,ਮਲੇਰ ਕੋਟਲਾ ਰੋਡ,ਗੁਰੂ ਹਰਕ੍ਰਿਸ਼ਨ ਨਗਰ, ਸਮਰਾਲਾ ਰੋਡ, ਅੰਨੀਆ ਵਾਲਾ ਮੁਹੱਲਾ, ਉਤਮ ਨਗਰ, ਖਾਲਸਾ ਸਕੂਲ ਰੋਡ, ਭੱਟੀਆਂ ਵਰਗੇ ਇਲਾਕਿਆਂ ਵਿੱਚ ਵੀ ਝੁੰਡ ਦੇ ਝੁੰਡ ਆਵਾਰਾ ਕੁੱਤੇ ਸੜਕਾਂ ’ਤੇ ਕਬਜ਼ਾ ਕਰੀ ਬੈਠੇ ਹਨ, ਜਿੱਥੋਂ ਲੰਘਣਾ ਹੁਣ ਬੱਚਿਆਂ ਤੇ ਬਜ਼ੁਰਗਾਂ ਲਈ ਮੌਤ ਦੇ ਮੂੰਹ ਵਿੱਚ ਜਾਣ ਬਰਾਬਰ ਹੋ ਗਿਆ ਹੈ। ਸਭ ਤੋਂ ਵੱਡਾ ਸਵਾਲ ਨਗਰ ਕੌਂਸਲ ਅਤੇ ਪ੍ਰਸ਼ਾਸਨ ’ਤੇ ਉੱਠਦਾ ਹੈ ਕਿ ਆਵਾਰਾ ਕੁੱਤਿਆਂ ਦੀ ਨਸਬੰਦੀ ਅਤੇ ਵੈਕਸੀਨੇਸ਼ਨ ਦੇ ਕਾਨੂੰਨਾਂ ਨੂੰ ਸਖ਼ਤੀ ਨਾਲ ਲਾਗੂ ਕਿਉਂ ਨਹੀਂ ਕੀਤਾ ਜਾ ਰਿਹਾ, ਅਤੇ ਨਾਲ ਹੀ ਉਨ੍ਹਾਂ ਅਖੌਤੀ ’ ਅਵਾਰਾ ਕੁੱਤਿਆਂ ਦੀ’ ਸਨਕ ’ਤੇ ਵੀ ਗੰਭੀਰ ਸਵਾਲ ਖੜ੍ਹੇ ਹੁੰਦੇ ਨੇ ਜੋ ਸੜਕਾਂ ’ਤੇ ਡਬਲਰੋਟੀਆਂ ਪਾ ਕੇ ਨਕਲੀ ਪੁੰਨ ਤਾਂ ਕਮਾਉਂਦੇ ਨੇ, ਪਰ ਜਦੋਂ ਕੋਈ ਕੁੱਤਾ ਕਿਸੇ ਗ਼ਰੀਬ ਦੇ ਘਰ ਦਾ ਚਿਰਾਗ਼ ਬੁਝਾ ਦਿੰਦਾ ਹੈ, ਉਦੋਂ ਪੀੜਤ ਪਰਿਵਾਰ ਦੀ ਮਾਲੀ ਜਾਂ ਨੈਤਿਕ ਮਦਦ ਕਰਨ ਲਈ ਕੋਈ ਅੱਗੇ ਨਹੀਂ ਆਉਂਦਾ। ਪੰਜਾਬ ਦੇ ਲੋਕੋ, ਹੁਣ ਗੂੰਗੇ-ਬੋਲ਼ੇ ਬਣ ਕੇ ਬੈਠਣ ਦਾ ਸਮਾਂ ਨਹੀਂ ਹੈ; ਖਾਤਿਆਂ ਦੇ ਰੁਪਈਆਂ ਦਾ ਰੌਲ਼ਾ ਪਾਉਣ ਵਾਲੇ ਅਸੀਂ ਇਹ ਨਹੀਂ ਸਮਝ ਰਹੇ ਕਿ ਅਗਲੇ ਹੀ ਪਲ ਕੁੱਤਿਆਂ ਦਾ ਸ਼ਿਕਾਰ ਸਾਡਾ ਆਪਣਾ ਬੱਚਾ ਵੀ ਹੋ ਸਕਦਾ ਹੈ, ਇਸ ਲਈ ਹੁਣ ਇਕੱਠੇ ਹੋ ਕੇ ਪ੍ਰਸ਼ਾਸਨ ਅਤੇ ਇਨ੍ਹਾਂ ਕੁੱਤਾ ਪ੍ਰੇਮੀਆਂ ਨੂੰ ਜਵਾਬਦੇਹ ਬਣਾਉਣ ਲਈ ਅੱਗੇ ਆਉਣਾ ਪਵੇਗਾ, ਅਤੇ ਲੀਡਰਾਂ ਨੂੰ ਸਵਾਲ ਕਰਨਾ ਪਵੇਗਾ ਕਿ ਉਹ ਬਿਨਾਂ ਸੁਰੱਖਿਆ ਦੇ ਇਨ੍ਹਾਂ ਕੁੱਤਿਆਂ ਦੇ ਝੁੰਡਾਂ ਕੋਲੋਂ ਲੰਘ ਕੇ ਦਿਖਾਉਣ, ਕਿਉਂਕਿ ਜਦੋਂ ਤੱਕ ਅਸੀਂ ਆਪ ਆਵਾਜ਼ ਨਹੀਂ ਚੁੱਕਾਂਗੇ, ਸਾਡੀਆਂ ਜਾਨਾਂ ਇਵੇਂ ਹੀ ਸੜਕਾਂ ’ਤੇ ਰੁਲਦੀਆਂ ਰਹਿਣਗੀਆਂ। ਉਨ੍ਹਾਂ ਇਸ ਦੀ ਜਾਣਕਾਰੀ ਨਗਰ ਕੌਂਸਲ ਦੇ ਅਧਿਕਾਰੀਆਂ ਨੂੰ ਦਿੱਤੀ , ਜਿਨ੍ਹਾਂ ਕਿਹਾ ਕਿ ਇਸ ਮਾਮਲੇ ਵਿੱਚ ਨਗਰ ਕੌਂਸਲ ਦੀ ਕਾਰਵਾਈ ਜਾਰੀ ਹੈ ਤੇ ਜਲਦ ਹੀ ਅਵਾਰਾ ਕੁੱਤਿਆਂ ਸਬੰਧੀ ਠੋਸ ਫੈਸਲਾ ਲਿਆ ਜਾਵੇਗਾ। ਵਾਰਡ ਦੇ ਵਸਨੀਕਾਂ ਨੇ ਨਗਰ ਕੌਂਸਲ ਤੋਂ ਮੰਗ ਕੀਤੀ ਕਿ ਕਿਸੇ ਵੀ ਵੱਡੀ ਅਣਹੋਣੀ ਦੇ ਵਾਪਰਣ ਤੋਂ ਪਹਿਲਾਂ ਇਹ ਨਾ ਅਵਾਰਾ ਕੁੱਤਿਆਂ ਦਾ ਕੋਈ ਪ੍ਰਬੰਧ ਕੀਤਾ ਜਾਵੇ। ਜਦੋਂ ਇਸ ਸਬੰਧੀ ਦੇ ਸਿਵਲ ਹਸਪਤਾਲ ਦੇ ਡਾਕਟਰ ਨਾਲ ਗੱਲ ਕੀਤੀ ਗਈ ਤਾਂ ਉਹਨਾਂ ਕਿਹਾ ਕਿ ਉਹਨਾਂ ਦੇ ਹਸਪਤਾਲ ਵਿੱਚ ਰੋਜ਼ਾਨਾ ਹੀ ਕੁੱਤਿਆਂ ਦੇ ਵੱਢਣ ਦੇ ਕਈ ਮਾਮਲੇ ਆਉਂਦੇ ਹਨ• ਜਿਨਾਂ ਵਿੱਚ ਛੋਟੇ ਬੱਚਿਆਂ,ਬਜ਼ੁਰਗ,ਔਰਤਾਂ ਅਤੇ ਹੋਰ ਵਿਅਕਤੀਆਂ ਨੂੰ ਇਹ ਅਵਾਰਾ ਕੁੱਤੇ ਕੱਟ ਲੈਂਦੇ ਹਨ। ਅਜਿਹੇ ਹਾਲਾਤਾਂ ਵਿੱਚ ਇਹਨਾਂ ਵਿਅਕਤੀਆਂ ਨੂੰ ਆਪਣੀ ਜਾਨ ਬਚਾਉਣੀ ਬੜੀ ਮੁਸ਼ਕਿਲ ਹੋ ਜਾਂਦੀ ਹੈ।

**ਮੁਹੱਲਿਆਂ ਗਲੀਆਂ ’ਚ ਘੁੰਮ ਰਹੇ ਅਵਾਰਾ ਕੁੱਤਿਆਂ ਨੇ ਆਪਣਾ ਕਹਿਰ ਮਚਾਇਆ, ਲੋਕਾਂ ਚ ਸਹਿਮ ਦਾ ਮਾਹੌਲ**



# ਲੁਧਿਆਣਾ ’ਚ 22 ਜੁਲਾਈ ਨੂੰ ਹੋਵੇਗੀ ਐਨ.ਆਰ.ਆਈ. ਮਿਲਣੀ, ਆਨਲਾਈਨ ਰਜਿਸਟ੍ਰੇਸ਼ਨ ਸ਼ੁਰੂ

## ਲੁਧਿਆਣਾ, ਸੰਗਰੂਰ, ਮਲੇਰਕੋਟਲਾ ਅਤੇ ਬਰਨਾਲਾ ਜ਼ਿਲ੍ਹਿਆਂ ਨਾਲ ਸਬੰਧਤ ਐਨ.ਆਰ.ਆਈਜ਼ ਨੂੰ ਸ਼ਮੂਲੀਅਤ ਕਰਨ ਦਾ ਸੱਦਾ

**ਲੁਧਿਆਣਾ/ਇੰਦਰਜੀਤ**

ਪੰਜਾਬ ਸਰਕਾਰ ਦੇ ਐਨ.ਆਰ.ਆਈ. ਮਾਮਲੇ ਵਿਭਾਗ ਵੱਲੋਂ ਗੈਰ-ਨਿਵਾਸੀ ਪੰਜਾਬੀਆਂ ਦੀਆਂ ਸਮੱਸਿਆਵਾਂ ਦੇ ਤੁਰੰਤ ਅਤੇ ਪ੍ਰਭਾਵਸ਼ਾਲੀ ਹੱਲ ਲਈ 22 ਜੁਲਾਈ ਨੂੰ ਲੁਧਿਆਣਾ ਵਿਖੇ ਐਨ.ਆਰ.ਆਈ. ਮਿਲਣੀ ਦਾ ਆਯੋਜਨ ਕੀਤਾ ਜਾ ਰਿਹਾ ਹੈ। ਇਹ ਜਾਣਕਾਰੀ ਪੰਜਾਬ ਦੇ ਐਨ.ਆਰ.ਆਈ. ਮਾਮਲਿਆਂ ਦੇ ਵਿਸ਼ੇਸ਼ ਸਕੱਤਰ ਅਮਨਦੀਪ ਕੌਰ ਨੇ ਦਿੱਤੀ। ਉਨ੍ਹਾਂ ਦੱਸਿਆ ਕਿ ਇਹ ਸਮਾਗਮ ਸਵੇਰੇ 11 ਵਜੇ ਸੋਹਣ ਲਾਲ ਪਾਹਵਾ ਆਡੀਟੋਰੀਅਮ, ਗੁਰੂ ਨਾਨਕ ਭਵਨ, ਫਿਰੋਜ਼ਪੁਰ ਰੋਡ, ਲੁਧਿਆਣਾ ਵਿਖੇ ਹੋਵੇਗਾ। ਉਨ੍ਹਾਂ ਦੱਸਿਆ ਕਿ ਇਸ ਮਿਲਣੀ ਵਿੱਚ ਲੁਧਿਆਣਾ, ਸੰਗਰੂਰ, ਮਲੇਰਕੋਟਲਾ ਅਤੇ ਬਰਨਾਲਾ ਜ਼ਿਲ੍ਹਿਆਂ ਨਾਲ ਸਬੰਧਤ ਐਨ.ਆਰ.ਆਈ. ਭਾਗ ਲੈਣਗੇ। ਸਮਾਗਮ ਦੌਰਾਨ ਐਨ.ਆਰ.ਆਈ. ਮਾਮਲੇ ਵਿਭਾਗ, ਪੰਜਾਬ ਪੁਲਿਸ ਅਤੇ ਜ਼ਿਲ੍ਹਾ ਪ੍ਰਸ਼ਾਸਨ ਦੇ ਸੀਨੀਅਰ ਅਧਿਕਾਰੀ ਵੀ ਮੌਜੂਦ ਰਹਿਣਗੇ, ਜੋ ਭਾਗੀਦਾਰਾਂ ਦੀਆਂ ਸ਼ਿਕਾਇਤਾਂ ਅਤੇ ਸਮੱਸਿਆਵਾਂ ਨੂੰ ਸੁਣ ਕੇ ਉਨ੍ਹਾਂ ਦੇ ਜਲਦੀ ਨਿਪਟਾਰੇ ਲਈ ਲੋੜੀਂਦੀ ਕਾਰਵਾਈ ਨੂੰ ਯਕੀਨੀ ਬਣਾਉਣਗੇ।ਆਗਾਮੀ ਸਮਾਗਮ ਦੇ ਪ੍ਰਬੰਧਾਂ ਦੀ ਸਮੀਖਿਆ ਕਰਦਿਆਂ ਅਮਨਦੀਪ ਕੌਰ ਨੇ ਕਿਹਾ ਕਿ ਐਨ.ਆਰ.ਆਈ. ਮਾਮਲੇ ਵਿਭਾਗ ਗੈਰ-ਨਿਵਾਸੀ ਪੰਜਾਬੀਆਂ ਨੂੰ ਦਰਪੇਸ਼ ਮੁੱਦਿਆਂ ਦਾ ਪਾਰਦਰਸ਼ੀ, ਨਿਰਪੱਖ ਅਤੇ ਸਮਾਂਬੱਧ ਢੰਗ ਨਾਲ ਹੱਲ ਕਰਨ ਲਈ ਪੂਰੀ ਤਰ੍ਹਾਂ ਵਚਨਬੱਧ ਹੈ। ਉਨ੍ਹਾਂ ਕਿਹਾ ਕਿ ਐਨ.ਆਰ.ਆਈ. ਮਿਲਣੀਆਂ ਦਾ ਮੁੱਖ ਉਦੇਸ਼ ਵਿਦੇਸ਼ਾਂ ਵਿੱਚ ਰਹਿੰਦੇ ਪੰਜਾਬੀਆਂ ਨੂੰ ਇੱਕ ਅਜਿਹਾ ਸਾਂਝਾ ਮੰਚ ਪ੍ਰਦਾਨ ਕਰਨਾ ਹੈ, ਜਿੱਥੇ ਉਹ ਆਪਣੀਆਂ ਸ਼ਿਕਾਇਤਾਂ ਸਿੱਧੇ ਤੌਰ ’ਤੇ ਸਬੰਧਤ ਅਧਿਕਾਰੀਆਂ ਦੇ ਧਿਆਨ ਵਿੱਚ ਲਿਆ ਸਕਣ ਅਤੇ ਉਨ੍ਹਾਂ ਦਾ ਤੁਰੰਤ ਨਿਪਟਾਰਾ ਯਕੀਨੀ ਬਣਾਇਆ ਜਾ ਸਕੇ।ਵਿਸ਼ੇਸ਼ ਸਕੱਤਰ ਨੇ ਲੁਧਿਆਣਾ, ਸੰਗਰੂਰ, ਮਲੇਰਕੋਟਲਾ ਅਤੇ ਬਰਨਾਲਾ ਜ਼ਿਲ੍ਹਿਆਂ ਨਾਲ ਸਬੰਧਤ ਐਨ.ਆਰ.ਆਈਜ਼ ਨੂੰ ਇਸ ਪ੍ਰੋਗਰਾਮ ਵਿੱਚ ਸ਼ਮੂਲੀਅਤ ਕਰਨ ਦਾ ਸੱਦਾ ਦਿੱਤਾ। ਉਨ੍ਹਾਂ ਇਨ੍ਹਾਂ ਜ਼ਿਲ੍ਹਿਆਂ ਦੇ ਸਾਰੇ ਯੋਗ ਐਨ.ਆਰ.ਆਈਜ਼ ਨੂੰ ਅਪੀਲ ਕੀਤੀ ਕਿ ਉਹ ਇਸ ਮੌਕੇ ਦਾ ਲਾਭ ਉਠਾਉਣ, ਸੀਨੀਅਰ ਸਰਕਾਰੀ ਅਧਿਕਾਰੀਆਂ ਨਾਲ ਸਿੱਧਾ ਸੰਵਾਦ ਕਰਨ ਅਤੇ ਆਪਣੀਆਂ ਸਮੱਸਿਆਵਾਂ ਸਬੰਧਤ ਅਥਾਰਟੀਆਂ ਦੇ ਧਿਆਨ ਵਿੱਚ ਲਿਆਉਣ। ਉਨ੍ਹਾਂ ਨੇ ਸੁਚਾਰੂ ਪ੍ਰਬੰਧਾਂ ਅਤੇ ਅਗਾਊਂ ਯੋਜਨਾਬੰਦੀ ਨੂੰ ਯਕੀਨੀ ਬਣਾਉਣ ਲਈ ਇੱਛੁਕ ਭਾਗੀਦਾਰਾਂ ਨੂੰ ਆਨਲਾਈਨ ਰਜਿਸਟ?ਰੇਸ਼ਨ ਫਾਰਮ ਰਾਹੀਂ ਆਪਣੀ ਰਜਿਸਟ੍ਰੇਸ਼ਨ ਲਿੰਕ ਰਾਹੀਂ ਕਰਵਾਉਣ ਦੀ ਅਪੀਲ ਵੀ ਕੀਤੀ। ਰਜਿਸਟ੍ਰੇਸ਼ਨ ਦੌਰਾਨ ਭਾਗੀਦਾਰਾਂ ਨੂੰ ਆਪਣਾ ਪੂਰਾ ਨਾਮ, ਪਤਾ, ਸੰਪਰਕ ਨੰਬਰ, ਈ-ਮੇਲ ਆਈ.ਡੀ. ਅਤੇ ਆਪਣੇ ਜ਼ਿਲ੍ਹੇ ਨਾਲ ਸਬੰਧਤ ਕਿਸੇ ਵੀ ਪਹਿਲਾਂ ਦਰਜ ਸ਼ਿਕਾਇਤ ਜਾਂ ਸਮੱਸਿਆ ਦਾ ਵੇਰਵਾ ਸਹੀ ਢੰਗ ਨਾਲ ਮੁਹੱਈਆ ਕਰਵਾਉਣ ਲਈ ਕਿਹਾ ਗਿਆ ਹੈ। ਵਿਸ਼ੇਸ਼ ਸਕੱਤਰ ਨੇ ਕਿਹਾ ਕਿ ਇਹ ਜਾਣਕਾਰੀ ਸਮਾਗਮ ਦੌਰਾਨ ਉਠਾਏ ਜਾਣ ਵਾਲੇ ਮਾਮਲਿਆਂ ਦੇ ਪ੍ਰਭਾਵਸ਼ਾਲੀ ਅਤੇ ਸਮੇਂ ਸਿਰ ਨਿਪਟਾਰੇ ਵਿੱਚ ਵਿਭਾਗ ਦੀ ਸਹਾਇਤਾ ਕਰੇਗੀ।



# ਗਲਾਡਾ ਨੇ 6 ਗੈਰ-ਕਾਨੂੰਨੀ ਇਮਾਰਤਾਂ ਸੀਲ ਤੇ ਢਾਹੀਆਂ

**ਲੁਧਿਆਣਾ/ਗੀਤਾ ਸਕਸੈਨਾ**

ਪੰਜਾਬ ਦੇ ਮਕਾਨ ਉਸਾਰੀ ਅਤੇ ਸ਼ਹਿਰੀ ਵਿਕਾਸ ਮੰਤਰੀ ਸ੍ਰੀ ਹਰਦੀਪ ਸਿੰਘ ਮੁੰਡੀਆਂ ਅਤੇ ਗਲਾਡਾ ਦੇ ਮੁੱਖ ਪ੍ਰਸ਼ਾਸਕ ਸ੍ਰੀ ਵਿਕਾਸ ਹੀਰਾ ਦੇ ਨਿਰਦੇਸ਼ਾਂ ਅਨੁਸਾਰ ਗਲਾਡਾ ਵੱਲੋਂ ਗੈਰ-ਕਾਨੂੰਨੀ ਕਲੋਨੀਆਂ ਅਤੇ ਇਮਾਰਤਾਂ ਖ਼ਿਲਾਫ਼ ਜ਼ੀਰੋ ਸਹਿਣਸ਼ੀਲਤਾ ਦੀ ਨੀਤੀ ਅਪਣਾਈ ਗਈ ਹੈ। ਇਸੇ ਕੜੀ ਤਹਿਤ ਅਣਅਧਿਕਾਰਤ ਕਲੋਨੀਆਂ ਵਿੱਚ ਸਸਤੇ ਪਲਾਟਾਂ ਦਾ ਲਾਲਚ ਦੇ ਕੇ ਲੋਕਾਂ ਨਾਲ ਧੋਖਾਧੜੀ ਕਰਨ ਵਾਲੇ ਡਿਵੈਲਪਰਾਂ ਖ਼ਿਲਾਫ਼ ਵੀ ਸਖ਼ਤ ਕਾਨੂੰਨੀ ਕਾਰਵਾਈ ਕੀਤੀ ਜਾ ਰਹੀ ਹੈ। ਗਲਾਡਾ ਲੁਧਿਆਣਾ ਦੇ ਵਧੀਕ ਮੁੱਖ ਪ੍ਰਸ਼ਾਸਕ ਵੱਲੋਂ ਅਣਅਧਿਕਾਰਤ ਇਮਾਰਤਾਂ ਵਿਰੁੱਧ ਜਾਰੀ ਸੀਲਿੰਗ ਅਤੇ ਢਾਹੁਣ ਦੇ ਹੁਕਮਾਂ ਦੀ ਪਾਲਣਾ ਕਰਦਿਆਂ 16 ਜੁਲਾਈ ਨੂੰ ਡਿਊਟੀ ਮੈਜਿਸਟ੍ਰੇਟ, ਪੁਲਿਸ ਫੋਰਸ ਅਤੇ ਗਲਾਡਾ ਰੈਗੂਲੇਟਰੀ ਵਿੰਗ ਦੀ ਇਨਫੋਰਸਮੈਂਟ ਟੀਮ ਨੇ ਪਿੰਡ ਥਰੀਕੇ ਅਤੇ ਦਾਦ ਵਿਖੇ ਛੇ ਅਣਅਧਿਕਾਰਤ ਇਮਾਰਤਾਂ ਨੂੰ ਸੀਲ ਕਰਨ ਅਤੇ ਢਾਹੁਣ ਦੀ ਕਾਰਵਾਈ ਅਮਲ ਵਿੱਚ ਲਿਆਂਦੀ। ਨੋਟਿਸ ਜਾਰੀ ਹੋਣ ਦੇ ਬਾਵਜੂਦ ਜਦੋਂ ਸਬੰਧਤ ਡਿਵੈਲਪਰਾਂ ਨੇ ਗੈਰ-ਕਾਨੂੰਨੀ ਉਸਾਰੀ ਦਾ ਕੰਮ ਬੰਦ ਨਹੀਂ ਕੀਤਾ, ਤਾਂ ਗਲਾਡਾ ਨੇ ਕਾਨੂੰਨੀ ਪ੍ਰਕਿਰਿਆ ਅਨੁਸਾਰ ਕਾਰਵਾਈ ਕੀਤੀ। ਇਹ ਮੁਹਿੰਮ ਬਿਨਾਂ ਕਿਸੇ ਵਿਰੋਧ ਦੇ ਸਫ਼ਲਤਾਪੂਰਵਕ ਸੰਪੰਨ ਹੋਈ। ਅਧਿਕਾਰੀਆਂ ਨੇ ਦੱਸਿਆ ਕਿ ਅਣਅਧਿਕਾਰਤ ਉਸਾਰੀਆਂ ਨੂੰ ਸ਼ੁਰੂਆਤੀ ਪੜਾਅ ਵਿੱਚ ਹੀ ਰੋਕਣ ਲਈ ਆਉਣ ਵਾਲੇ ਹਫ਼ਤਿਆਂ ਦੌਰਾਨ ਵੀ ਅਜਿਹੀਆਂ ਮੁਹਿੰਮਾਂ ਲਗਾਤਾਰ ਜਾਰੀ ਰਹਿਣਗੀਆਂ। ਮੁੱਖ ਪ੍ਰਸ਼ਾਸਕ, ਗਲਾਡਾ ਨੇ ਆਮ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਕਿਸੇ ਵੀ ਅਣਅਧਿਕਾਰਤ ਕਲੋਨੀ ਵਿੱਚ ਪਲਾਟ ਜਾਂ ਇਮਾਰਤ ਖਰੀਦਣ ਤੋਂ ਪਹਿਲਾਂ ਪੂਰੀ ਜਾਂਚ-ਪੜਤਾਲ ਕਰਨ।

ਉਨ੍ਹਾਂ ਕਿਹਾ ਕਿ ਅਜਿਹੀਆਂ ਕਲੋਨੀਆਂ ਵਿੱਚ ਰਹਿਣ ਵਾਲੇ ਲੋਕਾਂ ਨੂੰ ਪੀਣ ਵਾਲੇ ਪਾਣੀ, ਸੀਵਰੇਜ, ਸੜਕਾਂ, ਬਿਜਲੀ ਕੁਨੈਕਸ਼ਨ ਅਤੇ ਹੋਰ ਬੁਨਿਆਦੀ ਨਾਗਰਿਕ ਸਹੂਲਤਾਂ ਦੀਆਂ ਗੰਭੀਰ ਸਮੱਸਿਆਵਾਂ ਦਾ ਸਾਹਮਣਾ ਕਰਨਾ ਪੈ ਸਕਦਾ ਹੈ। ਉਨ੍ਹਾਂ ਲੋਕਾਂ ਨੂੰ ਸਲਾਹ ਦਿੱਤੀ ਕਿ ਕਿਸੇ ਵੀ ਨਿਵੇਸ਼ ਤੋਂ ਪਹਿਲਾਂ ਗਲਾਡਾ ਦੀ ਅਧਿਕਾਰਤ ਵੈੱਬਸਾਈਟ ’ਤੇ ਉਪਲਬਧ ਪ੍ਰਵਾਨਿਤ ਅਤੇ ਨਿਯਮਤ ਕਲੋਨੀਆਂ ਦੀ ਸੂਚੀ ਰਾਹੀਂ ਪ੍ਰੋਜੈਕਟ ਦੀ ਸਥਿਤੀ ਦੀ ਪੁਸ਼ਟੀ ਜ਼ਰੂਰ ਕਰਨ। ਵਧੀਕ ਮੁੱਖ ਪ੍ਰਸ਼ਾਸਕ, ਗਲਾਡਾ-ਕਮ-ਯੋਗ ਅਥਾਰਟੀ, ਲੁਧਿਆਣਾ ਨੇ ਸਪੱਸ਼ਟ ਕੀਤਾ ਕਿ ਢਾਹੁਣ ਅਤੇ ਸੀਲਿੰਗ ਦੀਆਂ ਕਾਰਵਾਈਆਂ ਦੇ ਨਾਲ-ਨਾਲ ਪੰਜਾਬ ਖੇਤਰੀ ਅਤੇ ਸ਼ਹਿਰੀ ਯੋਜਨਾਬੰਦੀ ਅਤੇ ਵਿਕਾਸ ਐਕਟ ਦੇ ਤਹਿਤ ਅਣਅਧਿਕਾਰਤ ਵਿਕਾਸ ਵਿੱਚ ਸ਼ਾਮਲ ਸਾਰੇ ਵਿਅਕਤੀਆਂ ਅਤੇ ਡਿਵੈਲਪਰਾਂ ਵਿਰੁੱਧ ਸਖ਼ਤ ਕਾਨੂੰਨੀ ਕਾਰਵਾਈ ਜਾਰੀ ਰਹੇਗੀ। ਉਨ੍ਹਾਂ ਕਿਹਾ ਕਿ ਗਲਾਡਾ ਦਾ ਮੁੱਖ ਉਦੇਸ਼ ਯੋਜਨਾਬੱਧ ਸ਼ਹਿਰੀ ਵਿਕਾਸ ਨੂੰ ਯਕੀਨੀ ਬਣਾਉਣਾ ਅਤੇ ਲੋਕਾਂ ਦੀ ਮਿਹਨਤ ਦੀ ਕਮਾਈ ਨੂੰ ਗੈਰ-ਕਾਨੂੰਨੀ ਪ੍ਰੋਜੈਕਟਾਂ ਵਿੱਚ ਫਸਣ ਤੋਂ ਬਚਾਉਣਾ ਹੈ।



# ਇੱਟਾਂ ਦੇ ਭਾਅ ਅਸਮਾਨੀ ਚੜ੍ਹੇ ਗਰੀਬ ਆਦਮੀ ਨੂੰ ਇੰਨੀ ਮਹਿੰਗਾਈ ’ਚ ਮਕਾਨ ਬਣਾਉਣਾ ਹੋਇਆ ਔਖਾ : ਵਿਜੈ ਗਰਗ

## 1000 ਹਜ਼ਾਰ ਇੱਟ ਦਾ ਰੇਟ 10,500 ਹੋਇਆ, ਭੱਠਾ ਮਾਲਕਾਂ ਨੂੰ ਇੱਟਾਂ ਵਿੱਚ ਮੁਨਾਫਾ ਨਾ ਹੋਣ ਕਾਰਨ ਕਈ ਭੱਠੇ ਹੋਏ ਬੰਦ : ਮਨਿੰਦਰ ਸਿੰਘ ਗੈਵੀ

**ਖੰਨਾ/ਮਨਜੀਤ ਸਿੰਘ ਧੀਮਾਨ**

ਇਸ ਸਮੇਂ ਇੱਟਾਂ ਦਾ ਪਰਚੂਨ ਭਾਅ 11 ਹਜ਼ਾਰ ਰੁਪਏ ਪ੍ਰਤੀ ਇੱਕ ਹਜ਼ਾਰ ਚੱਲ ਰਿਹਾ ਹੈ। ਭੱਠਾ ਮਾਲਕ ਅਤੇ ਵਪਾਰੀ ਇਸ ਸਮੇਂ ਪਰਚੂਨ ਇੱਟ ਸਾਢੇ 10 ਹਜ਼ਾਰ ਤੋਂ 11 ਹਜ਼ਾਰ ਰੁਪਏ ਪ੍ਰਤੀ ਇੱਕ ਹਜ਼ਾਰ ਦੇ ਹਿਸਾਬ ਨਾਲ ਵੇਚ ਰਹੇ ਹਨ, ਜਦਕਿ ਮਹਿਜ਼ ਤਿੰਨ ਮਹੀਨੇ ਪਹਿਲਾਂ ਤੱਕ ਇਹ ਭਾਅ ਔਸਤਨ 8 ਹਜ਼ਾਰ ਰੁਪਏ ਦੇ ਆਸ-ਪਾਸ ਸੀ। ਭੱਠਾ ਮਾਲਕ ਵਿਜੇ ਗਾਰਗ ਵਾਸੀ ਖੰਨਾ ਨੇ ਦੱਸਿਆ ਕਿ ਕਿ ਕੋਲਾ, ਤੇਲ, ਬਾਲਣ, ਮਿੱਟੀ ਦੇ ਰੇਟ ਵਧਣ ਕਾਰਨ ਅਤੇ ਲੇਬਰ ਦੇ ਭਾਅ ਬਹੁਤ ਜ਼ਿਆਦਾ ਵਧ ਚੁੱਕੇ ਹਨ, ਜਿਸ ਕਾਰਨ ਉਨ੍ਹਾਂ ਨੂੰ ਹੁਣ ਇਸ ਕਾਰੋਬਾਰ ਵਿੱਚੋਂ ਕੋਈ ਬੱਚਤ ਨਹੀਂ ਹੋ ਰਹੀ। ਉਹ ਸਿਰਫ਼ ਆਪਣੇ ਵਪਾਰ ਦੇ ਚੱਕਰ ਨੂੰ ਚੱਲਦਾ ਰੱਖਣ ਲਈ ਮਜਬੂਰ ਹਨ। ਇਸ ਵਾਧੇ ਪਿੱਛੇ ਕੌਮਾਂਤਰੀ ਹਾਲਾਤ ਜਿਵੇਂ ਇਰਾਨ-ਅਮਰੀਕਾ ਤਣਾਅ ਅਤੇ ਕੋਲੇ ਦੀ ਕਿੱਲਤ ਨੂੰ ਵੀ ਜ਼ਿੰਮੇਵਾਰ ਦੱਸਿਆ ਜਾ ਰਿਹਾ ਹੈ, ਜਿਸ ਦਾ ਸਿੱਧਾ ਅਸਰ ਭੱਠਾ ਉਦਯੋਗ ’ਤੇ ਪਿਆ ਹੈ। ਇਸ ਤੋਂ ਇਲਾਵਾ ਮੌਨਸੂਨ ਦੌਰਾਨ ਇੱਟਾਂ ਦਾ ਉਤਪਾਦਨ ਅਸਥਾਈ ਤੌਰ ’ਤੇ ਬੰਦ ਹੋ ਜਾਂਦਾ ਹੈ। ਵਿਜੈ ਗਰਗ ਨੇ ਦੱਸਿਆ ਕਿ ਇਹ ਭੱਠੇ ਹੁਣ ਇਸ ਟਾਈਮ ਬਰਸਾਤਾਂ ਦਾ ਮੌਸਮ ਹੋਣ ਕਾਰਨ ਬੰਦ ਕਰ ਦਿੱਤੇ ਗਏ ਹਨ। ਹੁਣ ਦੁਬਾਰਾ ਇਹ ਭੱਠੇ ਅਕਤੂਬਰ, ਨਵੰਬਰ ਮਹੀਨੇ ਵਿੱਚ ਚਾਲੂ ਹੋਣਗੇ।

ਇਸ ਮਗਰੋਂ ਭੱਠਾ ਮਾਲਕ ਆਪਣੇ ਹਿਸਾਬ ਨਾਲ ਇੱਟਾ ਦੀ ਕੀਮਤ ਤੈਅ ਕਰਦੇ ਹਨ। ਇਸ ਮਹਿੰਗਾਈ ਦਾ ਸਭ ਤੋਂ ਵੱਡਾ ਨੁਕਸਾਨ ਆਮ ਗਰੀਬ ਅਤੇ ਮਿਡਲ ਵਰਗ ਦੇ ਲੋਕਾਂ ਨੂੰ ਝੱਲਣਾ ਪੈ ਰਿਹਾ ਹੈ। ਇੱਟਾਂ ਦੇ ਪਰਚੂਨ ਵਿਕਰੇਤਾਵਾਂ ਉਘੇ ਸਮਾਜ ਸੇਵੀ ਸੰਦੀਪ ਸਿੰਘ ਧਾਮੀ ਨੇ ਕਿਹਾ ਕਿ ਇਨੀ ਮਹਿੰਗਾਈ ਹੋਣ ਦੇ ਬਾਵਜੂਦ ਅੱਜ ਦੇ ਸਮੇਂ ਵਿੱਚ ਗਰੀਬ ਵਿਅਕਤੀਆਂ ਨੂੰ ਮਕਾਨ ਬਣਾਉਣਾ ਬੜਾ ਮੁਸ਼ਕਲ ਹੋ ਗਿਆ ਹੈ। ਉਹਨਾਂ ਕਿਹਾ ਕਿ ਪਹਿਲਾਂ ਲੋਕ ਇਹ ਗੱਲਾਂ ਕਰਦੇ ਆਮ ਸੁਣਦੇ ਸੀ ਕਿ ਜਗਾ ਲੈ ਲਓ ਮਕਾਨ ਆਪੇ ਹੌਲੀ ਹੌਲੀ ਬਣ ਜਾਊਗਾ। ਪਰ ਹੁਣ ਜਗਹਾ ਲੈਣੀ ਵੀ ਔਖੀ ਆ ਤੇ ਮਕਾਨ ਬਣਾਉਣਾ ਵੀ ਬਹੁਤ ਔਖਾ ਹੋਇਆ।

ਧਾਮੀ ਨੇ ਅੱਗੇ ਦੱਸਿਆ ਕਿ ਅੱਜ ਦੇ ਜਮਾਨੇ ਵਿੱਚ ਇਨੀ ਮਹਿੰਗਾਈ ਵਿੱਚ ਸੀਮਟ,ਸਰੀਆ, ਰੇਤਾ,ਬਜਰੀ, ਅਤੇ ਹੋਰ ਮਟੇਰੀਅਲ ਦੇ ਵੀ ਭਾਅ ਅਸਮਾਨੀ ਚੜ ਗਏ ਹਨ। ਮਿਸਤਰੀ ਦੀ ਦਿਹਾੜੀ 1000 ਰੁਪਏ,, ਮਜ਼ਦੂਰ ਦੀ ਦਿਹਾੜੀ 800 ਰੁਪਏ ਦੇ ਹਿਸਾਬ ਨਾਲ ਲੈ ਰਹੇ ਹਨ। ਧਾਮੀ ਨੇ ਕਿਹਾ ਕਿ ਮਕਾਨ ਬਣਾਉਣ ਵਾਲੇ ਸਮਾਨ ਦੀਆਂ ਕੀਮਤਾਂ ਵਿੱਚ ਲਗਾਤਾਰ ਹੋ ਰਹੇ ਵਾਦੇ ਨੇ ਆਮ ਤੇ ਗਰੀਬ ਆਦਮੀ ਦਾ ਬਜਟ ਹਿਲਾ ਕੇ ਰੱਖ ਦਿੱਤਾ। ਇਸ ਮੌਕੇ ਭੱਠਾ ਮਾਲਕ ਮਨਿੰਦਰ ਸਿੰਘ ਗੈਵੀ ਵਾਸੀ ਸਮਰਾਲਾ ਰੋਡ ਖੰਨਾ ਨੇ ਦੱਸਿਆ ਕਿ ਲੇਬਰ ਦੀ ਘਾਟ ਹੋਣ ਕਾਰਨ ਕਈ ਭੱਠਿਆਂ ਨੇ ਆਪਣੇ ਕਾਰੋਬਾਰ ਬੰਦ ਕਰ ਦਿੱਤੇ। ਐਨੀ ਮਹਿੰਗਾਈ ਦੇ ਬਾਵਜੂਦ ਇਹਨਾਂ ਭੱਠੇ ਮਾਲਕਾਂ ਨੂੰ ਬਹੁਤ ਘਾਟਾ ਪੈ ਰਿਹਾ, ਜਿਸ ਕਾਰਨ ਉਨ੍ਹਾਂ ਦੀ ਲਾਗਤ ਵੀ ਪੂਰੀ ਨਹੀਂ ਹੁੰਦੀ। ਉਹਨਾਂ ਨੂੰ ਕੋਈ ਮੁਨਾਫਾ ਨਹੀਂ ਹੋ ਰਿਹਾ। ਭੱਠਿਆਂ ਦੀ ਆਮਦਨ ਘਟਣ ਕਾਰਨ ਕਈ ਭੱਠਾ ਮਾਲਕਾਂ ਨੇ ਆਪਣੇ ਭੱਠੇ ਪੱਕੇ ਤੌਰ ਤੇ ਹੀ ਬੰਦ ਕਰ ਦਿੱਤੇ ਹਨ।

ਕੀਮਤਾਂ ਵਿੱਚ ਭਾਰੀ ਵਾਧੇ ਕਾਰਨ ਕਈ ਲੋਕਾਂ ਨੇ, ਜਿਨ੍ਹਾਂ ਨੇ ਨਵੇਂ ਘਰ ਬਣਾਉਣ ਜਾਂ ਮੁਰੰਮਤ ਦੀ ਯੋਜਨਾ ਬਣਾਈ ਸੀ, ਫਿਲਹਾਲ ਟਾਲ ਦਿੱਤੀ ਹੈ। ਪਿੰਡਾਂ ਵਿੱਚ ਅਜੇ ਵੀ ਕਈ ਪਰਿਵਾਰਾਂ ਕੋਲ ਪੱਕੇ ਮਕਾਨ ਨਹੀਂ ਹਨ ਅਤੇ ਸ਼ਹਿਰਾਂ ਦੀ ਵੱਡੀ ਆਬਾਦੀ ਕਿਰਾਏ ਦੇ ਮਕਾਨਾਂ ਵਿੱਚ ਰਹਿ ਰਹੀ ਹੈ। ਲੋਕਾਂ ਨੇ ਮੰਗ ਕੀਤੀ ਕਿ ਇੱਟਾਂ ਦੇ ਭਾਅ ਲਈ ਠੋਸ ਨੀਤੀ ਬਣਾਈ ਜਾਵੇ।



### ਬਰਸੀ ਮੌਕੇ ਯਾਦ ਕਰਦਿਆ...

# ਹੱਕ ਸੱਚ ਦਾ ਪਹਿਰੇਦਾਰ ਸੀ ਜਸਪਾਲ ਸਿੰਘ ਹੇਰਾਂ

ਜ਼ਿਕਰ ਪੰਜਾਬ

ਅਸਲ ਪੱਤਰਕਾਰੀ ਕੀ ਹੈ? ਪੱਤਰਕਾਰੀ ਦਾ ਪ੍ਰਭਾਵ ਕੀ ਹੈ? ਸਿਸਟਮ ਵੱਲੋਂ ਆਪਣੀਆਂ ਤੋਪਾਂ, ਭਾਵ ਕੇ ਆਪਣੇ ਵਿਆਪਕ ਸਰੋਤਾਂ ਸਾਧਨਾਂ, ਰਾਹੀਂ ਜਦੋਂ ਲਾਚਾਰ ਅਤੇ ਸਾਧਨਹੀਨ ਖ਼ਲਕਤ ਨੂੰ ਦਬਾਉਣ ਦਾ ਜਤਨ ਕੀਤਾ ਜਾਂਦੈ, ਉਦੋਂ ਪੱਤਰਕਾਰੀ ਉਹਨਾਂ ਤੋਪਾਂ ਦਾ ਮੁਕਾਬਲਾ ਕਰਨ ਦੇ ਸਮਰੱਥ ਕਿਵੇਂ ਹੋ ਨਿਬੜਦੀ ਹੈ, ਇਸਦਾ ਬਹੁਤ ਹੀ ਖ਼ੂਬਸੂਰਤ ਅਤੇ ਪ੍ਰਭਾਵਸ਼ਾਲੀ ਬਖਾਨ ਕਿਸੇ ਵੇਲੇ ਕਿਸੇ ਸ਼ਾਇਰ ਨੇ ਇਸ ਤਰਾਂ ਕੀਤਾ ਸੀ, ਕਿ 'ਨਾ ਤੀਰ ਨਿਕਾਲੋ ਨਾ ਤਲਵਾਰ ਨਿਕਾਲੋ , ਜਬ ਤੋਪ ਮੁਕਾਬਿਲ ਹੋ ਤੋ ਅਖਬਾਰ ਨਿਕਾਲੋ।'

ਇਸੇ ਵਿਚਾਰ ਨੂੰ ਅਮਲੀ ਜਾਮਾ ਪਹਿਨਾਉਣ ਲਈ ਹੀ ਜਸਪਾਲ ਸਿੰਘ ਹੇਰਾਂ ਨੇ ਅਖਬਾਰ ਕੱਢਿਆ ਅਤੇ ਮਨੁੱਖੀ ਅਧਿਕਾਰਾਂ ਦਾ ਪਹਿਰੇਦਾਰ ਬਣਾਉਣ ਲਈ ਅਖਬਾਰ ਦਾ ਨਾਂ 'ਪਹਿਰੇਦਾਰ' ਰੱਖਿਆ।

ਹੇਰਾਂ ਸਾਬ੍ਹ ਨੇ ਪੱਤਰਕਾਰੀ ਦਾ ਸੱਚਾ ਸੁੱਚਾ ਕਸਬ ਚੁਣਿਆ ਅਤੇ ਸੱਚੀ ਸੁੱਚੀ ਪੱਤਰਕਾਰੀ ਕਰਦਿਆਂ ਨਿਡਰਤਾ, ਨਿਰਪੱਖਤਾ, ਅਤੇ ਸਪਸ਼ਟਵਾਦਿਤਾ ਤੋਂ ਕਦੇ ਇੱਕ ਇੰਚ ਵੀ ਬਾਹਰ ਨਹੀਂ ਹੋਏ। ਜਿਸ ਮਿਸ਼ਨ ਅਤੇ ਵਿਚਾਰਧਾਰਾ ਨੂੰ ਹੇਰਾਂ ਸਾਬ?ਹ ਦੀ ਸੋਚ ਪ੍ਰਣਾਈ ਹੋਈ ਸੀ, ਉਸ ਨਾਲ ਸਿਸਟਮ ਦੀ ਕਦੇ ਬਣੀ ਨਹੀਂ, ਅਤੇ ਹੇਰਾਂ ਸਾਬ?ਹ ਦੀ ਵੀ ਉਸ ਮਾਨਵ ਕਲਿਆਣ ਦੇ ਦੁਸ਼ਮਣ ਸਿਸਟਮ ਨਾਲ ਕਦੇ ਬਣ ਨਾ ਪਾਈ। ਇਹੀ ਵਜ੍ਹਾ ਸੀ ਕਿ ਸਮੇਂ ਦੀਆਂ ਸਰਕਾਰਾਂ ਦੀ ਅੱਖ ਵਿੱਚ ਹੇਰਾਂ ਸਾਬ?ਹ ਦੀਆਂ ਲਿਖਤਾਂ ਦੇ ਅੱਖਰ ਹਮੇਸ਼ਾ ਰੜਕਦੇ ਰਹੇ, ਜਿਸ ਕਾਰਨ 'ਪਹਿਰੇਦਾਰ' ਦੇ ਰਾਹ ਵਿੱਚ ਆਰਥਿਕ ਰੁਕਾਵਟਾਂ ਖੜ੍ਹੀਆਂ ਹੁੰਦੀਆਂ ਰਹੀਆਂ। ਲੇਕਿਨ ਆਪਣੀ ਧੁੰਨ ਦੇ ਪੱਕੇ ਅਤੇ ਅਸੂਲਾਂ ਤੋਂ ਕਦੇ ਨਾਲ ਡੋਲਣ ਵਾਲੇ ਜਸਪਾਲ ਸਿੰਘ ਹੇਰਾਂ ਨੂੰ ਅਖਬਾਰ ਛਾਪਣ ਵਿੱਚ ਜਿੰਨੀਆਂ



ਦਿੱਕਤਾਂ ਪੇਸ਼ ਆਈਆਂ ਓਨੀਆਂ ਸ਼ਾਇਦ ਹੀ ਕਿਸੇ ਹੋਰ ਅਖਬਾਰ ਨੂੰ ਆਈਆਂ ਹੋਣਗੀਆਂ। ਪਰ ਜਿਵੇਂ ਕਹਿੰਦੇ ਹਨ ਕਿ ਨਾ ਕਿ ਹੌਸਲੇ ਅਤੇ ਸੱਚਾਈ ਦਾ ਦਾਮਨ ਫੜੀ ਰੱਖਣ ਵਾਲਿਆਂ ਲਈ ਹਰ ਬਿਖੜਾ ਰਾਹ ਇੱਕ ਨਵਾਂ ਅਨੁਭਵ ਹੁੰਦਾ ਹੈ, ਜਸਪਾਲ ਸਿੰਘ ਹੇਰਾਂ ਦੀ ਪੱਤਰਕਾਰੀ ਦਾ ਬਿਖੜਾ ਰਾਹ ਵੀ ਉਹਨਾਂ ਲਈ ਹਮੇਸ਼ਾ ਇਕ ਨਵਾਂ ਤਜ਼ਰਬਾ ਬਣਦਾ ਰਿਹਾ ਜਿਸ ਨੂੰ ਉਹ ਸਹਿਜਤਾ ਅਤੇ ਦ੍ਰਿੜਤਾ ਨਾਲ ਆਪਣੇ ਜੀਵਨ ਅਤੇ ਲੇਖਣੀ ਦਾ ਅਟੁੱਟ ਅੰਗ ਬਣਾਉਂਦੇ ਰਹੇ। ਉਹਨਾਂ ਦੀ ਸਹਿਜਤਾ, ਨਿਡਰਤਾ, ਨਿਰਪਖਤਾ ਅਤੇ ਸਪਸ਼ਟਵਾਦਿਤਾ ਤੋਂ ਮੁਤਾਸਿਰ ਉਨਾਂ ਦੇ ਬਹੁਤ ਸਾਰੇ ਸਾਥੀ, ਸਹਿਯੋਗੀ ਅਤੇ ਅਨੁਯਾਈ ਹਮੇਸ਼ਾ ਉਹਨਾਂ ਦੇ ਅੰਗ ਸੰਗ ਰਹੇ ਅਤੇ ਅਖਬਾਰ ਨੂੰ ਕਈ ਤਰਫ ਤੋਂ ਦਰਪੇਸ਼ ਚੁਣੌਤੀਆਂ, ਦੁਸ਼ਵਾਰੀਆਂ ਤੇ ਗੱਦਾਰੀਆਂ ਦਾ ਮੁਕਾਬਲਾ ਵੀ ਹੇਰਾਂ ਸਾਬ੍ਹ ਦੀ ਤਰ੍ਹਾਂ ਸਹਿਜਤਾ ਨਾਲ ਕੀਤਾ। ਪੱਤਰਕਾਰੀ ਜੇ ਸਿਰਫ ਵਾਪਰ ਰਹੀਆਂ ਘਟਨਾਵਾਂ ਬਾਰੇ ਪਾਠਕ ਨੂੰ ਜਾਣੂ ਕਰਵਾਉਣ ਤੱਕ ਹੀ ਸੀਮਤ ਰਹਿੰਦੀ ਹੈ ਤਾਂ ਉਹ ਸਧਾਰਨ ਪੱਧਰ ਦੀ ਰਿਪੋਰਟਿੰਗ ਹੀ ਹੋ ਨਿਬੜਦੀ ਹੈ, ਪਰ ਸੱਚੀ ਪੱਤਰਕਾਰਤਾ ਪਾਠਕ ਨੂੰ ਸਮਾਜਿਕ, ਰਾਜਨੀਤਿਕ ਧਾਰਮਿਕ ਅਤੇ ਸੱਭਿਆਚਾਰਕ ਫਰੰਟ 'ਤੇ ਜਾਗਰੂਕ ਕਰਨ ਦੀ ਆਪਣੀ ਜ਼ਿੰਮੇਵਾਰੀ ਨੂੰ ਨਿਭਾਉਣ ਲਈ ਹਮੇਸ਼ਾ ਤੱਤਪਰ ਰਹਿੰਦੀ ਹੈ। ਜਿਸ ਸਮੇਂ ਸ: ਹੇਰਾਂ ਦੇ ਕਈ ਸਮਕਾਲੀ ਸਿਸਟਮ ਦੇ ਨਾਲ ਸਹਿਮਤ ਰਹਿੰਦਿਆਂ ਸਿਰਫ ਪਹਿਲੇ ਪੱਧਰ ਦੀ ਪੱਤਰਕਾਰੀ ਤੱਕ ਹੀ ਖੁਦ ਨੂੰ ਸੀਮਤ ਕਰੀ ਬੈਠੇ ਸਨ, ਸ: ਹੇਰਾਂ ਅਤੇ ਉਹਨਾਂ ਜਿਹੇ ਉਗਲਾਂ 'ਤੇ ਗਿਣਨਯੋਗ ਪੱਤਰਕਾਰ ਹੀ ਆਪਣੀ ਅਸਲ ਜਿੰਮੇਵਾਰੀ ਨਿਭਾਉਂਦੇ ਰਹੇ ਹਨ ਅਤੇ ਆਪਣੀ ਲੇਖਣੀ ਦੇ ਮਾਧਿਅਮ ਰਾਹੀਂ ਪਾਠਕਾਂ ਦੇ ਮਨ ਮਸਤਕ ਵਿੱਚ ਆਪਣੇ ਵਿਚਾਰਧਾਰਾ ਦੀ ਡੂੰਘੀ ਛਾਪ ਛੱਡਣ ਵਿੱਚ ਕਾਮਯਾਬ ਹੁੰਦੇ ਰਹੇ ਹਨ। ਸਵ: ਸਰਦਾਰ ਜਸਪਾਲ ਸਿੰਘ ਹੇਰਾਂ ਨੇ ਆਪਣੇ ਪਾਠਕਾਂ ਦੇ ਮਨ ਮਸਤਕ ਉਪਰ ਜੋ ਡੂੰਘੀ ਛਾਪ ਆਪਣੀ ਬੇਬਾਕ ਤੇ ਨਿਰਪੱਖ ਪੱਤਰਕਾਰੀ ਰਾਹੀਂ ਛੱਡੀ ਹੈ, ਉਸਦੇ ਸਦਕਾ ਸ: ਹੇਰਾਂ 'ਹੱਕ ਸੱਚ ਦਾ ਪਹਿਰੇਦਾਰ' ਬਣੇ ਅਤੇ ਅੱਜ ਇਹ ਅਖਬਾਰ ਆਪਣੇ ਸੰਸਥਾਪਕ ਦੀ ਵਿਰਾਸਤ ਨੂੰ ਅੱਗੇ ਤੋਰਦੇ ਹੋਏ ਉਹਨਾਂ ਵੱਲੋਂ ਸਥਾਪਿਤ ਅਸੂਲਾਂ, ਵਿਚਾਰਾਂ ਤੇ ਮਿਸ਼ਨ ਉਪਰ ਪਹਿਰਾ ਦਿੰਦੇ ਹੋਏ ਸੱਚੀ ਸੁੱਚੀ, ਨਿਧੜਕ ਤੇ ਨਿਰਪੱਖ ਪੱਤਰਕਾਰੀ ਦਾ ਇਤਿਹਾਸ ਲਿਖ ਰਿਹਾ ਹੈ।

- ਅਸ਼ਵਨੀ ਜੇਤਲੀ 'ਪ੍ਰੇਮ'

# ਗੁਨਜੀਤ ਰੁਚੀ ਬਾਵਾ ਨੇ 'ਨੰਨ੍ਹੇ ਕਦਮ' ਪਹਿਲਕਦਮੀ ਤਹਿਤ ਗਿਆਸਪੁਰਾ ਸਕੂਲ ਵਿੱਚ 491 ਵਿਦਿਆਰਥੀਆਂ ਨੂੰ ਬੱਚਿਆਂ ਦੇ ਅਧਿਕਾਰਾਂ ਬਾਰੇ ਕੀਤਾ ਜਾਗਰੂਕ

## ਹਰ ਬੱਚੇ ਨੂੰ ਸੁਰੱਖਿਅਤ ਤੇ ਸਨਮਾਨਜਨਕ ਸਿੱਖਿਆ ਦਾ ਹੱਕ: ਗੁਨਜੀਤ ਰੁਚੀ ਬਾਵਾ

ਜ਼ਿਕਰ ਪੰਜਾਬ

**ਲੁਧਿਆਣਾ/ਤਮੰਨਾ ਬੇਦੀ**

ਬੱਚਿਆਂ ਦੇ ਅਧਿਕਾਰਾਂ ਦੀ ਰਾਖੀ, ਸੁਰੱਖਿਆ ਅਤੇ ਉਨ੍ਹਾਂ ਦੇ ਸੰਪੂਰਨ ਵਿਕਾਸ ਨੂੰ ਉਤਸ਼ਾਹਿਤ ਕਰਨ ਦੇ ਉਦੇਸ਼ ਨਾਲ 'ਨੰਨ੍ਹੇ ਕਦਮ' ਪਹਿਲਕਦਮੀ ਤਹਿਤ ਸਰਕਾਰੀ ਹਾਈ ਸਕੂਲ, ਗਿਆਸਪੁਰਾ, ਲੁਧਿਆਣਾ ਵਿਖੇ ਇੱਕ ਵਿਸ਼ੇਸ਼ ਜਾਗਰੂਕਤਾ ਪ੍ਰੋਗਰਾਮ ਸਫਲਤਾਪੂਰਵਕ ਆਯੋਜਿਤ ਕੀਤਾ ਗਿਆ। ਇਸ ਪ੍ਰੋਗਰਾਮ ਦੀ ਅਗਵਾਈ ਪੰਜਾਬ ਬਾਲ ਅਧਿਕਾਰ ਕਮਿਸ਼ਨ ਦੀ ਵਾਈਸ ਚੇਅਰਪਰਸਨ ਗੁਨਜੀਤ ਰੁਚੀ ਬਾਵਾ ਨੇ ਕੀਤੀ। ਪ੍ਰੋਗਰਾਮ ਦੌਰਾਨ ਵਿਦਿਆਰਥੀਆਂ, ਅਧਿਆਪਕਾਂ ਅਤੇ ਸਕੂਲ ਪ੍ਰਬੰਧਕਾਂ ਨਾਲ ਇੱਕ ਇੰਟਰਐਕਟਿਵ ਸੈਸ਼ਨ ਕਰਵਾਇਆ ਗਿਆ, ਜਿਸ ਵਿੱਚ ਬੱਚਿਆਂ ਦੇ ਅਧਿਕਾਰਾਂ, ਸੁਰੱਖਿਆ ਅਤੇ ਜ਼ਿੰਮੇਵਾਰ ਨਾਗਰਿਕ ਬਣਨ ਸਬੰਧੀ ਮਹੱਤਵਪੂਰਨ ਜਾਣਕਾਰੀ ਸਾਂਝੀ ਕੀਤੀ ਗਈ। ਸੈਸ਼ਨ ਦੌਰਾਨ 491 ਵਿਦਿਆਰਥੀਆਂ ਨੂੰ ਸੰਬੋਧਨ ਕਰਦਿਆਂ ਸ੍ਰੀਮਤੀ ਗੁਨਜੀਤ ਰੁਚੀ ਬਾਵਾ ਨੇ ਕਿਹਾ ਕਿ ਹਰ ਬੱਚੇ ਨੂੰ ਸੁਰੱਖਿਅਤ, ਸਨਮਾਨਜਨਕ ਅਤੇ



ਭੇਦਭਾਵ-ਰਹਿਤ ਮਾਹੌਲ ਵਿੱਚ ਸਿੱਖਿਆ ਪ੍ਰਾਪਤ ਕਰਨ ਦਾ ਅਧਿਕਾਰ ਹੈ। ਉਨ੍ਹਾਂ ਵਿਦਿਆਰਥੀਆਂ ਨੂੰ ਆਪਣੇ ਅਧਿਕਾਰਾਂ ਪ੍ਰਤੀ ਜਾਗਰੂਕ ਰਹਿਣ, ਪੜ੍ਹਾਈ ਪ੍ਰਤੀ ਵਚਨਬੱਧ ਰਹਿਣ ਅਤੇ ਕਿਸੇ ਵੀ ਤਰ੍ਹਾਂ ਦੇ ਦੁਰਵਿਵਹਾਰ, ਵਿਤਕਰੇ, ਸ਼ੋਸ਼ਣ ਜਾਂ ਅਣਗਹਿਲੀ ਦੀ ਸਥਿਤੀ ਵਿੱਚ ਨਿਡਰ ਹੋ ਕੇ ਆਪਣੀ ਆਵਾਜ਼ ਉਠਾਉਣ ਲਈ ਪ੍ਰੇਰਿਤ ਕੀਤਾ। ਉਨ੍ਹਾਂ ਨਿੱਜੀ ਸੁਰੱਖਿਆ, ਮਾਨਸਿਕ ਅਤੇ ਭਾਵਨਾਤਮਕ ਤੰਦਰੁਸਤੀ, ਸਾਈਬਰ ਸੁਰੱਖਿਆ ਅਤੇ ਨਸ਼ਿਆਂ ਦੀ ਵਧ ਰਹੀ ਦੁਰਵਰਤੋਂ ਤੋਂ ਬਚਾਅ ਬਾਰੇ ਵੀ ਵਿਸਥਾਰ ਨਾਲ ਜਾਣਕਾਰੀ ਦਿੱਤੀ। ਪ੍ਰੋਗਰਾਮ ਦਾ ਇੱਕ ਮਹੱਤਵਪੂਰਨ ਹਿੱਸਾ ਚਾਈਲਡ ਹੈਲਪਲਾਈਨ 1098 ਸਬੰਧੀ ਜਾਗਰੂਕਤਾ ਫੈਲਾਉਣਾ ਰਿਹਾ। ਵਿਦਿਆਰਥੀਆਂ ਅਤੇ ਅਧਿਆਪਕਾਂ ਨੂੰ ਦੱਸਿਆ ਗਿਆ ਕਿ ਜੇਕਰ ਕੋਈ ਵੀ ਬੱਚਾ ਮੁਸ਼ਕਲ, ਸ਼ੋਸ਼ਣ ਜਾਂ ਅਸੁਰੱਖਿਅਤ ਸਥਿਤੀ ਵਿੱਚ ਹੋਵੇ ਤਾਂ ਉਹ ਬਿਨਾਂ ਕਿਸੇ ਡਰ ਦੇ 1098 'ਤੇ ਸੰਪਰਕ ਕਰਕੇ ਤੁਰੰਤ ਸਹਾਇਤਾ ਪ੍ਰਾਪਤ ਕਰ ਸਕਦਾ ਹੈ। ਇਸ ਤੋਂ ਇਲਾਵਾ ਅਧਿਆਪਕਾਂ ਨੂੰ ਬੱਚਿਆਂ ਦੇ ਵਿਵਹਾਰ ਅਤੇ ਭਾਵਨਾਤਮਕ ਤਬਦੀਲੀਆਂ ਨੂੰ ਸਮੇਂ ਸਿਰ ਪਛਾਣਨ ਅਤੇ ਲੋੜ ਪੈਣ 'ਤੇ ਉਨ੍ਹਾਂ ਨੂੰ ਉਚਿਤ ਸਹਾਇਤਾ ਅਤੇ ਮਾਰਗਦਰਸ਼ਨ ਪ੍ਰਦਾਨ ਕਰਨ ਲਈ ਵੀ ਸੰਵੇਦਨਸ਼ੀਲ ਬਣਾਇਆ ਗਿਆ। ਇਸ ਮੌਕੇ ਸਕੂਲ ਦੇ ਮੁੱਖ ਅਧਿਆਪਕ ਕਰਨ ਸੇਤੀਆ, ਸਮੂਹ ਅਧਿਆਪਕ ਸਟਾਫ ਅਤੇ ਹੋਰ ਪਤਵੰਤੇ ਵੀ ਹਾਜ਼ਰ ਸਨ। ਮੁੱਖ ਅਧਿਆਪਕ ਨੇ ਪੰਜਾਬ ਬਾਲ ਅਧਿਕਾਰ ਕਮਿਸ਼ਨ ਵੱਲੋਂ ਚਲਾਈ ਜਾ ਰਹੀ ਨੰਨ੍ਹੇ ਕਦਮ ਪਹਿਲਕਦਮੀ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਅਜਿਹੇ ਜਾਗਰੂਕਤਾ ਪ੍ਰੋਗਰਾਮ ਵਿਦਿਆਰਥੀਆਂ ਵਿੱਚ ਆਤਮ-ਵਿਸ਼ਵਾਸ, ਜ਼ਿੰਮੇਵਾਰੀ ਅਤੇ ਸੁਰੱਖਿਆ ਪ੍ਰਤੀ ਚੇਤਨਾ ਪੈਦਾ ਕਰਨ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਉਂਦੇ ਹਨ। ਸਮਾਜਿਕ ਸੰਸਥਾ ਆਸ ਅਹਿਸਾਸ ਐਨ.ਜੀ.ਓ. ਨੇ ਵੀ ਇਸ ਉਪਰਾਲੇ ਵਿੱਚ ਆਪਣਾ ਯੋਗਦਾਨ ਪਾਉਂਦਿਆਂ ਵਿਦਿਆਰਥੀਆਂ ਨੂੰ ਸਟੇਸ਼ਨਰੀ ਕਿੱਟਾਂ ਵੰਡੀਆਂ ਅਤੇ ਉਨ੍ਹਾਂ ਨੂੰ ਸਿੱਖਿਆ ਪ੍ਰਤੀ ਹੋਰ ਪ੍ਰੇਰਿਤ ਕੀਤਾ। ਪ੍ਰੋਗਰਾਮ ਦਾ ਸਮਾਪਨ ਇਸ ਸਾਂਝੇ ਸੰਕਲਪ ਨਾਲ ਕੀਤਾ ਗਿਆ ਕਿ ਹਰ ਬੱਚੇ ਲਈ ਇੱਕ ਅਜਿਹਾ ਸੁਰੱਖਿਅਤ, ਸਮਾਵੇਸ਼ੀ ਅਤੇ ਸਸ਼ਕਤੀਕਰਨ ਵਾਲਾ ਮਾਹੌਲ ਯਕੀਨੀ ਬਣਾਇਆ ਜਾਵੇ, ਜਿੱਥੇ ਉਹ ਆਪਣੇ ਅਧਿਕਾਰਾਂ ਪ੍ਰਤੀ ਜਾਗਰੂਕ ਹੋ ਕੇ ਮਾਣ, ਸੁਰੱਖਿਆ ਅਤੇ ਵਿਸ਼ਵਾਸ ਨਾਲ ਸਿੱਖ ਸਕੇ, ਅੱਗੇ ਵਧ ਸਕੇ ਅਤੇ ਆਪਣੇ ਸੁਪਨਿਆਂ ਨੂੰ ਸਾਕਾਰ ਕਰ ਸਕੇ।

# ਐਨਆਈਟੀਟੀਟੀਆਰ ਚੰਡੀਗੜ੍ਹ ਨੇ ਐਨਆਈਟੀ ਮਨੀਪੁਰ ਦੇ ਫੈਕਲਟੀ ਮੈਂਬਰਾਂ ਲਈ ਪੰਜ ਦਿਨਾਂ ਸਮਰੱਥਾ ਨਿਰਮਾਣ ਪ੍ਰੋਗਰਾਮ ਦਾ ਆਯੋਜਨ ਕੀਤਾ



ਜ਼ਿਕਰ ਪੰਜਾਬ

**ਚੰਡੀਗੜ੍ਹ/ਪੱਤਰ ਸੂਚਨਾ ਬਿਊਰੋ**

ਨੈਸ਼ਨਲ ਇੰਸਟੀਚਿਊਟ ਆਫ਼ ਟੈਕਨੀਕਲ ਟੀਚਰਜ਼ ਟ?ਰੇਨਿੰਗ ਐਂਡ ਰਿਸਰਚ, ਚੰਡੀਗੜ੍ਹ ਨੇ 15 ਤੋਂ 19 ਜੁਲਾਈ, 2026 ਤੱਕ ਆਪਣੇ ਸੈਂਟਰ ਆਫ਼ ਐਕਸੀਲੈਂਸ ਵਿਖੇ ਨੈਸ਼ਨਲ ਇੰਸਟੀਚਿਊਟ ਆਫ਼ ਟੈਕਨਾਲੋਜੀ ਮਨੀਪੁਰ ਦੇ ਫੈਕਲਟੀ ਮੈਂਬਰਾਂ ਲਈ ਫੈਕਲਟੀ ਐਕਸੀਲੈਂਸ, ਕੁਆਲਿਟੀ ਅਸ਼ੋਰੈਂਸ, ਅਤੇ ਇੰਸਟੀਚਿਊਸ਼ਨਲ ਟ੍ਰਾਂਸਫਾਰਮੇਸ਼ਨ ਇਨ ਟੈਕਨੀਕਲ ਐਜੂਕੇਸ਼ਨ 'ਤੇ ਪੰਜ ਦਿਨਾਂ ਸਮਰੱਥਾ ਨਿਰਮਾਣ ਸਿਖਲਾਈ ਪ੍ਰੋਗਰਾਮ ਦਾ ਸਫਲਤਾਪੂਰਵਕ ਆਯੋਜਨ ਕੀਤਾ। ਪ੍ਰੋਗਰਾਮ ਦੀ ਸ਼ੁਰੂਆਤ ਇੱਕ ਉਦਘਾਟਨੀ ਸੈਸ਼ਨ ਅਤੇ ਸਮਝੌਤਾ ਪੱਤਰ ਤੇ ਦਸਤਖਤ ਨਾਲ ਹੋਈ। ਇਹ ਸਮਝੌਤਾ ਦੋਵਾਂ ਸੰਸਥਾਵਾਂ ਵਿਚਕਾਰ ਲੰਬੇ ਸਮੇਂ ਦੇ ਅਕਾਦਮਿਕ ਸਹਿਯੋਗ, ਫੈਕਲਟੀ ਵਿਕਾਸ, ਸੰਯੁਕਤ ਖੋਜ, ਪਾਠਕ੍ਰਮ ਨਵੀਨਤਾ ਅਤੇ ਸੰਸਥਾਗਤ ਸਮਰੱਥਾ ਨਿਰਮਾਣ ਨੂੰ ਨਵਾਂ ਹੁਲਾਰਾ ਪ੍ਰਦਾਨ ਕਰੇਗਾ। ਭਾਗੀਆਂ ਅਤੇ ਮਹਿਮਾਨਾਂ ਦਾ ਸਵਾਗਤ ਕਰਦੇ ਹੋਏ ਡਾਇਰੈਕਟਰ, ਪ੍ਰੋ. (ਡਾ.) ਬੀ.ਆਰ. ਗੁਰਜਰ ਨੇ ਕਿਹਾ ਕਿ ਵਿਸ਼ਵ ਪੱਧਰ 'ਤੇ ਮੁਕਾਬਲੇ ਵਾਲੀਆਂ ਵਿਦਿਅਕ ਸੰਸਥਾਵਾਂ ਬਣਾਉਣ ਲਈ ਫੈਕਲਟੀ ਦਾ ਨਿਰੰਤਰ ਪੇਸ਼ੇਵਰ ਵਿਕਾਸ ਜ਼ਰੂਰੀ ਹੈ। ਪ੍ਰੋਗਰਾਮ ਦੇ ਮੁੱਖ ਮਹਿਮਾਨ, ਪ੍ਰੋਫੈਸਰ ਡੀ.ਪੀ. ਅਗਰਵਾਲ, ਸਾਬਕਾ ਚੇਅਰਮੈਨ, ਯੂਨੀਅਨ ਪਬਲਿਕ ਸਰਵਿਸ ਕਮਿਸ਼ਨ, ਭਾਰਤ ਸਰਕਾਰ, ਨੇ ਉੱਚ ਸਿੱਖਿਆ ਵਿੱਚ ਗੁਣਵੱਤਾ, ਨਵੀਨਤਾ ਅਤੇ ਲੀਡਰਸ਼ਿਪ ਦੀ ਜ਼ਰੂਰਤ 'ਤੇ ਜ਼ੋਰ ਦਿੱਤਾ। ਮਹਿਮਾਨ ਵਜੋਂ, ਪ੍ਰੋਫੈਸਰ ਅਨਿਲ ਕੁਮਾਰ ਤ੍ਰਿਪਾਠੀ, ਡਾਇਰੈਕਟਰ, ਇੰਡੀਅਨ ਇੰਸਟੀਚਿਊਟ ਆਫ਼ ਸਾਇੰਸ ਐਜੂਕੇਸ਼ਨ ਐਂਡ ਰਿਸਰਚ (ਆਈ ਆਈ ਐਸ ਈ ਆਰ), ਮੋਹਾਲੀ ਨੇ ਅੰਤਰ-ਅਨੁਸ਼ਾਸਨੀ ਸਿੱਖਿਆ ਅਤੇ ਖੋਜ-ਅਧਾਰਤ ਸਿੱਖਿਆ ਦੇ ਮਹੱਤਵ ਨੂੰ ਉਜਾਗਰ ਕੀਤਾ।

ਪ੍ਰੋਫੈਸਰ ਡੀ. ਵੀ. ਐਲ. ਐਨ. ਸੋਮਯਾਜੁਲੂ, ਡਾਇਰੈਕਟਰ, ਐਨਆਈਟੀ ਮਨੀਪੁਰ, ਨੇ ਇਸ ਪਹਿਲਕਦਮੀ ਦੀ ਸ਼ਲਾਘਾ ਕੀਤੀ ਅਤੇ ਵਿਸ਼ਵਾਸ ਪ੍ਰਗਟ ਕੀਤਾ ਕਿ ਇਹ ਸਿਖਲਾਈ ਪ੍ਰੋਗਰਾਮ ਫੈਕਲਟੀ ਮੈਂਬਰਾਂ ਨੂੰ ਨਵੀਨਤਾਕਾਰੀ ਸਿੱਖਿਆ ਵਿਧੀਆਂ, ਤਕਨੀਕੀ ਯੋਗਤਾਵਾਂ ਅਤੇ ਲੀਡਰਸ਼ਿਪ ਹੁਨਰਾਂ ਨਾਲ ਸਸ਼ਕਤ ਬਣਾਏਗਾ, ਜਿਸ ਨਾਲ ਉਹ ਅਕਾਦਮਿਕ ਉੱਤਮਤਾ ਵਿੱਚ ਵਧੇਰੇ ਪ੍ਰਭਾਵਸ਼ਾਲੀ ਢੰਗ ਨਾਲ ਯੋਗਦਾਨ ਪਾ ਸਕਣਗੇ। ਪ੍ਰੋਗਰਾਮ ਦਾ ਤਾਲਮੇਲ ਡਾ. ਮੀਨਾਕਸ਼ੀ ਸੂਦ, ਐਨ ਆਈ ਟੀ ਟੀ ਆਰ, ਚੰਡੀਗੜ੍ਹ ਦੁਆਰਾ ਕੀਤਾ ਗਿਆ ਸੀ। ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਅੱਜ, ਅਧਿਆਪਕ ਨਾ ਸਿਰਫ਼ ਗਿਆਨ ਪ੍ਰਦਾਨ ਕਰ ਰਹੇ ਹਨ ਬਲਕਿ ਨਵੀਨਤਾਕਾਰਾਂ, ਸਲਾਹਕਾਰਾਂ, ਖੋਜਕਰਤਾਵਾਂ ਅਤੇ ਅਕਾਦਮਿਕ ਨੇਤਾਵਾਂ ਦੀ ਭੂਮਿਕਾ ਵੀ ਨਿਭਾ ਰਹੇ ਹਨ। ਇਸ ਲਈ, ਬਦਲਦੇ ਵਿਦਿਅਕ ਵਾਤਾਵਰਣ ਦੇ ਅਨੁਕੂਲ ਹੋਣ ਲਈ ਫੈਕਲਟੀ ਮੈਂਬਰਾਂ ਦਾ ਨਿਰੰਤਰ ਸਮਰੱਥਾ ਵਿਕਾਸ ਬਹੁਤ ਜ਼ਰੂਰੀ ਹੈ। ਸਮਾਪਤੀ ਸੈਸ਼ਨ ਨੇ ਪੰਜ ਦਿਨਾਂ ਦੀ ਸਿਖਲਾਈ ਦੌਰਾਨ ਪ੍ਰਾਪਤ ਅਧਿਆਪਨ ਅਨੁਭਵਾਂ, ਭਾਗੀਦਾਰਾਂ ਦੇ ਫੀਡਬੈਕ ਅਤੇ ਸਿੱਖਣ ਦੇ ਨਤੀਜਿਆਂ ਦੀ ਸਮੀਖਿਆ ਕੀਤੀ। ਇਸ ਮੌਕੇ 'ਤੇ ਵਿਭਾ ਦੇ ਰਾਸ਼ਟਰੀ ਸੰਗਠਨ ਸਕੱਤਰ ਡਾ. ਸ਼ਿਵ ਕੁਮਾਰ ਸ਼ਰਮਾ ਵਿਸ਼ੇਸ਼ ਤੌਰ 'ਤੇ ਮੌਜੂਦ ਸਨ। ਭਾਗੀਦਾਰਾਂ ਨੇ ਪ੍ਰੋਗਰਾਮ ਦੀ ਸਮੱਗਰੀ, ਵਿਹਾਰਕ ਉਪਯੋਗਤਾ ਅਤੇ ਬਹੁ-ਅਨੁਸ਼ਾਸਨੀ ਪਹੁੰਚ ਦੀ ਸ਼ਲਾਘਾ ਕੀਤੀ ਅਤੇ ਵਿਸ਼ਵਾਸ ਪ੍ਰਗਟ ਕੀਤਾ ਕਿ ਉਹ ਆਪਣੇ-ਆਪਣੇ ਵਿਭਾਗਾਂ ਅਤੇ ਸੰਸਥਾਵਾਂ ਵਿੱਚ ਪ੍ਰਾਪਤ ਕੀਤੇ ਗਿਆਨ ਅਤੇ ਹੁਨਰਾਂ ਦੀ ਪ੍ਰਭਾਵਸ਼ਾਲੀ ਢੰਗ ਨਾਲ ਵਰਤੋਂ ਕਰਨਗੇ।

ਪ੍ਰੋਗਰਾਮ ਬਹੁਤ ਹੀ ਸਕਾਰਾਤਮਕ ਢੰਗ ਨਾਲ ਸਮਾਪਤ ਹੋਇਆ। ਇਸ ਮੌਕੇ 'ਤੇ, ਦੋਵਾਂ ਸੰਸਥਾਵਾਂ ਨੇ ਭਵਿੱਖ ਲਈ ਤਕਨੀਕੀ ਸਿੱਖਿਆ ਵਿੱਚ ਫੈਕਲਟੀ ਵਿਕਾਸ, ਸੰਸਥਾਗਤ ਉੱਤਮਤਾ ਅਤੇ ਗੁਣਵੱਤਾ ਵਧਾਉਣ ਦੇ ਖੇਤਰਾਂ ਵਿੱਚ ਮਿਲ ਕੇ ਕੰਮ ਕਰਨ ਦੀ ਆਪਣੀ ਵਚਨਬੱਧਤਾ ਨੂੰ ਦੁਹਰਾਇਆ। ਇਹ ਸਿਖਲਾਈ ਪ੍ਰੋਗਰਾਮ ਭਵਿੱਖ ਲਈ ਸਮਰੱਥ, ਨਵੀਨਤਾਕਾਰੀ ਅਤੇ ਵਿਸ਼ਵ ਪੱਧਰ 'ਤੇ ਸੋਚ ਵਾਲੇ ਅਧਿਆਪਕਾਂ ਨੂੰ ਵਿਕਸਤ ਕਰਨ ਵੱਲ ਇੱਕ ਮਹੱਤਵਪੂਰਨ ਪਹਿਲਕਦਮੀ ਸਾਬਤ ਹੋਇਆ।

# ਸਾਵਨ ਕ੍ਰਿਪਾਲ ਰੂਹਾਨੀ ਮਿਸ਼ਨ ਦੀ ਲੁਧਿਆਣਾ ਸ਼ਾਖਾ ਨੇ ਮੁਫ਼ਤ ਮੈਡੀਕਲ ਚੈੱਕਅੱਪ ਕੈਂਪ ਦਾ ਆਯੋਜਨ ਕੀਤਾ

ਜ਼ਿਕਰ ਪੰਜਾਬ

**ਲੁਧਿਆਣਾ/ਰਵੀ ਭਾਟੀਆ**

ਐਸਪੀਐਸ ਹਸਪਤਾਲ ਦੇ ਸਹਿਯੋਗ ਨਾਲ, ਸਾਵਨ ਕ੍ਰਿਪਾਲ ਰੂਹਾਨੀ ਮਿਸ਼ਨ ਦੀ ਲੁਧਿਆਣਾ ਸ਼ਾਖਾ, ਕ੍ਰਿਪਾਲ ਆਸ਼ਰਮ ਵਿਖੇ 64-ਰਾਖ ਬਾਗ ਵਿਖੇ ਇੱਕ ਮੁਫ਼ਤ ਮੈਡੀਕਲ ਚੈੱਕਅੱਪ ਕੈਂਪ ਲਗਾਇਆ ਗਿਆ। ਸੈਂਕੜੇ ਮਰੀਜ਼ਾਂ ਨੂੰ ਮੁਫ਼ਤ ਜਨਰਲ ਦਵਾਈ, ਅੱਖਾਂ ਦਾ ਇਲਾਜ, ਆਰਥੋਪੈਡਿਕਸ ਅਤੇ ਫਿਜ਼ੀਓਥੈਰੇਪੀ ਸੇਵਾਵਾਂ ਪ੍ਰਦਾਨ ਕੀਤੀਆਂ ਗਈਆਂ। ਡਾ. ਇੰਦਰਜੀਤ ਸਿੰਘ, ਡਾ. ਪਿਆਰਾ ਸਿੰਘ ਅਤੇ ਡਾ. ਚੇਤਨ ਸ਼ਰਮਾ ਨੇ ਆਪਣੀ ਟੀਮ ਦੇ ਨਾਲ ਕੈਂਪ ਵਿੱਚ ਆਏ ਸੈਂਕੜੇ ਲੋਕਾਂ ਦੀ ਜਾਂਚ ਕੀਤੀ ਅਤੇ ਲੋੜਵੰਦਾਂ ਨੂੰ ਮੁਫ਼ਤ ਦਵਾਈਆਂ ਦਿੱਤੀਆਂ। ਇਸ ਤੋਂ ਇਲਾਵਾ, ਕੈਂਪ ਵਿੱਚ ਆਏ ਮਰੀਜ਼ਾਂ ਦੇ ਮੁਫ਼ਤ ਬਲੱਡ



ਪ੍ਰੈਸ਼ਰ, ਬਲੱਡ ਸ਼ੂਗਰ, ਈਸੀਜੀ ਅਤੇ ਬੀਐਮਡੀ ਟੈਸਟ ਵੀ ਕੀਤੇ ਗਏ। ਡਾ. ਦੀਪਿਕਾ ਸ਼ਰਮਾ ਨੇ ਹੱਡੀਆਂ, ਜੋੜਾਂ, ਗਰਦਨ, ਪਿੱਠ ਦਰਦ, ਨਿਊਰੋਲੋਜੀਕਲ ਅਤੇ ਹੋਰ ਸਰੀਰਕ ਸਮੱਸਿਆਵਾਂ ਤੋਂ ਪੀੜਤ ਮਰੀਜ਼ਾਂ ਦੀ ਜਾਂਚ ਅਤੇ ਇਲਾਜ ਵੀ ਕੀਤਾ। ਮਰੀਜ਼ਾਂ ਨੂੰ ਕਸਰਤ, ਸਹੀ ਆਸਣ ਅਤੇ ਦਰਦ ਤੋਂ ਰਾਹਤ ਬਾਰੇ ਵੀ ਜਾਣਕਾਰੀ ਦਿੱਤੀ ਗਈ। ਕੈਂਪ ਵਿੱਚ ਸ਼ਾਮਲ ਡਾਕਟਰਾਂ ਨੇ ਮਰੀਜ਼ਾਂ ਨੂੰ ਆਧੁਨਿਕ ਜੀਵਨ ਵਿੱਚ ਚੰਗੀ ਸਿਹਤ ਬਣਾਈ ਰੱਖਣ ਲਈ ਮਹੱਤਵਪੂਰਨ ਖੁਰਾਕ ਦਿਸ਼ਾ-ਨਿਰਦੇਸ਼ ਅਤੇ ਖੁਰਾਕ ਸੰਬੰਧੀ ਪਾਬੰਦੀਆਂ ਪ੍ਰਦਾਨ ਕੀਤੀਆਂ, ਇਹ ਦੱਸਦੇ ਹੋਏ ਕਿ ਅਸੀਂ ਛੋਟੀਆਂ-ਛੋਟੀਆਂ ਗੱਲਾਂ ਵੱਲ ਧਿਆਨ ਦੇ ਕੇ ਆਪਣੀ ਸਿਹਤ ਦੀ ਰੱਖਿਆ ਕਿਵੇਂ ਕਰ ਸਕਦੇ ਹਾਂ। ਡਾਕਟਰਾਂ ਨੇ ਮਰੀਜ਼ਾਂ ਨੂੰ ਫਾਸਟ ਫੂਡ ਅਤੇ ਜੰਕ ਫੂਡ ਤੋਂ ਬਚਣ ਅਤੇ ਘਰ ਵਿੱਚ ਬਣੇ ਭੋਜਨ ਹੀ ਖਾਣ ਦੀ ਸਲਾਹ ਦਿੱਤੀ, ਕਿਉਂਕਿ ਇਹ ਚੰਗੀ ਸਿਹਤ ਵਿੱਚ ਯੋਗਦਾਨ ਪਾਉਂਦਾ ਹੈ। ਉਨ੍ਹਾਂ ਨੇ ਅੱਗੇ ਜ਼ੋਰ ਦਿੱਤਾ ਕਿ ਜੇਕਰ ਤੁਸੀਂ ਬਿਮਾਰੀ ਤੋਂ ਬਚਣਾ ਚਾਹੁੰਦੇ ਹੋ, ਤਾਂ ਤੁਹਾਨੂੰ ਹਰ ਸਵੇਰ ਕਸਰਤ ਕਰਨੀ ਚਾਹੀਦੀ ਹੈ। ਇਸ ਤੋਂ ਇਲਾਵਾ, ਆਪਣੇ ਵਿਅਸਤ ਸਮਾਂ-ਸਾਰਣੀ ਅਤੇ ਤਣਾਅ ਨੂੰ ਘਟਾਓ; ਕੇਵਲ ਤਦ ਹੀ ਤੁਸੀਂ ਇੱਕ ਸਿਹਤਮੰਦ ਜੀਵਨ ਜੀ ਸਕਦੇ ਹੋ। ਕੈਂਪ ਦੇ ਅੰਤ ਵਿੱਚ, ਸਾਰੇ ਭੈਣ-ਭਰਾਵਾਂ ਨੂੰ ਗੁਰੂ ਕਾ ਲੰਗਰ ਛਕਾਇਆ ਗਿਆ। ਕ੍ਰਿਪਾਲ ਆਸ਼ਰਮ, ਲੁਧਿਆਣਾ ਦੇ ਸਕੱਤਰ ਨਿਰਮਲ ਸਿੰਘ ਭਾਟੀਆ ਅਤੇ ਪ੍ਰਧਾਨ ਗੁਰਦਰਸ਼ਨ ਸਿੰਘ ਨੇ ਦੱਸਿਆ ਕਿ ਸਾਵਣ ਕ੍ਰਿਪਾਲ ਰੂਹਾਨੀ ਮਿਸ਼ਨ, 64-ਰਾਖ ਬਾਗ, ਲੁਧਿਆਣਾ ਵਿਖੇ ਸਥਿਤ, ਕਈ ਤਰ੍ਹਾਂ ਦੇ ਕਿੱਤਾਮੁਖੀ ਕੋਰਸ ਪੇਸ਼ ਕਰਦਾ ਹੈ, ਜਿਸ ਵਿੱਚ ਟੇਲਰਿੰਗ ਅਤੇ ਕਢਾਈ ਕੋਰਸ, ਕੰਪਿਊਟਰ ਕੋਰਸ, ਬਿਊਟੀਸ਼ੀਅਨ ਕੋਰਸ ਅਤੇ ਫੈਸ਼ਨ ਡਿਜ਼ਾਈਨਿੰਗ ਸ਼ਾਮਲ ਹਨ।

# ਸੀ.ਈ.ਓ. ਨੇ ਐਸ.ਬੀ.ਐਸ. ਨਗਰ ਦੇ ਚੋਣ ਅਮਲੇ ਦੇ ਯਤਨਾਂ ਦੀ ਕੀਤੀ ਸ਼ਲਾਘਾ

ਜ਼ਿਕਰ ਪੰਜਾਬ

**ਚੰਡੀਗੜ੍ਹ** : ਮੁੱਖ ਚੋਣ ਅਫਸਰ, ਪੰਜਾਬ ਸ੍ਰੀਮਤੀ ਅਨਿੰਦਿਤਾ ਮਿਤਰਾ ਨੇ ਸ਼ਹੀਦ ਭਗਤ ਸਿੰਘ ਨਗਰ ਜ਼ਿਲ੍ਹਾ ਦੇ ਬਲਾਚੌਰ ਵਿਧਾਨ ਸਭਾ ਹਲਕੇ ਦੇ ਚੋਣ ਅਮਲੇ ਨੂੰ ਸਪੈਸ਼ਲ ਇੰਟੈਂਸਿਵ ਰਿਵੀਜ਼ਨ-2026 ਦੌਰਾਨ ਘਰੋਂ-ਘਰੀਂ ਗਣਨਾ ਪੜਾਅ ਤਹਿਤ ਨਿਰਧਾਰਤ ਸਮਾਂ-ਸੀਮਾਵਾਂ ਤੋਂ ਪਹਿਲਾਂ ਹੀ ਗਣਨਾ ਫਾਰਮਾਂ ਦੇ 100 ਫ਼ੀਸਦੀ



ਡਿਜੀਟਾਈਜ਼ੇਸ਼ਨ ਦੇ ਕੰਮ ਨੂੰ ਮੁਕੰਮਲ ਕਰਨ ਲਈ ਵਧਾਈ ਦਿੱਤੀ। ਜ਼ਿਲ੍ਹਾ ਚੋਣ ਅਧਿਕਾਰੀ, ਈਆਰਓ, ਏਈਆਰਓਜ਼ ਅਤੇ ਬੀਐਲਓਜ਼ ਦੇ ਯਤਨਾਂ ਦੀ ਸ਼ਲਾਘਾ ਕਰਦਿਆਂ ਸ੍ਰੀਮਤੀ ਮਿਤਰਾ ਨੇ ਕਿਹਾ ਕਿ ਇਹ ਮੀਲ ਪੱਥਰ ਪੂਰੇ ਸਮਰਪਣ ਅਤੇ ਮਿਸ਼ਨ-ਮੋਡ ਵਿੱਚ ਕੀਤੇ ਜਾ ਰਹੇ ਕੰਮ ਨੂੰ ਦਰਸਾਉਂਦਾ ਹੈ। ਉਨ੍ਹਾਂ ਕਿਹਾ ਕਿ ਬਲਾਚੌਰ ਦੀ ਸਫਲਤਾ ਸੂਬੇ ਦੇ ਹੋਰ ਹਲਕਿਆਂ ਲਈ ਇੱਕ ਮਾਡਲ ਵਜੋਂ ਕੰਮ ਕਰੇਗੀ। ਉਨ੍ਹਾਂ ਆਸ ਪ੍ਰਗਟਾਈ ਕਿ ਸਾਰੇ ਜ਼ਿਲ੍ਹੇ ਨਿਰਧਾਰਤ ਸਮਾਂ-ਸੀਮਾ ਦੇ ਅੰਦਰ ਡਿਜੀਟਾਈਜ਼ੇਸ਼ਨ ਦਾ ਕੰਮ ਮੁਕੰਮਲ ਕਰ ਲੈਣਗੇ। ਉਨ੍ਹਾਂ ਪੰਜਾਬ ਦੇ ਵੋਟਰਾਂ ਨੂੰ ਵੀ ਅਪੀਲ ਕੀਤੀ ਜਿਨ੍ਹਾਂ ਨੇ ਅਜੇ ਤੱਕ ਆਪਣੇ ਬੀਐਲਓ ਕੋਲ ਗਣਨਾ ਫਾਰਮ ਜਮ੍ਹਾ ਨਹੀਂ ਕਰਵਾਏ, ਉਹ ਵੋਟਰ ਸੂਚੀਆਂ ਦੇ ਖਰੜੇ ਵਿੱਚ ਆਪਣੇ ਨਾਮ ਦਰਜ ਕਰਵਾਉਣ ਲਈ ਜਲਦ ਤੋਂ ਜਲਦ ਗਣਨਾ ਫਾਰਮ ਬੀਐਲਓ ਕੋਲ ਜਮ੍ਹਾ ਕਰਵਾਉਣ।

# ਲੁਧਿਆਣਾ ਜ਼ਿਲ੍ਹੇ ਵਿੱਚ ਐੱਸ.ਆਈ.ਆਰ.-2026 ਤਹਿਤ ਪੋਲਿੰਗ ਬੂਥਾਂ 'ਤੇ ਲੱਗੇ ਵਿਸ਼ੇਸ਼ ਕੈਂਪਾਂ ਨੂੰ ਮਿਲਿਆ ਭਰਵਾਂ ਹੁੰਗਾਰਾ: ਜ਼ਿਲ੍ਹਾ ਚੋਣ ਅਫ਼ਸਰ

ਜ਼ਿਕਰ ਪੰਜਾਬ

**ਲੁਧਿਆਣਾ/ਰਵੀ ਭਾਟੀਆ**

ਜ਼ਿਲ੍ਹਾ ਚੋਣ ਅਫ਼ਸਰ-ਕਮ-ਡਿਪਟੀ ਕਮਿਸ਼ਨਰ ਲੁਧਿਆਣਾ ਸ੍ਰੀ ਹਿਮਾਂਸ਼ੂ ਜੈਨ ਨੇ ਦੱਸਿਆ ਕਿ ਭਾਰਤ ਚੋਣ ਕਮਿਸ਼ਨ ਦੀਆਂ ਹਦਾਇਤਾਂ ਅਨੁਸਾਰ ਚੱਲ ਰਹੀ ਸਪੈਸ਼ਲ ਇੰਟੈਂਸਿਵ ਰਿਵੀਜ਼ਨ (ਐੱਸ. ਆਈ. ਆਰ.)-2026 ਮੁਹਿੰਮ ਤਹਿਤ ਐਤਵਾਰ ਨੂੰ ਲੁਧਿਆਣਾ ਜ਼ਿਲ੍ਹੇ ਦੇ ਸਮੂਹ ਪੋਲਿੰਗ ਬੂਥਾਂ ਤੇ ਵਿਸ਼ੇਸ਼ ਕੈਂਪ ਲਗਾਏ ਗਏ। ਕੈਂਪਾਂ ਦੌਰਾਨ ਬੂਥ ਪੱਧਰੀ ਅਧਿਕਾਰੀ (ਬੀ.ਐਲ.ਓ.) ਆਪਣੇ-ਆਪਣੇ ਪੋਲਿੰਗ ਬੂਥਾਂ ਤੇ ਹਾਜ਼ਰ ਰਹੇ ਅਤੇ ਵੋਟਰਾਂ ਨੂੰ ਗਣਨਾ ਫਾਰਮ ਭਰਨ, ਲੋੜੀਂਦੇ ਦਸਤਾਵੇਜ਼ ਜਮ੍ਹਾਂ ਕਰਵਾਉਣ ਅਤੇ ਡਿਜੀਟਾਈਜ਼ੇਸ਼ਨ ਸਬੰਧੀ ਹਰ ਤਰ੍ਹਾਂ ਦੀ ਸਹਾਇਤਾ ਪ੍ਰਦਾਨ ਕੀਤੀ। ਉਨ੍ਹਾਂ ਦੱਸਿਆ ਕਿ ਜ਼ਿਲ੍ਹੇ ਭਰ ਵਿੱਚ ਲੱਗੇ ਇਨ੍ਹਾਂ ਵਿਸ਼ੇਸ਼ ਕੈਂਪਾਂ ਨੂੰ ਲੋਕਾਂ ਵੱਲੋਂ ਚੰਗਾ ਹੁੰਗਾਰਾ ਮਿਲਿਆ ਅਤੇ ਵੱਡੀ ਗਿਣਤੀ ਵਿੱਚ ਯੋਗ ਵੋਟਰਾਂ ਨੇ



ਆਪਣੇ ਗਣਨਾ ਫਾਰਮ ਭਰ ਕੇ ਜਮ?ਹਾਂ ਕਰਵਾਏ। ਜਿਨ੍ਹਾਂ ਬੂਥਾਂ ਤੇ ਡਿਜੀਟਾਈਜ਼ੇਸ਼ਨ ਦਾ ਕੰਮ ਬਾਕੀ ਸੀ, ਉੱਥੇ ਫਾਰਮਾਂ ਦੀ ਡਿਜੀਟਾਈਜ਼ੇਸ਼ਨ ਅਤੇ ਇਕੱਤਰਤਾ ਦਾ ਕੰਮ ਤੇਜ਼ੀ ਨਾਲ ਕੀਤਾ ਗਿਆ, ਜਦਕਿ ਹੋਰ ਬੂਥਾਂ ਤੇ ਦਸਤਾਵੇਜ਼ਾਂ ਦੀ ਜਾਂਚ ਅਤੇ ਤਰੁੱਟੀਆਂ ਦੂਰ ਕਰਨ ਦਾ ਕੰਮ ਜਾਰੀ ਰਿਹਾ। ਜ਼ਿਲ੍ਹਾ ਚੋਣ ਅਫ਼ਸਰ ਨੇ ਕਿਹਾ ਕਿ ਐੱਸ.ਆਈ.ਆਰ. ਤਹਿਤ ਘਰ-ਘਰ ਸਰਵੇ ਅਤੇ ਗਣਨਾ ਫਾਰਮ ਇਕੱਤਰ ਕਰਨ ਦਾ ਕੰਮ 3 ਅਗਸਤ 2026 ਤੱਕ ਜਾਰੀ ਰਹੇਗਾ। ਉਨ੍ਹਾਂ ਸਮੂਹ ਯੋਗ ਵੋਟਰਾਂ ਨੂੰ ਅਪੀਲ ਕੀਤੀ ਕਿ ਜੇਕਰ ਕਿਸੇ ਨੇ ਹਾਲੇ ਤੱਕ ਆਪਣਾ ਗਣਨਾ ਫਾਰਮ ਜਮ?ਹਾਂ ਨਹੀਂ ਕਰਵਾਇਆ ਤਾਂ ਉਹ ਆਪਣੇ ਬੀ.ਐਲ.ਓ. ਨਾਲ ਸੰਪਰਕ ਕਰਕੇ ਜਾਂ ਨਜ਼ਦੀਕੀ ਪੋਲਿੰਗ ਬੂਥ ਰਾਹੀਂ ਲੋੜੀਂਦੇ ਦਸਤਾਵੇਜ਼ ਸਮੇਤ ਫਾਰਮ ਜਮ੍ਹਾਂ ਕਰਵਾਉਣ ਤਾਂ ਜੋ ਵੋਟਰ ਸੂਚੀ ਦੀ ਵਿਸ਼ੇਸ਼ ਗਹਿਰੀ ਸੁਧਾਈ ਦਾ ਕੰਮ ਸਮੇਂ ਸਿਰ ਮੁਕੰਮਲ ਕੀਤਾ ਜਾ ਸਕੇ।

## .ਗ਼ਜ਼ਲ

ਤੇਰਾ ਇਨਕਾਰ ਵਾਜਿਬ ਹੈ, ਮੇਰਾ ਇਸਰਾਰ ਵਾਜਿਬ ਹੈ।
ਕਿ ਦੋ ਮੁਖ਼ਤਲਿਫ਼ ਲਫ਼ਜ਼ਾਂ ਦੀ ਤਕਰਾਰ ਵਾਜਿਬ ਹੈ।

ਮੇਰੀ ਜ਼ਿੱਦ ਵਾਂਗ, ਮੇਰੇ ਹਾਲਾਤ ਵੀ ਮਾਰਨ 'ਤੇ ਆਏ ਨੇ,
ਮੈਂ ਝੱਲ ਜਾਵਾਂਗਾ ਇਸਨੂੰ ਵੀ, ਵਕਤ ਦੀ ਮਾਰ ਵਾਜਿਬ ਹੈ।

ਐ ਕਾਸ਼! ਤੇਰੇ ਮਨ ਵਿਚ ਜਗਣ, ਜਜ਼ਬਾਤ ਦੇ ਜੁਗਨੂੰ,
ਉਹੀ ਦੱਸਣਗੇ ਫ਼ਿਰ ਤੈਨੂੰ, ਕਿ ਮੇਰਾ ਪਿਆਰ ਵਾਜਿਬ ਹੈ।

ਰੰਜ ਦਿਲ ਦਾ ਕਿਵੇਂ ਜ਼ਾਹਿਰ ਕਰਾਂ, ਅਲਫ਼ਾਜ਼ ਨਾ ਲੱਭਣ,
ਤੇ ਤੇਰਾ ਹੁਨਰ ਉਮਦਾ ਹੈ, ਤੇਰੀ ਗੁਫ਼ਤਾਰ ਵਾਜਿਬ ਹੈ।

ਗ਼ਮਾਂ ਦੇ ਜ਼ਲਜ਼ਲੇ ਆਏ ਨੇ ਜਿਸ ਰਫ਼ਤਾਰ ਨਾ' ਯਾਰੋ,
ਹੁਣ ਤਾਂ ਜਾਪਦੈ ਜੀਕਣ ਕਿ ਹਰ ਰਫ਼ਤਾਰ ਵਾਜਿਬ ਹੈ।

ਮੁਹੱਬਤ ਦੀ ਮਹਿਕ ਵੰਡੇ ਜੋ, ਉਹ ਗੁਲਜ਼ਾਰ ਵਾਜਿਬ ਹੈ।
ਤੇ ਜੋ ਰੂਹ ਨੂੰ ਜੋ ਕਰੇ ਸਰਸ਼ਾਰ, ਉਹ ਦੀਦਾਰ ਵਾਜਿਬ ਹੈ।

ਜੇ ਛੁਪਿਆ ਹੈ ਤੇਰੀ ਹੀ ਆਸਤੀਨ ਅੰਦਰ ਸਪੋਲਾ, ਤਾਂ
ਫੇਹ ਦੇਣਾ ਸਿਰੀ ਉਸਦੀ, ਮੇਰੇ ਅਨੁਸਾਰ, ਵਾਜਿਬ ਹੈ।

ਓਧਰ ਵੀ ਇਹੀ ਭਾਸ਼ਾ, ਤੇ ਏਧਰ ਵੀ ਉਹੀ ਬੋਲੀ,
ਦਿਲ ਇਕੋ ਜਿਹੇ ਨੇ, ਫੇਰ, ਕੀ ਦੀਵਾਰ ਵਾਜਿਬ ਹੈ?

ਨਹੀਂ ਵਾਜਿਬ ਕੋਈ ਵੀ ਵਣਜ ਏਥੇ 'ਪ੍ਰੇਮ' ਤੋਂ ਬਿਨਾ,
ਕਿ ਇਸ ਜੱਗ 'ਤੇ ਮੁਹੱਬਤ ਦਾ ਹੀ ਕਾਰੋਬਾਰ ਵਾਜਿਬ ਹੈ।

-ਅਸ਼ਵਨੀ ਜੇਤਲੀ ਪ੍ਰੇਮ




# ਹਥਿਆਰ ਤਸਕਰੀ ਕਰਨ ਵਾਲੇ ਗੈਂਗ ਦਾ ਕੀਤਾ ਪਰਦਾਫਾਸ਼; ਨਾਬਾਲਗ ਸਮੇਤ ਪੰਜ ਗ੍ਰਿਫ਼ਤਾਰ

ਜ਼ਿਕਰ ਪੰਜਾਬ

**ਫਾਇਜਲਕਾ** : 2 ਕਿੱਲੋ ਤੋਂ ਵੱਧ ਹੈਰੋਇਨ ਬਰਾਮਦ ਕਰਨ ਦੇ ਇੱਕ ਦਿਨ ਬਾਅਦ, ਫਾਜ਼ਿਲਕਾ ਪੁਲੀਸ ਨੇ ਐਤਵਾਰ ਨੂੰ ਇੱਕ ਨਾਬਾਲਗ ਸਮੇਤ ਪੰਜ ਵਿਅਕਤੀਆਂ ਨੂੰ ਗ੍ਰਿਫ਼ਤਾਰ ਕਰਕੇ ਇੱਕ ਕਥਿਤ ਹਥਿਆਰ ਤਸਕਰੀ ਕਰਨ ਵਾਲੇ ਗੈਂਗ ਦਾ ਪਰਦਾਫਾਸ਼ ਕਰਨ ਦਾ ਦਾਅਵਾ ਕੀਤਾ ਹੈ। ਪੁਲੀਸ ਨੇ ਉਨ੍ਹਾਂ ਦੇ ਕਬਜ਼ੇ ਵਿੱਚੋਂ ਤਿੰਨ ਗੈਰ-ਕਾਨੂੰਨੀ ਪਿਸਤੌਲ, ਛੇ ਮੈਗਜ਼ੀਨ, ਚਾਰ ਜ਼ਿੰਦਾ ਕਾਰਤੂਸ, ਦੋ ਤੇਜ਼ਧਾਰ ਹਥਿਆਰ, 760 ਗ੍ਰਾਮ ਹੈਰੋਇਨ ਅਤੇ 2.5 ਲੱਖ ਰੁਪਏ ਨਕਦ ਬਰਾਮਦ ਕੀਤੇ ਹਨ। ਫਾਜ਼ਿਲਕਾ ਦੇ ਐੱਸ ਐੱਸ ਪੀ ਗਗਨ ਅਜੀਤ ਸਿੰਘ ਨੇ ਦੱਸਿਆ ਕਿ ਇੱਕ ਗੁਪਤ ਸੂਚਨਾ ਦੇ ਆਧਾਰ 'ਤੇ ਕਾਰਵਾਈ ਕਰਦੇ ਹੋਏ, ਥਾਣਾ ਸਦਰ ਜਲਾਲਾਬਾਦ ਦੀ ਪੁਲੀਸ ਟੀਮ ਨੇ ਜਲਾਲਾਬਾਦ ਸਬ-ਡਿਵੀਜ਼ਨ ਦੇ ਪਿੰਡ ਟਿਵਾਣਾ ਕਲਾਂ ਨੇੜੇ ਇੱਕ ਸੁੰਨਸਾਨ ਪਈ ਰਾਈਸ ਮਿੱਲ (ਚੌਲਾਂ ਦੇ ਸ਼ੈਲਰ) ਵਿੱਚ ਛਾਪੇਮਾਰੀ ਕੀਤੀ। ਪੁਲੀਸ ਨੇ ਇੱਕ ਨਾਬਾਲਗ ਸਮੇਤ ਪੰਜ ਵਿਅਕਤੀਆਂ ਨੂੰ ਕਾਬੂ ਕੀਤਾ ਹੈ, ਜੋ ਕਥਿਤ ਤੌਰ 'ਤੇ ਝਪਟਮਾਰੀ (ਸਨੈਚਿੰਗ) ਅਤੇ ਹੋਰ ਅਪਰਾਧਾਂ ਨੂੰ ਅੰਜਾਮ ਦੇਣ ਦੀ ਯੋਜਨਾ ਬਣਾ ਰਹੇ ਸੀ। ਮੁਲਜ਼ਮਾਂ ਦੀ ਪਛਾਣ ਅਮਨ ਕੁਮਾਰ, ਬੂੜ ਸਿੰਘ ਅਤੇ ਅਰਸ਼ਦੀਪ ਸਿੰਘ (ਤਿੰਨੋਂ ਪਿੰਡ ਟਿਵਾਣਾ ਕਲਾਂ ਦੇ ਰਹਿਣ ਵਾਲੇ) ਅਤੇ ਕਰਨ (ਵਾਸੀ ਜਲਾਲਾਬਾਦ ਸ਼ਹਿਰ) ਵਜੋਂ ਹੋਈ ਹੈ। ਨਾਬਾਲਗ ਦੀ ਪਛਾਣ ਦਾ ਖੁਲਾਸਾ ਨਹੀਂ ਕੀਤਾ ਗਿਆ ਹੈ। ਜਾਂਚ ਦੌਰਾਨ ਪਤਾ ਲੱਗਿਆ ਹੈ ਕਿ ਅਮਨ ਕੁਮਾਰ ਪਹਿਲਾਂ ਹੀ ਛੇ ਅਪਰਾਧਿਕ ਮਾਮਲਿਆਂ ਦਾ ਸਾਹਮਣਾ ਕਰ ਰਿਹਾ ਹੈ। ਐੱਸ ਐੱਸ ਪੀ ਨੇ ਦੱਸਿਆ ਕਿ ਦੋ ਕਥਿਤ ਸਪਲਾਇਰਾਂ, ਪਿੰਡ ਮੁਹੰਮਦੇਵਾਲਾ ਦੇ ਪਰਮਜੀਤ ਸਿੰਘ ਅਤੇ ਸਾਜਨ ਸਿੰਘ ਨੂੰ ਵੀ ਐੱਫ ਆਈ ਆਰ ਵਿੱਚ ਨਾਮਜ਼ਦ ਕੀਤਾ ਗਿਆ ਹੈ। ਉਨ੍ਹਾਂ ਦੱਸਿਆ ਕਿ ਸਾਜਨ ਸਿੰਘ ਪਹਿਲਾਂ ਹੀ ਅਸਲਾ ਐਕਟ ਸਮੇਤ ਸੱਤ ਅਪਰਾਧਿਕ ਮਾਮਲਿਆਂ ਦਾ ਸਾਹਮਣਾ ਕਰ ਰਿਹਾ ਹੈ ਅਤੇ ਇਸ ਵੇਲੇ ਕੇਂਦਰੀ ਜੇਲ੍ਹ, ਫਰੀਦਕੋਟ ਵਿੱਚ ਬੰਦ ਹੈ। ਗੈਰ-ਕਾਨੂੰਨੀ ਹਥਿਆਰਾਂ ਅਤੇ ਨਸ਼ੀਲੇ ਪਦਾਰਥਾਂ ਦੇ ਸਰੋਤ ਦਾ ਪਤਾ ਲਗਾਉਣ ਅਤੇ ਇਸ ਨੈੱਟਵਰਕ ਦੇ ਹੋਰ ਮੈਂਬਰਾਂ ਦੀ ਪਛਾਣ ਕਰਨ ਲਈ ਅਗਲੇਰੀ ਜਾਂਚ ਜਾਰੀ ਹੈ।

ਅਸ਼ਵਨੀ ਜੇਤਲੀ ਮਾਲਕ, ਐਡੀਟਰ/ਪ੍ਰਿੰਟਰ ਤੇ ਪਬਲਿਸ਼ਰ ਨੇ ਰੋਟਰੀ ਪ੍ਰਿੰਟਰਜ਼ ਤੋਂ ਛਪਵਾ ਕੇ ਦਫ਼ਤਰ ਜ਼ਿਕਰ ਪੰਜਾਬ (ਸਪਤਾਹਿਕ) 7, ਮਾਨਕ ਇਨਕਲੇਵ, ਧਾਂਦਰਾ ਰੋਡ, ਲੁਧਿਆਣਾ ਤੋਂ ਪ੍ਰਕਾਸ਼ਿਤ ਕੀਤਾ।
Published, Printed & Owned by Ashwani Jaitly Published at 7, Manak Enclave, Dhandra Road, Ludhiana, Punjab State Printed at Rotary Printers, Kot Almgir, Ludhiana, Punjab State Editor- Ashwani Jaitly